36ਵਾਂ ਵਰ੍ਹਾ

ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼


ਤਰਕਸ਼ੀਲ

TARKSHEEL

ਨਵੰਬਰ-ਦਸੰਬਰ 2021



ਮੋਟਾਪਾ (9)



ਮੰਗਲ 'ਤੇ ਮਨੁੱਖ ਦੀ ਅਗਲੀ ਪੈੜ (18)



ਇਤਿਹਾਸ ਨੂੰ ਬਦਲਣ ਦੀ ਕੋਝੀ ਚਾਲ (29)



₹20

ਯਾਦਗਾਰ ਗ਼ਦਰ ਪਾਰਟੀ ਦੇ ਬਾਨੀ ਆਗੂ
ਬਾਬਾ ਸੋਹਨ ਸਿੰਘ ਭਕਨਾ

ਅਗਿਆਨਤਾ ਉਹ ਜ਼ਮੀਨ ਹੈ ਜਿਸ ਵਿੱਚ ਕਰਾਮਾਤਾਂ ਲਈ ਯਕੀਨ ਉੱਗਦਾ ਹੈ। ...ਰੌਬਰਟ ਜੀ ਇੰਗਰਸੋਲ

ਦੇਸ਼ ਭਗਤਾਂ ਦੇ ਬੋਲ

ਫਲ ਕਿਰਤ ਦਾ ਏ, ਜਿਹੜੀ ਰਿਹਾ ਤੂੰ ਕਰ
ਕਿਰਤ ਕਮਾਈ ਸ਼ਾਹ ਬਾਦਸ਼ਾਹ ਖੋਹ ਲੈਂਦੇ
ਏਸੇ ਵਾਸਤੇ ਦੁਖੜੇ ਰਿਹਾ ਤੂੰ ਜਰ।
ਜੇਕਰ ਦਿਨ ਆਜ਼ਾਦੀ ਦੇ ਦੇਖਣੇ ਨੇ,
ਸਾਡੇ ਵਾਸਤੇ ਇੱਕ ਹੀ ਰਾਹ ਲੋਕੋ।
ਖਾਤਰ ਕੌਮ ਤੇ ਵਤਨ ਦੇ ਇੱਕ ਹੋਵੋ,
ਇੱਕ ਦੂਜੇ ਦੇ ਹੋਵੋ ਹਮਰਾਹ ਲੋਕੋ।
ਇੱਕ ਵਤਨ ਸਾਡਾ, ਇੱਕ ਕੌਮ ਸਾਡੀ,
ਇੱਕ ਕਿਸਤੀ ਤੇ ਇੱਕ ਮਲਾਹ ਲੋਕੋ।
ਅਸੀਂ ਇੱਕ ਹਾਂ, ਇੱਕ ਹੀ ਖ਼ੂਨ ਸਾਡਾ,
ਹੋਣੀ ਕਬਰ ਤੇ ਇੱਕ ਸੁਆਹ ਲੋਕੋ।
ਜਾਤ ਪਾਤ ਨਹੀਂ, ਛੂਤ ਛਾਤ ਨਹੀਂ,
ਹਮ ਤੋ ਹਿੰਦੋਸਤਾਨੀ ਹੈਂ।
ਨਾ ਹਮ ਜੈਨੀ, ਨਾ ਆਰੀਏ,
ਨਾ ਹਮ ਬੋਧ ਸਮਾਜੀ ਹੈਂ।
ਨਾ ਹਮ ਸੰਖ ਵਜਾਵਨ ਵਾਲੇ,
ਨਾ ਹਮ ਬਾਂਗ ਨਮਾਜੀ ਹੈਂ।
ਹਿੰਦੋਸਤਾਨ ਹੈ ਵਤਨ ਹਮਾਰਾ,
ਇਸ ਪਰ ਹਮ ਕੁਰਬਾਨੀ ਹੈਂ।
ਜਾਤ ਪਾਤ ਨਹੀਂ, ਛੂਤ ਛਾਤ ਨਹੀਂ,
ਹਮ ਤੋ ਹਿੰਦੋਸਤਾਨੀ ਹੈਂ।
ਮਜ਼੍ਹਬਾਂ ਦੇ ਪੱਖ ਰੱਖ ਛੱਡਿਓ ਸੰਦੂਕ ਵਿੱਚ
ਦੇਸ਼ 'ਚ ਵਜਾ ਦਿਓ ਨਗਾਰਾ ਏਕ ਭਾਈ ਦਾ
ਆਖਿਓ ਵੰਗਾਰਕੇ, ਨਾ ਰੱਖਿਓ ਲਿਹਾਜ ਕੋਈ
ਹੁਣ ਸਾਨੂੰ ਰਾਜ ਧੱਕੇਸਾਹੀ ਦਾ ਨਾ ਚਾਹੀਦਾ।
ਉੱਠੋ ਕਿਰਤੀਓ! ਅੱਖਾਂ ਖੋਲ੍ਹ ਦੇਖੋ,
ਤੁਹਾਨੂੰ ਸੁੱਤਿਆਂ ਨੂੰ ਕਈ ਸਾਲ ਹੋ ਗਏ।
ਖ਼ੂਨ ਚੂਸੀ ਜਾਂਦੇ ਪੂੰਜੀਦਾਰ ਸਾਡਾ,
ਅਸੀਂ ਵੀਰਨੋ ਬਹੁਤ ਕੰਗਾਲ ਹੋ ਗਏ।
ਜੰਮਦੇ ਮਿੱਟੀ ਨੂੰ ਪੁੱਟਦੇ ਹੋਣ ਮਿੱਟੀ
ਜੇ ਕਰਨ ਨਾ ਤਾਂ ਦੱਸੋ ਖਾਣ ਕੈਸੇ?
'ਸਾਂਝੀਵਾਲਤਾ' ਰਾਜ ਸੰਸਾਰ ਬਾਝੋਂ
ਰਿਹਾਈ ਦੁੱਖਾਂ ਤੋਂ ਪਾਉਣ ਜਵਾਨ ਕੈਸੇ?

('ਕਿਰਤੀ ਕਾਵਿ' ਚੋਂ :
ਸੰਪਾਦਕ: ਅਮੋਲਕ ਸਿੰਘ)



ਵਿਸ਼ਵਾਸੀ
ਚਿੰਤਕ ਨਹੀਂ ਹੁੰਦਾ ਤੇ
ਚਿੰਤਕ ਵਿਸ਼ਵਾਸੀ ਨਹੀਂ।
- ਮੈਰੀਐਨ ਨੋਇਲ ਸ਼ਰਮਨ

ਮੁੱਖ ਸੰਪਾਦਕ
ਬਲਬੀਰ ਲੌਂਗੋਵਾਲ
98153 17028

ਸੰਪਾਦਕੀ ਬੋਰਡ
ਰਾਮ ਸਵਰਨ ਲੱਖੇਵਾਲੀ
ਜਸਵੰਤ ਮੋਹਾਲੀ
ਪਾਲ ਬਾਗਪੁਰ
ਸੁਖਦੇਵ ਧੂਰੀ
ਸੁਖਦੇਵ ਫਗਵਾੜਾ
ਭੁਪਿੰਦਰ ਫੌਜੀ

ਮੁੱਖ ਸੰਪਾਦਕ
balbirlongowal1966@gmail.com

ਮੁੱਖ ਪ੍ਰਬੰਧਕ
ਸੁਖਵਿੰਦਰ ਬਾਗਪੁਰ (94174 27538)

ਸਰਵਰਕ : ਹਰਪ੍ਰੀਤ 'ਰੂਬੀ'

ਵਿਦੇਸ਼ੀ ਪ੍ਰਤੀਨਿਧ
ਅਵਤਾਰ ਗਿੱਲ, ਕੈਨੇਡਾ
ਅੱਛਰ ਸਿੰਘ ਖਰਲਵੀਰ, ਕਵੈਂਟਰੀ (ਇੰਗਲੈਂਡ)
(+44-748-635-1185)
ਮਾ. ਭਜਨ ਸਿੰਘ ਕੈਨੇਡਾ
ਬਲਦੇਵ ਰਹਿਪਾ, ਟਰਾਂਟੋ

ਸਲਾਨਾ: 100 ਰੁਪਏ
ਵਿਦੇਸ਼: 25 ਯੂ. ਐਸ. ਡਾਲਰ

ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234
IFSC : PUNB0004400

ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :
ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਂਕ, ਬਰਨਾਲਾ-148101 (ਪੰਜਾਬ)
ਫੋਨ : 01679-241466

ਹੇਮ ਰਾਜ ਸਟੈਨੋ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫ਼ੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਅੱਪੂ ਆਰਟ ਪ੍ਰੈੱਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।

ਤਰਤੀਬ

ਕੰਪੋਜ਼ਿੰਗ/ਸੈਟਿੰਗ : ਹਰਪ੍ਰੀਤ 'ਰੂਬੀ'


ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ (ਚੰਡੀਗੜ੍ਹ) ਮਿਤੀ 17 ਜਨਵਰੀ 1994 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।

ਸੰਪਾਦਕੀ

ਗ਼ਦਰ ਲਹਿਰ ਨੇ ਸ਼ਾਨਾਮੱਤੀਆਂ - ਸ਼ਹਾਦਤਾਂ ਦੀ ਲੜੀ ਨਾਲ ਭਾਰਤ ਦੇ ਕ੍ਰਾਂਤੀਕਾਰੀ ਇਤਿਹਾਸ ਵਿੱਚ ਸੂਹੇ ਪੰਨੇ ਅੰਕਿਤ ਕੀਤੇ, ਅਤੇ ਲਗਾਤਾਰ ਖ਼ੂਨ ਡੋਲ੍ਹਕੇ ਇਹਨਾਂ ਨੂੰ ਹੋਰ ਗੂੜ੍ਹੇ ਕੀਤਾ। ਇੱਕ ਨਵੰਬਰ 1913 ਦਾ ਦਿਨ ਇਸ ਦੇ ਅਖ਼ਬਾਰ 'ਗ਼ਦਰ' ਦੇ ਪਹਿਲੇ ਅੰਕ ਦੇ ਪ੍ਰਕਾਸ਼ਿਤ ਹੋਣ ਦਾ ਦਿਨ ਹੈ। ਵਿਦੇਸ਼ੀ ਧਰਤੀ ਤੋਂ ਭਾਰਤ 'ਤੇ ਰਾਜ ਕਰਦੀ ਜਾਬਰ ਬਰਤਾਨਵੀ ਹਕੂਮਤ ਨੂੰ ਹਥਿਆਰਬੰਦ ਬਗਾਵਤ ਰਾਹੀਂ ਖਤਮ ਕਰਨ ਦਾ ਹੋਕਾ ਦੇਣ ਦਾ ਦਿਨ ਹੈ। 1857 ਦੇ ਗ਼ਦਰ ਦੀ ਵਿਰਾਸਤ ਨੂੰ ਹੋਰ ਤੇਜ ਗਤੀ ਨਾਲ ਅੱਗੇ ਤੋਰਣ ਦਾ ਦਿਨ ਹੈ। ਆਜ਼ਾਦੀ, ਜਮਹੂਰੀਅਤ, ਬਰਾਬਰੀ, ਧਰਮ ਨਿਰਪੇਖਤਾ, ਗ਼ਦਰੀਆਂ ਦਾ ਸਾਨੂੰ ਖ਼ੂਨ ਨਾਲ ਸਿੰਜ ਕੇ ਦਿੱਤਾ ਪੈਗਾਮ ਹੈ। ਇਤਿਹਾਸ ਹਮੇਸ਼ਾ ਅਗਵਾਈ ਦਿੰਦਾ ਹੈ। ਅੱਜ ਇਹਨਾਂ ਸੰਕਲਪਾਂ 'ਤੇ ਵੱਡੇ ਸਵਾਲੀਆ ਚਿੰਨ੍ਹ ਹਨ। ਧਰਮ ਨੂੰ ਸੱਤਾ ਵੱਲੋਂ ਆਪਣੀ ਉਮਰ ਲੰਮੇਰੀ ਕਰਨ ਲਈ ਬਹੁਤ ਬੇਸ਼ਰਮੀ ਨਾਲ ਵਰਤਿਆ ਜਾ ਰਿਹਾ ਹੈ। ਸਵੇਰ ਤੋਂ ਸ਼ਾਮ ਤੱਕ ਖ਼ੂਨ-ਪਸੀਨਾ ਵਹਾ ਕੇ ਰੋਜੀ-ਰੋਟੀ ਲਈ ਸੰਘਰਸ਼ ਕਰਨ ਵਾਲਾ ਕਿਰਤੀ ਆਪਣੇ ਬੱਚਿਆਂ ਨੂੰ ਦੋ ਡੰਗ ਦੀ ਰੱਜਵੀਂ ਰੋਟੀ ਦੇਣ ਤੋਂ ਆਤੁਰ ਹੈ, ਵਧੀਆ ਸਿੱਖਿਆ ਅਤੇ ਸਿਹਤ ਸਹੂਲਤਾਂ ਤਾਂ ਕਿਤੇ ਦੂਰ ਦੀ ਗੱਲ ਨੇ। ਅੰਬਾਨੀਆਂ, ਅਡਾਨੀਆਂ, ਹੋਰ ਵੱਡੇ ਕਾਰਪੋਰੇਟਾਂ ਦੇ ਮੁਨਾਫ਼ੇ ਲੱਖਾਂ-ਕਰੋੜਾਂ ਨੂੰ ਪਿੱਛੇ ਛੱਡ ਕੇ ਅਰਬਾਂ-ਖਰਬਾਂ ਵੱਲ ਉਡਾਰੀ ਭਰ ਗਏ। ਕਿੱਥੇ ਹੈ ਬਰਾਬਰੀ ਦੀ ਗੱਲ ? ਕੀ ਇਸ 'ਆਜ਼ਾਦੀ' ਲਈ ਸਾਡੇ ਗ਼ਦਰੀ ਬਾਬਿਆਂ ਨੇ, ਬੱਬਰ-ਅਕਾਲੀਆਂ ਨੇ, ਭਗਤ-ਸਰਾਭਿਆਂ ਨੇ, ਪਰਜਾ ਮੰਡਲੀਆਂ ਨੇ ਸ਼ਹਾਦਤਾਂ ਦਿੱਤੀਆਂ ਸਨ ? ਅੰਗਰੇਜ਼ਾਂ ਦੀ ਗੁਲਾਮੀ ਖਿਲਾਫ਼ ਲੜਦਿਆਂ ਕਾਲੇ-ਪਾਣੀਆਂ 'ਚ ਸੜਣ ਵਾਲੇ ਬਾਬਾ ਸੋਹਨ ਸਿੰਘ ਭਕਨਾ ਵਰਗੇ ਜਾਂਬਾਂਜਾਂ ਨੂੰ ਤਾਂ 1947 ਤੋਂ ਬਾਅਦ ਦੀਆਂ ਸਰਕਾਰਾਂ ਦੀਆਂ ਜੇਲ੍ਹਾਂ 'ਚ ਵੀ ਸੜਣਾ ਪਿਆ। ਬਾਬਾ ਬੂਝਾ ਸਿੰਘ ਨੂੰ ਝੂਠੇ ਪੁਲਿਸ ਮੁਕਾਬਲੇ 'ਚ ਮਰਨਾ ਪਿਆ। 1947 ਆਜ਼ਾਦੀ ਨਹੀਂ, ਧਰਮ ਦੇ ਨਾਮ 'ਤੇ ਲੋਕਾਂ ਦੇ ਕੀਤੇ ਕਤਲੇਆਮ ਦਾ ਪ੍ਰਤੀਕ ਹੈ, ਇੱਕ ਧਰਮ ਦੇ ਗੁੰਡਿਆਂ ਵੱਲੋਂ ਦੂਜੇ ਧਰਮ ਦੀਆਂ ਬਹੁ-ਬੇਟੀਆਂ ਨਾਲ ਕੀਤੇ ਗਏ ਬਲਾਤਕਾਰਾਂ ਦਾ ਪ੍ਰਤੀਕ ਹੈ। ਜਮਹੂਰੀਅਤ ? ਸਮਾਜ 'ਚ ਹਾਸ਼ੀਏ ਤੋਂ ਬਾਹਰ ਧੱਕੇ ਲੋਕਾਂ ਦੀ ਗੱਲ ਕਰਨ ਵਾਲੇ ਬੁੱਧੀਜੀਵੀ, 'ਦੇਸ਼-ਧ੍ਰੋਹੀ' ਦੇ ਲੇਬਲ ਹੇਠ ਜੇਲ੍ਹਾਂ ਦਾ 'ਸ਼ਿੰਗਾਰ' ਹਨ। ਹਿੰਦੂਤਵੀ ਫਾਸ਼ੀਵਾਦ ਫਿਰਕਾਪ੍ਰਸਤੀ ਦਾ ਨੰਗਾ ਨਾਚ ਨੱਚ ਰਿਹਾ ਹੈ। ਸੱਤਾ ਦੀ ਸ਼ਹਿ 'ਤੇ ਕਾਤਲ, ਬਲਾਤਕਾਰੀ 'ਪਿਤਾਵਾਂ', 'ਬਾਪੂਆਂ', 'ਸਾਧਾਂ-ਸੰਤਾਂ' ਦੇ ਸਾਮਰਾਜ ਹੋਰ ਵਧ ਫੁੱਲ ਰਹੇ ਨੇ। ਲੋਕ ਅੱਗੇ ਆ ਕੇ ਭਾਵੇਂ ਉਹਨਾਂ ਨੂੰ ਨੰਗਾ ਵੀ ਕਰ ਰਹੇ ਨੇ, ਪਰ ਸੱਤਾ ਦਾ ਪ੍ਰਚਾਰ ਲੋਕਾਂ ਦੀ ਸ਼ਰਧਾ, ਧਰਮ, ਕਿਸਮਤ, ਅਗਲੇ-ਪਿਛਲੇ ਜਨਮਾਂ-ਕਰਮਾਂ, ਜੂਨੀਆਂ, ਸਵਰਗਾਂ ਨਰਕਾਂ 'ਚ ਬਣਾਈ ਰੱਖਣ ਲਈ ਹਰ ਅੱਡੀ ਚੋਟੀ ਦਾ ਜੋਰ ਲਾ ਰਿਹਾ। 'ਕਿਸਮਤ' (ਜ਼ਿੰਦਗੀ ਦੀਆਂ ਹਾਲਤਾਂ) ਕੋਈ ਵਿਊ ਮਾਤਾ ਨਹੀਂ ਲਿਖਦੀ, ਭਾਰਤ ਦੀ ਪਾਰਲੀਮੈਂਟ 'ਚ ਲਿਖੀ ਜਾਂਦੀ ਹੈ, ਰਾਜਾਂ ਦੀਆਂ ਵਿਧਾਨ ਸਭਾਵਾਂ 'ਚ ਲਿਖੀ ਜਾਂਦੀ ਹੈ। ਆਓ ਲੋਕ ਮਨਾਂ 'ਚੋਂ ਕਿਸਮਤਵਾਦ ਦਾ ਜਾਲਾ ਹਟਾ ਕੇ ਵਿਗਿਆਨਕ ਸੋਝੀ ਦਾ ਦੀਪ ਜਲਾਈਏ, ਆਓ ਲੁਟੇਰਿਆਂ ਦੀ ਪਛਾਣ ਕਰਾਈਏ, ਧਾਰਮਿਕ ਸਥਾਨਾਂ 'ਤੇ ਗੋਡੇ ਘਸਾਉਣ ਦੀ ਥਾਂ ਸੰਘਰਸ਼ਾਂ ਦੇ ਰਾਹ ਪਾਈਏ, ਇਹੋ ਸਾਡਾ ਗ਼ਦਰੀ ਬਾਬਿਆਂ ਨੂੰ, ਗ਼ਦਰੀ ਸ਼ਹੀਦਾਂ ਨੂੰ ਸਹੀ ਅਰਥਾਂ 'ਚ ਯਾਦ ਕਰਨਾ ਹੈ।

ਮੁਲਾਕਾਤ

ਜਿੱਥੇ ਵੀ ਧਰਮ, ਜਾਤੀਵਾਦ ਹੁੰਦਾ ਹੈ, ਉੱਥੇ ਮਨੁੱਖਤਾ ਦੀ ਵੰਡ ਹੁੰਦੀ ਹੈ - ਇਰਫ਼ਾਨ ਹਬੀਬ



ਇਰਫ਼ਾਨ ਹਬੀਬ ਭਾਰਤ ਦੇ ਉੱਘੇ ਇਤਿਹਾਸਕਾਰ ਹਨ। A people's history of India, Essays in Indian history, India & Iran, Medieval India, Akbar and his India, The Agrarian system of Mughal India, Domesticating modern science etc. ਵਰਗੀਆਂ ਵਿਸ਼ਵ-ਪ੍ਰਸਿੱਧ ਕਿਤਾਬਾਂ ਦੇ ਉਹ ਲੇਖਕ ਹਨ। ਧਰਮ ਨਿਰਪੇਖਤਾ ਦੇ ਮੁੱਦੇ 'ਤੇ ਸੁਪਰੀਮ ਕੋਰਟ ਦੇ ਆਏ ਤਾਜਾ ਫੈਸਲੇ ਦੇ ਸੰਦਰਭ ਵਿੱਚ ਅਦਾਰਾ 'ਸਮਯਾਂਤਰ' ਹਿੰਦੀ ਮੈਗਜ਼ੀਨ ਸਤੰਬਰ 2021 ਵੱਲੋਂ ਛਾਪੀ ਉਹਨਾਂ ਨਾਲ ਨਰੇਨ ਸਿੰਘ ਰਾਵ ਵੱਲੋਂ ਕੀਤੀ ਮੁਲਾਕਾਤ 'ਤਰਕਸ਼ੀਲ' ਦੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ। - ਸੰਪਾਦਕ

? ਧਰਮ ਨਿਰਪੇਖਤਾ ਦੇ ਵਿਚਾਰ ਨੂੰ ਤੁਸੀਂ ਕਿਵੇਂ ਵੇਖਦੇ ਹੋ

-ਦੁਨੀਆਂ ਦੇ ਸੰਦਰਭ ਵਿੱਚ ਧਰਮ-ਨਿਰਪੇਖਤਾ ਦਾ ਇੱਕ ਵੱਖ ਮਤਲਬ ਹੈ ਅਤੇ ਭਾਰਤ ਦੀ ਸੁਪਰੀਮ ਕੋਰਟ ਨੇ ਜਿਵੇਂ ਮੰਨਿਆ ਹੈ, ਉਹ ਵੱਖ ਹੈ। ਜਿੱਥੋਂ ਤੱਕ ਦੁਨੀਆਂ ਵਿੱਚ ਧਰਮ-ਨਿਰਪੇਖਤਾ ਦਾ ਤਾਲੁੱਕ ਹੈ, ਇਹ ਫ੍ਰਾਂਸ ਦੀ ਕ੍ਰਾਂਤੀ ਵਿੱਚੋਂ ਨਿਕਲੀ ਸੀ। ਜਾਰਜ ਜੈਕਬ ਹੋਲਿਓਕ ਨੇ 1851 ਵਿੱਚ ਧਰਮ ਨਿਰਪੇਖਤਾ ਨੂੰ ਇਹ ਸੋਚ ਕੇ ਪ੍ਰੀਭਾਸ਼ਤ ਕੀਤਾ ਕਿ ਇਸ ਜੀਵਨ ਵਿੱਚ ਜੋ ਵੀ ਕੰਮ ਕੀਤੇ ਜਾਣ, ਉਹ ਇਨਸਾਨ ਦੇ ਭਲੇ ਲਈ ਹੋਣ। ਇਸ ਲਈ ਨਹੀਂ ਕਿ ਅਗਲੇ ਜੀਵਨ ਵਿੱਚ 'ਭਗਵਾਨ' ਸਾਨੂੰ ਲਾਭ ਦੇਵੇ। ਧਰਮ ਨਿਰਪੇਖਤਾ ਦਾ ਇਹ ਅਰਥ ਹੈ ਕਿ ਰਾਜ (ਸਟੇਟ) ਸਿੱਖਿਆ ਅਤੇ ਹੋਰ ਸਮਾਜਿਕ ਕੰਮਾਂ ਨੂੰ ਅੰਜ਼ਾਮ ਦੇਵੇ। ਇਸ ਵਿੱਚ ਇਹ ਜ਼ਰਾ ਵੀ ਮਤਲਬ ਨਾ ਹੋਵੇ ਕਿ ਧਰਮ ਕੀ ਕਹਿੰਦਾ ਹੈ। ਸਗੋਂ ਇਹ ਵੇਖਿਆ ਜਾਵੇ ਕਿ ਇਨਸਾਨ ਲਈ ਕਿਹੜੀ ਚੀਜ਼ ਬਿਹਤਰ ਹੈ। ਜਿਵੇਂ ਮਰਦ ਅਤੇ ਔਰਤ ਵਿੱਚ ਬਰਾਬਰੀ ਹੋਣੀ ਚਾਹੀਦੀ ਹੈ, ਜੋ ਕਿ ਦੁਨੀਆਂ ਦੇ ਕਿਸੇ ਵੀ ਧਰਮ ਵਿੱਚ ਨਹੀਂ ਹੈ। ਇੱਥੇ ਸਿੱਖਿਆ ਵਿੱਚ ਧਰਮ ਦਾ ਕੋਈ ਦਖ਼ਲ ਨਾ ਹੋਵੇ। ਭਾਵ ਧਰਮ ਨਿਰਪੇਖਤਾ ਦਾ ਅਰਥ ਹੈ- ਰਾਜ ਨੂੰ ਧਰਮ ਤੋਂ ਪੂਰੀ ਤਰ੍ਹਾਂ ਵੱਖ ਕਰ ਦਿੱਤਾ ਜਾਵੇ। ਜੇ ਤੁਸੀਂ ਜਵਾਹਰ ਲਾਲ ਨਹਿਰੂ ਦੀ ਜੀਵਨੀ ਪੜ੍ਹੋਗੇ ਤਾਂ ਉਹਨਾਂ ਦੀ ਵੀ ਇਹੀ ਵਿਚਾਰ ਸੀ। ਪਰ ਰਾਧਾ ਕ੍ਰਿਸ਼ਨਨ ਨੇ ਆਪਣੀ ਕਿਤਾਬ "ਰਿਕਵਰੀ ਆਫ਼ ਫੇਥ" ਵਿੱਚ ਲਿਖਿਆ ਕਿ ਭਾਰਤ ਵਿੱਚ ਧਰਮ ਨਿਰਪੇਖਤਾ ਦਾ ਤੁਸੱਵਰ ਬਿਲਕੁਲ ਵੱਖ ਹੋਣਾ ਚਾਹੀਦਾ, ਇੱਥੇ ਇਹ ਹੋਣਾ ਚਾਹੀਦਾ ਕਿ ਸਾਰੇ ਧਰਮ ਬਰਾਬਰ ਹੋਣ। ਅਸੀਂ ਹਿੰਦੁਸਤਾਨੀ ਇਹ ਨਾ ਮੰਨੀਏ ਕਿ ਰੱਬ ਦਾ ਕੋਈ ਰੂਪ ਨਹੀਂ ਹੈ ਅਤੇ ਅਸੀਂ ਅਦਿੱਖ ਸ਼ਕਤੀ ਵਿੱਚ ਵੀ ਵਿਸ਼ਵਾਸ ਰੱਖੀਏ। ਸੁਪਰੀਮ ਕੋਰਟ ਨੇ ਇਸ ਨੂੰ ਮੰਨ ਲਿਆ। ਮੇਰੇ ਵਿਚਾਰ ਅਨੁਸਾਰ ਇਹ ਬਹੁਤ ਗਲ਼ਤ ਫੈਸਲਾ ਹੈ ਕਿਉਂਕਿ ਧਰਮ ਨਿਰਪੇਖਤਾ ਦਾ ਤਾਂ ਉਹੀ ਮਤਲਬ ਹੋਣਾ ਚਾਹੀਦਾ ਜਿਸ ਨੂੰ ਦੁਨੀਆਂ ਭਰ ਦੀਆਂ ਅਦਾਲਤਾਂ ਅਤੇ ਰਾਜਨੀਤਕ ਦਾਰਸ਼ਨਿਕਾਂ ਨੇ ਮੰਨਿਆ ਹੈ।

? ਇਸਦੇ ਮੱਦੇਨਜ਼ਰ ਕੀ ਅਸੀਂ ਭਾਰਤ ਨੂੰ ਇੱਕ ਧਰਮ ਨਿਰਪੇਖ ਦੇਸ਼ ਮੰਨ ਸਕਦੇ ਹਾਂ

-ਸੁਪਰੀਮ ਕੋਰਟ ਨੇ ਰਾਧਾ-ਕ੍ਰਿਸ਼ਨਨ ਦੀ ਵਿਆਖਿਆ ਨੂੰ ਮੰਨ ਕੇ, ਸੰਵਿਧਾਨ ਵਿੱਚ ਜੋ ਲਿਖਿਆ ਹੈ, ਉਸ ਨੂੰ ਬਦਲ ਦਿੱਤਾ। ਮਸਲਨ, ਮੈਂ ਤੁਹਾਨੂੰ ਯਾਦ ਕਰਵਾਉਂਦਾ ਹਾਂ ਕਿ ਸਾਡੇ ਸੰਵਿਧਾਨ ਵਿੱਚ ਇਹ ਲਿਖਿਆ ਕਿ ਕਿਸੇ ਵੀ ਸਰਕਾਰੀ ਸੰਸਥਾ, ਕਾਲਜ, ਯੂਨੀਵਰਸਿਟੀ ਜਾਂ ਸਕੂਲ ਵਿੱਚ ਜਾਂ ਕਿਸੇ ਵੀ ਹੋਰ ਸੰਸਥਾ ਵਿੱਚ ਜਿਸ ਨੂੰ ਸਰਕਾਰ ਤੋਂ ਮੱਦਦ ਮਿਲਦੀ ਹੈ ਜਾਂ ਜਿਸ ਨੂੰ ਸਰਕਾਰ ਮਾਨਤਾ ਦਿੰਦੀ ਹੈ, ਉਸ ਵਿੱਚ ਧਰਮ ਦੀ ਸਿੱਖਿਆ ਜ਼ਰੂਰੀ ਨਹੀਂ ਹੋ ਸਕਦੀ। ਸੁਪਰੀਮ ਕੋਰਟ ਨੇ ਸੰਵਿਧਾਨ ਦੇ ਇਸ ਅਨੁਛੇਦ ਨੂੰ ਹੀ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਅਤੇ ਕਹਿ ਦਿੱਤਾ ਕਿ ਧਰਮ ਦੀ ਸਿੱਖਿਆ ਵੀ ਜ਼ਰੂਰੀ ਹੈ। ਅਤੇ ਹੁਣ ਇਹ (ਸੱਤਾਧਾਰੀ) ਕਹਿ ਰਹੇ ਹਨ ਕਿ ਸਾਰੇ ਧਰਮਾਂ ਦੀ ਸਿੱਖਿਆ ਬਰਾਬਰ ਦਿੱਤੀ ਜਾਵੇ! ਇਹ ਕਿਵੇਂ ਹੋ ਸਕਦਾ ਹੈ? ਇਹ ਤਾਂ ਸੰਭਵ ਹੀ ਨਹੀਂ। ਜਦ ਪਹਿਲੀ ਬਾਰ ਭਾਜਪਾ ਸੱਤਾ ਵਿੱਚ ਆਈ ਸੀ ਤਾਂ ਉਸ ਨੇ ਇਸੇ ਦਾ ਸਹਾਰਾ ਲੈ ਕੇ ਪੂਰੇ ਐਨ.ਸੀ.ਈ.ਆਰ.ਟੀ. ਦੇ ਪਾਠਕ੍ਰਮ ਨੂੰ ਬਦਲ ਕੇ ਰੱਖ ਦਿੱਤਾ ਅਤੇ ਹਰ ਥਾਂ ਧਰਮ ਦੀ ਸਿੱਖਿਆ ਲਾਗੂ ਕਰ ਦਿੱਤੀ ਗਈ। ਹੁਣ ਜਦ ਫਿਰ ਤੋਂ ਉਹੀ ਭਾਜਪਾ ਪਹਿਲਾਂ ਤੋਂ ਵੀ ਵੱਧ ਬਹੁਮਤ ਨਾਲ ਸੱਤਾ ਵਿੱਚ ਆ ਗਈ ਹੈ ਤਾਂ ਹੁਣ ਤਾਂ

ਉਸਤੋਂ ਵੀ ਵਧ ਕੇ ਹੋਵੇਗਾ।

? ਇਸ ਸੰਦਰਭ ਵਿੱਚ ਜੇ ਅਸੀਂ ਏਰਿਕ ਹਾਬਸਬਾਮ ਦੇ ਇਸ ਕਥਨ ਕਿ History is the opium of nationalism (ਇਤਿਹਾਸ ਰਾਸ਼ਟਰਵਾਦ ਦੀ ਅਫ਼ੀਮ ਹੈ) ਨੂੰ ਹਿੰਦੂਤਵਵਾਦੀ ਤਾਕਤਾਂ ਦੇ ਰਾਸ਼ਟਰਵਾਦ ਦੇ ਸੰਦਰਭ ਵਿੱਚ ਵੇਖੀਏ ਤਾਂ ਕੀ ਲਗਦਾ ਹੈ

ਹਾਬਸਬਾਮ ਇਹ ਵੀ ਕਹਿੰਦੇ ਹਨ ਕਿ ਹਰ ਰਾਸ਼ਟਰਵਾਦ ਨੂੰ ਅਤੀਤ ਵਿੱਚ ਇੱਕ ਅਜਿਹੇ ਯੂਟੋਪਿਆ (ਕਾਲਪਨਿਕਤਾ) ਦੀ ਭਾਲ ਹੁੰਦੀ ਹੈ ਜਿਸ ਨੂੰ ਉਹ ਉਚਿਆਕੇ-ਪ੍ਰਚਾਰ ਕੇ ਪੁਨਰ-ਉਥਾਨ (ਮੁੜ ਸਥਾਪਤੀ) ਦੀ ਗੱਲ ਕਰਦਾ ਹੈ।

? ਹਿੰਦੂਤਵਵਾਦੀ ਸੰਗਠਨ ਵੀ ਇਸ ਤਰ੍ਹਾਂ ਪ੍ਰਾਚੀਨ ਭਾਰਤ ਨੂੰ ਸੁਨਹਿਰੀ ਯੁੱਗ ਦੱਸਦੇ ਹੋਏ ਆਰੀਆ ਸੰਸਕ੍ਰਿਤੀ ਨੂੰ ਸਿੰਧੂ ਸਭਿਅਤਾ ਨਾਲ ਜੋੜਦੇ ਹਨ। ਇਸ ਨੂੰ ਤੁਸੀਂ ਕਿਵੇਂ ਵੇਖਦੇ ਹੋ

-ਹਾਬਸਬਾਮ ਉਸ ਨੂੰ ਰਾਸ਼ਟਰਵਾਦ ਕਹਿੰਦੇ ਹਨ ਜਿੱਥੇ ਦੋ ਕੌਮਾਂ ਦੀ ਲੜਾਈ ਹੋਵੇ, ਦੋ ਰਾਸ਼ਟਰਾਂ ਦੀ ਲੜਾਈ ? ਹੋਵੇ। ਜਿਸ ਵਿੱਚ ਇੱਕ ਆਪਣੀ ਬੜਤ ਬਨਾਉਣ ਦੀ ਕੋਸ਼ਿਸ਼ ਕਰਦਾ ਹੈ, ਦੂਜੇ ਨੂੰ ਨੀਵਾਂ ਵਿਖਾ ਕੇ। ਪਰ ਸਾਡਾ ਰਾਸ਼ਟਰਵਾਦ ਜਾਂ ਏਸ਼ੀਆ ਦੇ ਹੋਰ ਮੁਲਕਾਂ ਦਾ ਜੋ ਰਾਸ਼ਟਰਵਾਦ ਸੀ, ਉਹ ਸਾਮਰਾਜਵਾਦ ਦੇ ਖਿਲਾਫ਼ ਸੀ। ਇਸ ਲਈ ਤੁਸੀਂ ਵੇਖਦੇ ਹੋ ਨਾ ਹਿੰਦੂ ਮਹਾ ਸਭਾ ਅਤੇ ਨਾ ਹੀ ਮੁਸਲਿਮ ਲੀਗ ਕਦੇ ਅੰਗਰੇਜ਼ਾਂ ਦੇ ਖਿਲਾਫ਼ ਕਿਸੇ ਸੰਘਰਸ਼ ਵਿੱਚ ਸ਼ਾਮਲ ਹੋਈ। ਇਸ ਨੂੰ ਰਾਸ਼ਟਰਵਾਦ ਕਹਿਣਾ ਪੂਰੀ ਤਰ੍ਹਾਂ ਗਲਤ ਹੈ। ਕਿਉਂਕਿ ਸਾਡਾ ਜੋ ਰਾਸ਼ਟਰੀ ਅੰਦੋਲਨ ਦਾ ਸੰਕਲਪ ਸੀ ਉਹ ਅੰਗਰੇਜ਼ਾਂ ਦੇ ਖਿਲਾਫ਼ ਲੜਣ ਦਾ ਸੀ। ਇਸ ਲਈ ਜੋ ਹਿੰਦੂ ਮਹਾ ਸਭਾ ਸਿਰਫ਼ ਮੁਸਲਮਾਨਾਂ ਦਾ ਮੁਕਾਬਲਾ ਕਰਦੀ ਹੈ ਅਤੇ ਜੋ ਮੁਸਲਿਮ ਲੀਗ ਸਿਰਫ਼ ਹਿੰਦੂਆਂ ਦਾ ਮੁਕਾਬਲਾ ਕਰਦੀ ਹੈ, ਉਹ ਕਦੇ ਰਾਸ਼ਟਰਵਾਦੀ ਹੋ ਹੀ ਨਹੀਂ ਸਕਦੀ। ਮੂਲ ਪ੍ਰੀਭਾਸ਼ਾ ਤੋਂ ਹੀ ਨਹੀਂ ਹੋ ਸਕਦੀ। ਜਿਵੇਂ ਸਾਨੂੰ ਪਾਕਿਸਤਾਨ ਤੋਂ ਵੀ ਸਿੱਖਣਾ ਚਾਹੀਦਾ, ਪਾਕਿਸਤਾਨ ਦੇ ਪ੍ਰਮੁੱਖ ਅਖ਼ਬਾਰ 'ਡਾਨ' ਨੇ ਲਿਖਿਆ :

ਸਾਡੀ ਵੱਡੀ ਦਿੱਕਤ ਇਹ ਹੈ ਕਿ ਜਦ ਅਸੀਂ ਆਪਣੀ (ਪਾਕਿਸਤਾਨ) ਦੀ ਨੈਸ਼ਨਲ ਮੂਵਮੈਂਟ (ਕੌਮੀ ਲਹਿਰ) ਵੇਖਦੇ ਹਾਂ ਤਾਂ ਉਹ ਹਾਕਮਾਂ (ਸ਼ਾਸਕਾਂ) ਦੇ ਕਦੇ ਵਿਰੁੱਧ ਨਹੀਂ ਹੈ। ਉਹ ਮਹਕੂਮਾਂ (ਸ਼ੋਸਣ ਦੇ ਸ਼ਿਕਾਰ) ਦੇ ਵਿਰੁੱਧ ਹੈ, ਭਾਵ ਜਨਤਾ ਦੇ ਵਿਰੋਧ ਵਿੱਚ ਹੈ। ਇਸ ਨਾਲ ਕੋਈ ਗੱਲ ਨਹੀਂ ਬਣਦੀ। ਨਾ ਉਸਨੇ ਜੇਲ੍ਹ ਜਾਣਾ ਹੈ ਅਤੇ ਨਾ ਕੁੱਝ ਕਰਨਾ। ਸਿਰਫ਼ ਚੀਕਣਾ ਹੈ। ਇਹ ਹਾਲ ਹਿੰਦੂ ਮਹਾ ਸਭਾ ਦਾ ਹੈ। ਹਕੂਮਤ ਅੰਗਰੇਜ਼ ਕਰ ਰਹੇ ਸੀ ਅਤੇ ਉਹ ਲੜ ਮੁਸਲਮਾਨਾਂ ਨਾਲ ਰਹੇ ਸੀ। ਜਾਹਰ ਹੈ ਕਿ ਇਹ ਰਾਸ਼ਟਰਵਾਦ ਨਹੀਂ ਹੈ।

ਸਾਨੂੰ ਇਹ ਵੀ ਜਾਨਣਾ ਚਾਹੀਦਾ ਕਿ ਜੋ ਦੂਜਿਆਂ ਤੋਂ ਨਹੀਂ ਸਿਖਦਾ, ਉਹ ਕਦੇ ਰਚਨਾਤਮਕ ਨਹੀਂ ਹੋ ਸਕਦਾ। ਇਹ ਕਹਿਣਾ ਕਿੰਨੀ ਬੇਵਕੂਫ਼ੀ ਵਾਲੀ ਗੱਲ ਹੈ ਕਿ ਅਸੀਂ ਯੂਨਾਨੀਆਂ ਤੋਂ ਕੁੱਝ ਨਹੀਂ ਸਿੱਖਿਆ, ਅਰਬੀ ਖਗੋਲ ਵਿੱਦਿਆ ਤੋਂ ਕੁੱਝ ਨਹੀਂ ਸਿੱਖਿਆ ਆਦਿ। ਕੀ ਅਸੀਂ ਅੰਗਰੇਜ਼ਾਂ ਤੋਂ ਕੁੱਝ ਨਹੀਂ ਸਿੱਖਿਆ ? ਕਿਵੇਂ ਨਹੀਂ ਸਿੱਖਿਆ ! ਰਾਸ਼ਟਰੀ ਆਜ਼ਾਦੀ ਸੰਗਰਾਮ ਵਿੱਚ ਤਾਂ ਅਜਿਹਾ ਕਿਤੇ ਨਹੀਂ ਸੀ ਸਗੋਂ ਇਹ ਕਿਹਾ ਗਿਆ ਕਿ civil liberty (ਨਾਗਰਿਕ ਆਜ਼ਾਦੀ) ਦਾ ਸੰਕਲਪ ਅਸੀਂ ਫਰਾਂਸੀਸੀ ਕ੍ਰਾਂਤੀ ਤੋਂ ਲਿਆ। ਇਹ ਗੱਲ ਰਾਜਾ ਰਾਮ ਮੋਹਨ ਰਾਇ ਤੱਕ ਕਹਿੰਦੇ ਸੀ। ਰਾਸ਼ਟਰੀ ਆਜ਼ਾਦੀ ਇੱਕ ਵੱਖ ਚੀਜ ਹੈ, ਰਾਸ਼ਟਰੀ ਉਨਮਾਦ ਇੱਕ ਵੱਖ। ਮੈਂ ਨਾ ਹਿੰਦੂ ਮਹਾ ਸਭਾ, ਨਾ ਮੁਸਲਿਮ ਲੀਗ ਕਿਸੇ ਨੂੰ ਵੀ ਰਾਸ਼ਟਰਵਾਦੀ ਨਹੀਂ ਮੰਨਦਾ।

? ਆਧੁਨਿਕ ਰਾਸ਼ਟਰ ਦੇ ਮੁੱਲਾਂ ਦੇ ਸੰਦਰਭ ਵਿੱਚ ਫਿਰਕਾਪ੍ਰਸਤੀ, ਜਿਸਦਾ ਜਬਰਦਸਤ ਉਭਾਰ ਸਾਡੇ ਸਮਾਜ ਦੇ ਹਰ ਖੇਤਰ ਵਿੱਚ ਦਿਖਾਈ ਦੇ ਰਿਹਾ ਹੈ, ਨੂੰ ਕਿਵੇਂ ਲਈਏ

-ਇਹ ਤਾਂ ਮੰਨਣਾ ਪਵੇਗਾ ਕਿ ਜਿੱਥੇਂ ਵੀ ਧਰਮ ਹੁੰਦਾ ਹੈ, ਉੱਥੇ ਵੰਡ ਹੁੰਦੀ ਹੈ। ਇਸ ਤਰ੍ਹਾਂ ਜਾਤੀਵਾਦ ਨਾਲ ਵੀ ਵੰਡ ਹੁੰਦੀ ਹੈ। ਅਜਿਹੀਆਂ ਤਮਾਮ ਚੀਜਾਂ ਨਾਲ ਸਮਾਜ ਵੰਡਿਆ ਜਾਂਦਾ ਹੈ। ਸਾਡੀ ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਅਸੀਂ ਇੱਕ ਅਜਿਹੀ ਧਰਮ ਨਿਰਪੇਖਤਾ ਕਾਇਮ ਕਰੀਏ ਜਿਸ 'ਚ ਧਰਮ ਦਾ ਪ੍ਰਭਾਵ ਘੱਟੋਂ-ਘੱਟ ਹੋਵੇ। ਅਤੇ ਦੂਜਾ ਇਤਿਹਾਸ ਨੂੰ ਸਚਾਈ ਅਤੇ ਇਮਾਨਦਾਰੀ ਨਾਲ ਪੇਸ਼ ਕਰੀਏ। ਭਾਵ ਜੋ ਤੱਥ ਹਨ, ਉਹ ਇਤਿਹਾਸ ਵਿੱਚ ਲਿਖੇ ਜਾਣ। ਅਸੀਂ ਅਜਿਹੇ ਇਤਿਹਾਸ ਤੋਂ ਕੁੱਝ ਸਿੱਖ ਸਕਦੇ ਹਾਂ। ਜੇ ਅਸੀਂ ਸਿਰਫ਼ ਫੜਾਂ ਮਾਰਦੇ ਰਹੇ ਅਤੇ ਮੁੱਛਾਂ ਨੂੰ ਤਾਅ ਦਿੰਦੇ ਰਹੇ ਤਾਂ ਫਿਰ ਅਸੀਂ ਕੀ ਸਿੱਖ ਸਕਦੇ ਹਾਂ ? ਸਾਨੂੰ ਸੋਚਣਾ ਚਾਹੀਦਾ ਕਿ ਅੰਗਰੇਜ਼ਾਂ ਨੇ ਭਾਰਤ ਵਰਗੇ ਦੇਸ਼ 'ਤੇ ਕਿਉਂ ਕਬਜ਼ਾ ਕਰ ਲਿਆ ? ਪਰ ਅਸੀਂ ਆਪਣੀਆਂ ਗਲ਼ਤੀਆਂ ਤੋਂ ਕੁੱਝ ਨਹੀਂ ਸਿੱਖਿਆ। ਜੇ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹ ਨਹੀਂ ਦੱਸਾਂਗੇ ਕਿ ਕਿਵੇਂ ਅਸੀਂ ਉਸ ਜਮਾਨੇ ਦੀ ਨਾ ਤਕਨੀਕ ਸਿੱਖੀ, ਨਾ ਲੜਾਈ ਦਾ ਤਰੀਕਾ ਸਿੱਖਿਆ ਅਤੇ ਨਾ ਹੀ ਵਿਗਿਆਨ ਸਿੱਖਿਆ ਤਾਂ ਸਾਡੇ ਬੱਚੇ ਆਪਣੇ ਭਵਿੱਖ ਦਾ ਸਾਹਮਣਾ ਕਿਵੇਂ ਕਰਨਗੇ ?

ਭਾਰਤ ਵਿੱਚ 1500 ਈਸਵੀ ਦੇ ਨੇੜੇ ਤੇੜੇ ਯੂਰਪੀ ਆਉਣੇ ਸ਼ੁਰੂ ਹੋ ਗਏ ਸੀ, ਪਰ ਅਸੀਂ ਉਹਨਾਂ ਤੋਂ ਕੁੱਝ ਨਹੀਂ ਸਿੱਖਿਆ। ਉਹਨਾਂ ਨੇ ਸਾਡੀ ਬੋਲੀ ਸਿੱਖੀ, ਪਰ ਅਸੀਂ ਉਹਨਾਂ ਦੀ ਬੋਲੀ ਨਹੀਂ ਸਿੱਖੀ। ਸਾਨੂੰ ਇਹ ਵੀ ਸੋਚਣਾ ਪਵੇਗਾ ਕਿ

ਸੰਸਕ੍ਰਿਤ ਵਿੱਚ ਅਸੀਂ ਭੂਗੋਲ ’ਤੇ ਕੁੱਝ ਕਿਉਂ ਨਹੀਂ ਲਿਖਿਆ? ਚੀਨੀ ਇੱਥੇ ਆਏ, ਉਹਨਾਂ ਨੇ ਭਾਰਤ ਬਾਰੇ ਲਿਖਿਆ। ਸਾਡਾ ਇਤਿਹਾਸ ਪੂਰਾ ਹੋ ਹੀ ਨਹੀਂ ਸਕਦਾ ਸੀ ਜੇ ਹਿਊਨਸਾਂਗ ਨੇ ਕੁੱਝ ਨਾ ਲਿਖਿਆ ਹੁੰਦਾ। ਸਾਡਾ ਇਤਿਹਾਸ ਪੂਰਾ ਹੋ ਹੀ ਨਹੀਂ ਸਕਦਾ ਜੇ ਮੇਗਸਥਨੀਜ ਨਾ ਹੋਵੇ। ਇਸੇ ਤਰ੍ਹਾਂ ਅਸੀਂ ਦੂਸਰੇ ਦੇਸ਼ਾਂ ਨੂੰ ਕੁੱਝ ਕਿਉਂ ਨਹੀਂ ਦਿੱਤਾ? ਜਦ ਤੱਕ ਅਸੀਂ ਆਪਣੀਆਂ ਕਮਜ਼ੋਰੀਆਂ ਨਹੀਂ ਦੇਖਾਂਗੇ, ਉਦੋਂ ਤੱਕ ਅਸੀਂ ਆਪਣੇ ਆਪ ਨੂੰ ਬਦਲ ਨਹੀਂ ਸਕਦੇ। ਇਹ ਉਸੇ ਤਰ੍ਹਾਂ ਹੈ ਜਿਵੇਂ ਇੱਕ ਆਦਮੀ ਲਈ ਯਾਦਦਾਸ਼ਤ ਜ਼ਰੂਰੀ ਹੁੰਦੀ ਹੈ। ਮਸਲਨ ਮੈਂ ਇੱਕ ਵਾਰ ਬਿਨ੍ਹਾਂ ਵੇਖੇ ਸੜਕ ਪਾਰ ਕਰ ਰਿਹਾ ਸੀ ਅਤੇ ਮੇਰੇ ਕੋਲੋਂ ਇੱਕ ਮੋਟਰ ਕਾਰ ਨਿਕਲ ਗਈ। ਮੈਂ ਡਰ ਗਿਆ। ਹੁਣ ਮੈਂ ਹਮੇਸ਼ਾ ਵੇਖ ਕੇ ਚਲਦਾ ਹਾਂ। ਜੇ ਮੇਰੀ ਯਾਦਦਾਸ਼ਤ ਹੀ ਨਹੀਂ, ਤਾਂ ਮੈਂ ਕੋਈ ਕੰਮ ਨਹੀਂ ਕਰ ਸਕਦਾ। ਇਸੇ ਤਰ੍ਹਾਂ ਇੱਕ ਰਾਸ਼ਟਰ ਲਈ ਇਤਿਹਾਸ ਹੁੰਦਾ ਹੈ। ਕੁੱਲ ਮਿਲਾ ਕੇ ਮਤਲਬ ਇਹ ਕਿ ਜਿੱਥੋਂ ਤੱਕ ਸੰਭਵ ਹੋਵੇ, ਸਾਡੀ ਯਾਦਦਾਸ਼ਤ ਸਹੀ ਹੋਣੀ ਚਾਹੀਦੀ ਹੈ ਅਤੇ ਘੱਟੋਂ-ਘੱਟ ਜਾਨ ਬੁੱਝ ਕੇ ਖ਼ੁਦ ਤਾਂ ਆਪਣੇ ਲਈ ਝੂਠੀਆਂ ਗੱਲਾਂ ਨਾ ਯਾਦ ਰੱਖੀਏ।

? ਮਿੱਥਾਂ ਨੂੰ ਲਗਾਤਾਰ ਯੋਜਨਾਬਧ ਢੰਗ ਨਾਲ ਇਤਿਹਾਸ ਬਣਾ ਕੇ ਵੱਡੇ ਪੈਮਾਨੇ ’ਤੇ ਪੇਸ਼ ਕੀਤਾ ਜਾ ਰਿਹਾ ਹੈ। ਇਸ ਦਾ ਜਵਾਬ ਇਤਿਹਾਸ ਇੱਕ ਅਨੁਸ਼ਾਸਿਤ ਢੰਗ ਨਾਲ ਕਿਵੇਂ ਦੇ ਸਕਦਾ ਹੈ

-ਇਤਿਹਾਸ ਦੀਆਂ ਆਪਣੀਆਂ ਪੱਧਤੀਆਂ (methods) ਹੁੰਦੇ ਹਨ ਜਿਹਨਾਂ ਨੂੰ ਦੁਨੀਆਂ ਭਰ ਵਿੱਚ ਸਵਿਕਾਰਿਆ ਜਾਂਦਾ ਹੈ। ਏਡਵਰਡ ਸਈਅਦ ਵਰਗੇ ਲੋਕ ਜਿਸ ਸਿਧਾਂਤ (Doctrine) ਦੀ ਗੱਲ ਕਰਦੇ ਹਨ, ਉਹ ਇਤਿਹਾਸ ਲਈ ਬਹੁਤ ਖਤਰਨਾਕ ਹੈ। ਉਹ ਕਹਿੰਦੇ ਹਨ ਕਿ ਹਿੰਦੁਸਤਾਨ ਦੇ ਯਥਾਰਥ (ਅਸਲੀਅਤ) ਦਾ ਚਿਤਰਣ ਸਿਰਫ਼ ਹਿੰਦੁਸਤਾਨੀ ਹੀ ਕਰ ਸਕਦਾ ਹੈ ਅਤੇ ਮੁਸਲਮਾਨਾਂ ਦਾ ਯਥਾਰਥ ਸਿਰਫ਼ ਮੁਸਲਮਾਨ ਹੀ ਲਿਖ ਸਕਦਾ ਹੈ। ਆਖਿਰ ਇਹ ਕਿਵੇਂ ਹੋ ਸਕਦਾ ਹੈ? ਇੰਗਲੈਂਡ ਦਾ ਇਤਿਹਾਸ ਜੇ ਰੂਸੀ ਵਿਦਵਾਨ ਨਾ ਲਿਖਦੇ ਤਾਂ ਅੰਗਰੇਜ਼ਾਂ ਦੇ ਸਾਮੰਤੀ ਕਾਲ ਦਾ ਅਧਿਐਨ ਐਨਾ ਚੰਗਾ ਨਾ ਹੁੰਦਾ। ਇਸੇ ਤਰ੍ਹਾਂ ਹੰਗਰੀ ਦੇ ਇਤਿਹਾਸਕਾਰ ਗੋਲਡਜਾਯਰ ਨਾ ਹੁੰਦੇ ਤਾਂ ਇਸਲਾਮਕ ਇਤਿਹਾਸ ਪੂਰੀ ਤਰ੍ਹਾਂ ਨਿਰਮਿਤ ਨਾ ਹੁੰਦਾ।

ਭਾਵ ਹਰ ਦੇਸ਼ ਦੇ ਇਤਿਹਾਸ ਨੂੰ ਦੂਸਰੇ ਲੋਕ ਵੀ ਪੜ੍ਹਦੇ ਲਿਖਦੇ ਹਨ ਅਤੇ ਉਹ ਕੰਮ ਬਹੁਤ ਮਹੱਤਵਪੂਰਨ ਹੁੰਦਾ ਹੈ, ਕਿਉਂਕਿ ਉਹ ਨਵੀਂ ਨਜ਼ਰ ਨਾਲ ਚੀਜਾਂ ਨੂੰ ਵੇਖਦੇ ਹਨ। ਇਸ ਲਈ ਇਤਿਹਾਸ ਲੇਖਨ ਭਾਵੇਂ ਚੀਨ ਦਾ ਹੋਵੇ ਜਾਂ ਭਾਰਤ ਦਾ, ਉਸਦੇ ਲਿਖਣ ਦੇ ਤਰੀਕੇ ਇੱਕ ਹੀ ਹੁੰਦੇ ਹਨ।

? ਜੇ ਏ. ਐਲ. ਬੈਸ਼ਮ ਨਾ ਹੁੰਦੇ ਤਾਂ ਸ਼ਾਇਦ ਭਾਰਤ ਦੇ ਇਤਿਹਾਸ-ਲੇਖਨ ਨੂੰ ਨਵੀਂ ਦਿਸ਼ਾ ਨਾ ਮਿਲਦੀ

-ਬਿਲਕੁਲ ਠੀਕ ਹੈ। ਇਤਿਹਾਸ ਲੇਖਨ ਦੇ ਸੰਦਰਭ ਵਿੱਚ ਹਿੰਦੁਸਤਾਨ ਵਿੱਚ ਅੰਗਰੇਜ਼ਾਂ ਦਾ ਬਹੁਤ ਯੋਗਦਾਨ ਹੈ। ਸਾਨੂੰ ਪਤਾ ਹੀ ਨਾ ਚਲਦਾ ਕਿ ਅਸ਼ੋਕ ਨਾਮ ਦਾ ਕੋਈ ਰਾਜਾ ਵੀ ਹਿੰਦੁਸਤਾਨ ਵਿੱਚ ਹੋਇਆ ਸੀ। ਅੰਗਰੇਜ਼ਾਂ ਨੇ ਸਾਨੂੰ ਇਸਲਾਮਿਕ ਇਤਿਹਾਸ ਦੇ ਜ਼ਰੀਏ ਇਹ ਵੀ ਦੱਸਿਆ ਕਿ ਅਰਬ ਵਿਗਿਆਨਕਾਂ ਦੀ ਕੀ ਭੂਮਿਕਾ ਸੀ। ਓ ਭਰਾ! ਜਦ ਤੱਕ ਤੁਸੀਂ ਵਿਗਿਆਨ ਨਹੀਂ ਜਾਣੋਗੇ, ਉਦੋਂ ਤੱਕ ਤੁਹਾਨੂੰ ਕਿਵੇਂ ਪਤਾ ਲੱਗੇਗਾ ਕਿ ਕੀ ਗੱਲ ਸਹੀ ਹੈ ਅਤੇ ਕੀ ਗਲ਼ਤ? ਉਹੀ ਲੋਕ ਅਰਬ ਵਿਗਿਆਨਕਾਂ ਬਾਰੇ ਦੱਸ ਸਕਣਗੇ ਜਿਹਨਾਂ ਨੂੰ ਵਿਗਿਆਨ ਦੀ ਸਮਝ ਹੋਵੇਗੀ। ਜੇ ਤੁਸੀਂ ਇਹੀ ਸਮਝ ਰਹੇ ਹੋ ਕਿ ਸੂਰਜ ਹੀ ਦੁਨੀਆਂ ਦੇ ਚਾਰੇ ਪਾਸੇ ਘੁੰਮ ਰਿਹਾ ਹੈ ਤਾਂ ਤੁਸੀਂ ਕੀ ਅੰਦਾਜ਼ਾ ਲਗਾਓਗੇ ਕਿ ਉਹਨਾਂ ਵਿਗਿਆਨਕਾਂ ਨੇ ਕੀ ਕਿਹਾ ਸੀ ਜਾਂ ਆਰੀਆ ਭੱਟ ਦੀ ਖੋਜ ਦੀ ਕੀ ਮਹੱਤਤਾ ਹੈ!

ਪੰਜਾਬੀ ਅਨੁਵਾਦ : ਬਲਬੀਰ ਲੌਂਗੋਵਾਲ

ਦਾਭੋਲਕਾਰ ਕਤਲ ਕਾਂਡ ’ਚ ਪੰਜ ਖਿਲਾਫ਼ ਦੋਸ਼ ਆਇਦ

ਪੁਣੇ : ਇੱਥੋਂ ਦੀ ਵਿਸ਼ੇਸ਼ ਅਦਾਲਤ ਨੇ ਤਰਕਸ਼ੀਲ ਆਗੂ ਡਾ. ਨਰਿੰਦਰ ਦਾਭੋਲਕਰ ਦੀ ਹੱਤਿਆ ਦੇ ਮਾਮਲੇ ਵਿੱਚ ਪੰਜ ਮੁਲਜ਼ਮਾਂ ਖਿਲਾਫ਼ ਦੋਸ਼ ਆਇਦ ਕਰ ਦਿੱਤੇ। ਦਾਭੋਲਕਰ ਦੀ 20 ਅਗਸਤ 2013 ਨੂੰ ਪੁਣੇ ’ਚ ਕਥਿੱਤ ਤੌਰ ’ਤੇ ਸੱਜੇ ਪੱਖੀ ਕੱਟੜਪੰਥੀ ਗਰੁੱਪ ਦੇ ਮੈਂਬਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਸੀ ਬੀ ਆਈ ਮਾਮਲੇ ਦੀ ਜਾਂਚ ਕਰ ਰਹੀ ਹੈ। ਐਡੀਸ਼ਨਲ ਸ਼ੈਸ਼ਨ ਜੱਜ ਐੱਸ.ਆਰ. ਨਵੰਦਰ ਨੇ ਵਰਿੰਦਰ ਤਾਵੜੇ, ਸਚਿਤ ਅੰਦੂਰੇ, ਸ਼ਰਦ ਕਲਾਸਕਰ, ਸੰਜੀਵ ਪਨਾਲੇਕਰ ਅਤੇ ਵਿਕਰਮ ਭਾਵੇ ਨੂੰ ਗੁਨਾਹ ਕਬੂਲ ਕਰਨ ਬਾਰੇ ਪੁੱਛਿਆ ਤਾਂ ਉਹਨਾਂ ਨੇ ਨਾਂਹ ਕਰ ਦਿੱਤੀ। ਇਸ ਮਗਰੋਂ ਉਨ੍ਹਾਂ ਖਿਲਾਫ਼ ਵੱਖ ਵੱਖ ਧਾਰਾਵਾਂ ਤਹਿਤ ਦੋਸ਼ ਆਇਦ ਕਰ ਦਿੱਤੇ ਗਏ।

ਨਵਾਂ ਜ਼ਮਾਨਾ (16-09-2021)

ਬੰਦੇ ਦਾ ਦਿਮਾਗ ਹਵਾਈ-ਛਤਰੀ (ਪੈਰਾਸ਼ੂਟ) ਵਾਂਗ ਹੁੰਦਾ ਹੈ। ਜੇ ਖੁੱਲ੍ਹਾ ਨਾ ਹੋਵੇ ਤਾਂ ਕੰਮ ਨਹੀਂ ਕਰਦਾ।

ਫਰੈਂਕ ਜਾਪਾ (ਅਮਰੀਕਨ ਸੰਗੀਤਕਾਰ)

ਖ਼ਬਰ ਹੈ ਕਿ...

ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਡੇਰੇ ਦੇ ਸਾਬਕਾ ਮੈਨੇਜਰ ਦੇ ਕਤਲ ਦਾ ਦੋਸ਼ੀ ਕਰਾਰ :

ਉਮਰ ਕੈਦ ਅਤੇ 31 ਲੱਖ ਰੁਪਏ ਜੁਰਮਾਨਾ

ਪੰਚਕੂਲਾ ਵਿਚਲੀ ਸੀਬੀਆਈ ਦੀ ਵਿਸ਼ੇਸ਼ ਅਦਾਲਤ ਨੇ ਡੇਰਾ 'ਸੱਚਾ ਸੌਦਾ' ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਸੰਨ 2002 ਵਿੱਚ ਡੇਰੇ ਦੇ ਸਾਬਕਾ ਮੈਨੇਜਰ ਰਣਜੀਤ ਸਿੰਘ ਦੀ ਹਤਿਆ ਲਈ ਦੋਸ਼ੀ ਕਰਾਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਸਾਧਵੀਆਂ ਨਾਲ ਜਬਰ-ਜਨਾਹ ਦੇ ਦੋਸ਼ ਹੇਠ ਡੇਰਾ ਮੁਖੀ 2017 ਤੋਂ ਜੇਲ੍ਹ ਵਿੱਚ ਬੰਦ ਹੈ। ਸੀਬੀਆਈ ਦੇ ਸਪੈਸ਼ਲ ਪ੍ਰਾਸੀਕਿਊਟਰ ਐਚ.ਪੀ.ਐੱਸ. ਵਰਮਾ ਨੇ ਦੱਸਿਆ ਕਿ ਵਿਸ਼ੇਸ਼ ਅਦਾਲਤ ਨੇ ਕਤਲ ਦੇ ਦੋਸ਼ ਹੇਠ ਗੁਰਮੀਤ ਰਾਮ ਰਹੀਮ ਸਿੰਘ ਅਤੇ ਚਾਰ ਹੋਰਨਾਂ ਕ੍ਰਿਸ਼ਨ ਲਾਲ, ਜਸਬੀਰ ਸਿੰਘ, ਅਵਤਾਰ ਸਿੰਘ ਤੇ ਸਬਦਿਲ ਨੂੰ ਦੋਸ਼ੀ ਕਰਾਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿੱਚ ਉਸਨੂੰ ਉਮਰ ਭਰ ਕੈਦ ਅਤੇ 31 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ। ਉਸ ਨਾਲ ਦੇ ਹੋਰ ਚਾਰ ਸਹਿ-ਦੋਸ਼ੀਆਂ ਨੂੰ ਵੀ ਉਮਰ ਕੈਦ ਅਤੇ 50-50 ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ। ਕਤਲ ਮਾਮਲੇ ਵਿੱਚ ਨਾਮਜ਼ਦ ਇਕ ਹੋਰ ਦੋਸ਼ੀ ਦੀ ਸਾਲ ਪਹਿਲਾਂ ਮੌਤ ਹੋ ਚੁੱਕੀ ਹੈ। ਰਣਜੀਤ ਦਾ ਕਤਲ ਸ਼ੱਕੀ ਪੱਤਰ ਵੰਡੇ ਜਾਣ ਕਾਰਨ ਕੀਤਾ ਗਿਆ ਜਿਸ ਵਿਚ ਖੁਲਾਸਾ ਕੀਤਾ ਗਿਆ ਸੀ ਕਿ ਡੇਰਾ ਮੁਖੀ ਵੱਲੋਂ ਡੇਰੇ ਵਿੱਚ ਔਰਤਾਂ ਦਾ ਕਿਵੇਂ ਜਿਨਸੀ ਸ਼ੋਸ਼ਣ ਕੀਤਾ ਜਾਂਦਾ ਹੈ। ਸੀਬੀਆਈ ਦੀ ਚਾਰਜਸ਼ੀਟ ਮੁਤਾਬਕ ਡੇਰਾ ਮੁਖੀ ਨੂੰ ਲੱਗਦਾ ਸੀ ਕਿ ਸ਼ੱਕੀ ਪੱਤਰ ਵੰਡਣ ਪਿੱਛੇ ਰਣਜੀਤ ਸਿੰਘ ਦਾ ਹੱਥ ਹੈ ਜਿਸ ਕਾਰਨ ਉਸ ਦੇ ਕਤਲ ਦੀ ਸਾਜ਼ਿਸ਼ ਰਚੀ ਗਈ। ਦੋ ਕੁ ਸਾਲ ਪਹਿਲਾਂ ਡੇਰਾ ਮੁਖੀ ਨੂੰ ਪੱਤਰਕਾਰ ਰਾਮ ਚੰਦਰ ਛੱਤਰਪਤੀ ਦੇ ਕਤਲ ਦੇ ਦੋਸ਼ ਹੇਠ ਉਮਰ ਭਰ ਕੈਦ ਦੀ ਸਜ਼ਾ ਵੀ ਸੁਣਾਈ ਗਈ ਸੀ। **—ਪੀਟੀਆਈ**

ਅੰਧ-ਵਿਸ਼ਵਾਸ ਦੀ ਸਿਖਰ : ਔਰਤ ਨੇ ਸੱਪ ਨੂੰ ਗਲੇ 'ਚ ਲਪੇਟਿਆ, ਡੰਗ ਨਾਲ ਮੌਤ

ਹੰਟਰਗੰਜ (ਝਾਰਖੰਡ) - ਇੱਥੇ ਇੱਕ ਔਰਤ ਨੇ ਆਸਥਾ ਦੇ ਨਾਂਅ 'ਤੇ ਜ਼ਹਿਰੀਲੇ ਸੱਪ ਨੂੰ ਗਲੇ 'ਚ ਲਪੇਟ ਕੇ ਪੂਜਾ-ਅਰਚਨਾ ਸ਼ੁਰੂ ਕਰ ਦਿੱਤੀ। ਪੂਜਾ ਦੌਰਾਨ ਸੱਪ ਨੇ ਕਈ ਵਾਰ ਔਰਤ ਨੂੰ ਡੰਗਿਆ, ਜਿਸ ਨਾਲ ਉਸ ਦੀ ਮੌਤ ਹੋ ਗਈ। ਝਾਰਖੰਡ 'ਚ ਇਸ ਤੋਂ ਪਹਿਲਾਂ ਵੀ ਅੰਧਵਿਸ਼ਵਾਸ ਦੇ ਕਈ ਮਾਮਲੇ ਸਾਹਮਣੇ ਆਏ ਹਨ, ਜਦੋਂ ਔਰਤਾਂ ਨੂੰ ਡਾਇਨ ਦੱਸ ਕੇ ਉਨ੍ਹਾਂ ਨਾਲ ਬਦਸਲੂਕੀ ਕੀਤੀ ਗਈ ਸੀ। ਇਹ ਅਜੀਬੋ-ਗਰੀਬ ਘਟਨਾ ਚਤਰਾ ਜ਼ਿਲ੍ਹੇ ਦੇ ਹੰਟਰਗੰਜ਼ ਦੀ ਹੈ। ਜਾਣਕਾਰੀ ਅਨੁਸਾਰ ਰਕਸ਼ੀ ਪਿੰਡ 'ਚ ਲਾਲਦੇਵ ਭੂਈਆ ਦੀ ਪਤਨੀ ਰੂਨੀਆ ਦੇਵੀ ਘਰੋਂ ਤਿਆਰ ਹੋ ਕੇ ਸ਼ਿਵ ਚਰਚਾ ਪ੍ਰੋਗਰਾਮ 'ਚ ਸ਼ਾਮਲ ਹੋਣ ਜਾ ਰਹੀ ਸੀ। ਇਸ ਦੌਰਾਨ ਇਕ ਜ਼ਹਿਰੀਲਾ ਸੱਪ ਉਸ ਦੇ ਘਰੋਂ ਨਿਕਲ ਆਇਆ। ਰੂਨੀਆ ਦੇਵੀ ਨੇ ਸੱਪ ਨੂੰ 'ਭਗਵਾਨ' ਦਾ ਦੂਤ ਸਮਝ ਕੇ ਫੜ੍ਹ ਲਿਆ ਤੇ ਆਪਣੇ ਗਲੇ 'ਚ ਲਪੇਟ ਲਿਆ। ਇਸ ਤੋਂ ਬਾਅਦ ਉਹ ਸੱਪ ਦੇ ਨਾਲ ਪੂਜਾ-ਪਾਠ ਕਰਨ ਬੈਠ ਗਈ। ਜਿਉਂ ਹੀ ਔਰਤ ਨੇ ਸੱਪ ਨੂੰ ਗਲੇ 'ਚ ਲਪੇਟ ਕੇ ਪੂਜਾ ਸ਼ੁਰੂ ਕੀਤੀ ਲੋਕ ਤਮਾਸ਼ਾ ਦੇਖਣ ਆਉਣ ਲੱਗੇ। ਦੇਖਦੇ ਹੀ ਦੇਖਦੇ ਪਿੰਡ ਵਿਚ ਲੋਕਾਂ ਦੀ ਭੀੜ ਜਮ੍ਹਾਂ ਹੋ ਗਈ। ਔਰਤ ਸੱਪ ਦੇ ਨਾਲ ਦੇਰ ਤਕ ਸ਼ਿਵ ਚਰਚਾ ਤੇ ਭਜਨ-ਕੀਰਤਨ 'ਚ ਮਗਨ ਰਹੀ। ਕੁਝ ਪਿੰਡ ਵਾਲੇ ਢੋਲ ਵਜਾ ਕੇ ਕੀਰਤਨ 'ਚ ਉਸ ਦਾ ਸਾਥ ਦੇਣ ਲੱਗੇ। ਭਜਨ ਕੀਰਤਨ ਦੌਰਾਨ ਸੱਪ ਨੇ ਔਰਤ ਦੇ ਸਰੀਰ 'ਤੇ ਕਈ ਜਗ੍ਹਾ ਡੰਗ ਮਾਰੇ। ਪਰ ਔਰਤ ਪੂਜਾ-ਅਰਚਨਾ 'ਚ ਲੀਨ ਸੀ। ਬਾਕੀ ਲੋਕ ਵੀ ਉਸ ਦਾ ਸਾਥ ਦੇ ਰਹੇ ਸਨ। ਇਸ ਕਾਰਨ ਕਿਸੇ ਨੇ ਵੀ ਇਸ ਗੱਲ ਉਪਰ ਧਿਆਨ ਨਹੀਂ ਦਿੱਤਾ। ਹੌਲੀ-ਹੌਲੀ ਸਰੀਰ 'ਚ ਜਹਿਰ ਦਾ ਅਸਰ ਵਧਣ ਲੱਗਾ ਤਾਂ ਰੂਨੀਆ ਦੇਵੀ ਅਚੇਤ ਹੋ ਕੇ ਡਿੱਗ ਪਈ। ਇਹ ਦੇਖ ਕੇ ਉੱਥੇ ਭਾਜੜ ਮੱਚ ਗਈ। ਔਰਤ ਦੇ ਸਰੀਰ 'ਚ ਜਹਿਰ ਦਾ ਅਸਰ ਹੋਣ 'ਤੇ ਵੀ ਉਸ ਦੀ ਜਾਨ ਬਚਾਈ ਜਾ ਸਕਦੀ ਸੀ ਪਰ ਅੰਧਵਿਸ਼ਵਾਸ ਕਾਰਨ ਲੋਕਾਂ ਨੇ ਉਸ ਨੂੰ ਹਸਪਤਾਲ ਲੈ ਜਾਣ ਦੀ ਬਜਾਏ ਝਾੜ-ਫੂਕ ਕਰ ਦਿੱਤੀ। ਕੁਝ ਸਮੇਂ ਬਾਅਦ ਔਰਤ ਦੀ ਮੌਤ ਹੋ ਗਈ। **ਨਵਾਂ ਜ਼ਮਾਨਾ**

ਟੂਣੇ ਦੀ ਉਲੰਘਣਾ 'ਤੇ ਪਰਿਵਾਰ ਦਾ ਬਾਈਕਾਟ

ਤਲਵੰਡੀ ਸਾਬੋ – ਪਿੰਡ ਮਿਰਜੇਆਣਾ ਵਿੱਚ ਟੂਣਾ ਕਰਨ ਦੀ ਉਲੰਘਣਾ ਕਰਨ ਵਾਲੇ ਪਰਿਵਾਰ ਦਾ ਪਿੰਡ ਵਾਸੀਆਂ ਵੱਲੋਂ ਸਮਾਜਿਕ ਬਾਈਕਾਟ ਕਰ ਦਿੱਤਾ ਗਿਆ। ਪਿੰਡ ਮਿਰਜੇਆਣਾ ਵਿੱਚ ਪਸ਼ੂਆਂ ਦੀ ਮੂੰਹ-ਖੁਰ ਬਿਮਾਰੀ ਦੀ ਰੋਕਥਾਮ ਲਈ ਪਿੰਡ ਵਾਸੀਆਂ ਨੇ ਮਾਲੇਰਕੋਟਲਾ ਦੇ ਕਿਸੇ ਤਾਂਤਰਿਕ ਦੇ ਕਹਿਣ 'ਤੇ ਰਾਤ ਸਮੇਂ ਪਿੰਡ ਵਿੱਚ ਦਸ ਤੋਂ ਸਵੇਰੇ ਛੇ ਵਜੇ ਤੱਕ ਬੱਤੀਆਂ ਬੰਦ ਰੱਖਣ ਦਾ ਫ਼ੈਸਲਾ ਕੀਤਾ। ਪਿੰਡ ਦੇ ਅਵਤਾਰ ਸਿੰਘ ਦੇ ਪਰਿਵਾਰ ਨੇ ਰਾਤ ਸਮੇਂ ਇੱਕ ਕਮਰੇ ਦੀ ਲਾਈਟ ਕੁਝ ਸਮੇਂ ਲਈ ਜਗਾ ਲਈ। ਇਸ ਤੋਂ ਗੁੱਸੇ ਹੋਏ ਪਿੰਡ ਵਾਸੀਆਂ ਤੇ ਪੰਚਾਇਤ ਨੇ ਉਨ੍ਹਾਂ ਦਾ ਸਮਾਜਿਕ ਬਾਈਕਾਟ ਕਰ ਦਿੱਤਾ। **ਪੰਜਾਬੀ ਟ੍ਰਿਬਿਊਨ**

ਮੇਰੇ ਹੋਣ ਦਾ ਕੋਈ ਅਰਥ ਹੈ - ਪੀ.ਸੀ. ਸੋਲੰਕੀ

(ਆਸਾ ਰਾਮ ਨੂੰ ਜੇਲ੍ਹ ਦੀਆਂ ਸੀਖਾਂ ਪਿੱਛੇ ਪਹੁੰਚਾਉਣ ਵਾਲਾ ਵਕੀਲ)



15 ਮਿੰਟ ਵਿਚ ਜੱਜ ਨੇ ਆਪਣਾ ਫੈਸਲਾ ਸੁਣਾ ਦਿੱਤਾ ਸੀ। ਉਹ 15 ਮਿੰਟ ਮੇਰੀ ਜ਼ਿੰਦਗੀ ਦੇ ਸਭ ਤੋਂ ਭਾਰੀ 15 ਮਿੰਟ ਸਨ। ਇੱਕ-ਇੱਕ ਪਲ ਜਿਵੇਂ ਪਹਾੜ ਦੀ ਤਰ੍ਹਾਂ ਲੰਘਿਆ। ਉਸ ਪੂਰੇ ਸਮੇਂ ਮੇਰੀਆਂ ਅੱਖਾਂ ਦੇ ਸਾਹਮਣੇ ਪੀੜਤਾ ਅਤੇ ਉਸਦੇ ਪਿਤਾ ਦਾ ਚਿਹਰਾ ਘੁੰਮਦਾ ਰਿਹਾ। ਜੱਜ ਸਾਹਿਬ ਜਦੋਂ ਫੈਸਲਾ ਸੁਣਾ ਕੇ ਉੱਠੇ ਤਾਂ ਲੋਕ ਮੈਨੂੰ ਵਧਾਈਆਂ ਦੇਣ ਲੱਗੇ। ਮੇਰਾ ਗਲਾ ਭਰ ਗਿਆ ਸੀ। ਮੂੰਹ ਵਿਚੋਂ ਆਵਾਜ਼ ਨਹੀਂ ਨਿਕਲ ਰਹੀ ਸੀ। ਮੈਂ ਵਕੀਲ ਹਾਂ ਮੁਕੱਦਮਾ ਲੜਨਾ, ਕੋਰਟ ਵਿਚ ਪੇਸ਼ ਹੋਣਾ, ਮੇਰਾ ਪੇਸ਼ਾ ਹੈ। ਪਰ ਜ਼ਿੰਦਗੀ ਵਿਚ ਆਖਰ ਕਿੰਨੇ ਏਸੇ ਮੌਕੇ ਆਉਂਦੇ ਹਨ, ਜਦੋਂ ਲੱਗੇ ਕਿ ਤੁਹਾਡੇ ਹੋਣ ਦਾ ਕੋਈ ਅਰਥ ਹੈ। ਉਹਨਾਂ ਪਲਾਂ ਵਿਚ ਮੈਨੂੰ ਲੱਗਿਆ ਕਿ ਮੇਰੇ ਹੋਣ ਦਾ ਕੋਈ ਅਰਥ ਹੈ।

ਮੇਰਾ ਜੀਵਨ ਸਾਰਥਿਕ ਹੋ ਗਿਆ। ਮੇਰਾ ਜਨਮ ਰਾਜਸਥਾਨ ਦੇ ਇਕ ਸਧਾਰਨ ਪਰਿਵਾਰ ਵਿਚ ਹੋਇਆ। ਪਿਤਾ ਬੇਹੱਦ ਸਧਾਰਨ ਵਿਅਕਤੀ ਸਨ ਤੇ ਮਾਂ ਅਨਪੜ੍ਹ ਸੀ। ਆਰਥਿਕ ਤੰਗੀ ਕਾਰਨ ਮੈਂ ਵੀ (ਬਚਪਨ ਵਿਚ) ਮਾਪਿਆਂ ਨਾਲ ਕੰਮ ਵਿਚ ਹੱਥ ਵਟਾਉਂਦਾ ਰਿਹਾ ਸਾਂ। ਪੜ੍ਹਾਈ ਉਪਰੰਤ ਜਦ ਮੈਂ ਇਸ ਪੇਸ਼ੇ ਵਿਚ ਆਉਣ ਦਾ ਫੈਸਲਾ ਕੀਤਾ ਤਾਂ ਮੇਰੇ ਅਧਿਆਪਕ ਨੇ ਕਿਹਾ ਕਿ ਵਕਾਲਤ ਬਹੁਤ ਜ਼ਿੰਮੇਵਾਰੀ ਵਾਲਾ ਪੇਸ਼ਾ ਹੈ। ਇਸ ਪੇਸ਼ੇ ਦੀ ਦਿੱਖ ਸਮਾਜ ਵਿੱਚ ਬਹੁਤ ਚੰਗੀ ਨਹੀਂ ਹੈ। ਪਰ ਤੈਨੂੰ ਆਪਣੀ ਦਿੱਖ ਆਪ ਬਣਾਉਣ ਅਤੇ ਆਪਣਾ ਰਾਹ ਖ਼ੁਦ ਬਣਾਉਣਾ ਪਊ।

ਜਦੋਂ ਮੈਂ ਆਸਾਰਾਮ ਦੇ ਖਿਲਾਫ਼ ਪੀੜਤਾ ਵਲੋਂ ਕੇਸ ਲੜਨ ਦਾ ਫੈਸਲਾ ਕੀਤਾ ਤਾਂ ਮੈਨੂੰ ਬਹੁਤ ਧਮਕੀਆਂ ਮਿਲੀਆਂ। ਪੈਸੇ ਦਾ ਲਾਲਚ ਦਿੱਤਾ ਗਿਆ। ਬਹੁਤ ਸਾਰੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਕਿ ਮੈਂ ਇਹ ਮੁਕੱਦਮਾ ਲੜਨਾ ਛੱਡ ਦੇਵਾਂ। ਪਰ ਹਰ ਵਾਰ ਮੈਨੂੰ ਉਹ ਦਿਨ ਯਾਦ ਆਉਂਦਾ ਰਿਹਾ ਜਦੋਂ ਪੀੜਤ ਲੜਕੀ ਦੇ ਪਿਤਾ ਪਹਿਲੀ ਵਾਰ ਮੈਨੂੰ ਕੋਰਟ ਵਿਚ ਮਿਲਣ ਆਏ ਸਨ। ਉਹ ਲੜਕੀ ਵੀ ਨਾਲ ਸੀ। ਬੇਹੱਦ ਸ਼ਾਂਤ ਅਤੇ ਬੁੱਧੀਮਾਨ। ਉਸਦੀਆਂ ਅੱਖਾਂ ਬਹੁਤ ਗੰਭੀਰ ਸਨ ਅਤੇ ਚਿਹਰਾ ਦਰਦ ਨਾਲ ਭਰਿਆਂ ਹੋਇਆ ਸੀ। ਪਿਤਾ ਬੇਹੱਦ ਉਦਾਸ ਸਨ। ਪਰ ਦ੍ਰਿੜ ਨਿਸਚੇ ਨਾਲ ਭਰੇ ਹੋਏ ਸਨ ਕਿ ਇਹ ਲੜਾਈ ਹਰ ਹਾਲ ਲੜਨੀ ਹੀ ਹੈ। ਮੈਂ ਇਹ ਲੜਾਈ ਇਸ ਲਈ ਲੜ ਸਕਿਆ ਕਿਉਂਕਿ ਪੀੜਤਾ ਅਤੇ ਉਸਦਾ ਪਰਿਵਾਰ ਇਕ ਪਲ ਲਈ ਵੀ ਆਪਣੇ ਫੈਸਲੇ ਤੋਂ ਡੋਲਿਆ ਨਹੀਂ ਸੀ। ਲੜਕੀ ਨੇ ਬਹੁਤ-ਬਹਾਦਰੀ ਨਾਲ ਅਦਾਲਤ ਵਿਚ ਖੜ੍ਹ ਕੇ ਬਿਆਨ ਦਰਜ ਕਰਵਾਏ। 94 ਪੰਨਿਆਂ ਵਿਚ ਉਸਦਾ ਬਿਆਨ ਦਰਜ ਹੈ। ਤਕਲੀਫ ਬਹੁਤ ਸੀ ਪਰ ਉਹ ਪਹਾੜ ਦੀ ਤਰ੍ਹਾਂ ਅਟਲ ਰਹੀ। ਲੜਕੀ ਦੀ ਮਾਂ 19 ਦਿਨ ਤੱਕ ਅਦਾਲਤ ਵਿਚ ਖੜ੍ਹੀ ਰਹੀ ਅਤੇ 30 ਪੰਨਿਆਂ ਵਿਚ ਉਸਦਾ ਬਿਆਨ ਦਰਜ਼ ਕੀਤਾ ਗਿਆ। ਪਿਤਾ ਰੋਂਦਾ ਰਿਹਾ ਅਤੇ ਬੋਲਦਾ ਰਿਹਾ। 56 ਪੰਨਿਆਂ ਵਿੱਚ ਬਿਆਨ ਦਰਜ ਕਰਵਾਇਆ। ਜਦ ਇੱਕ ਬੇਹੱਦ ਸਧਾਰਨ ਪਰਿਵਾਰ ਏਨੇ ਤਾਕਤਵਰ ਆਦਮੀ ਖਿਲਾਫ਼ ਇਸ ਤਰ੍ਹਾਂ ਅਟਲ ਰਹਿ ਸਕਦਾ ਸੀ ਤਾਂ ਮੈਂ ਕਿਵੇਂ ਹਾਰ ਮੰਨ ਲੈਂਦਾ। 2014 ਵਿਚ ਜਿਸ ਦਿਨ ਇਹ ਵਕਾਲਤਨਾਮਾ ਸਾਈਨ ਕੀਤਾ ਗਿਆ ਉਸ ਦਿਨ ਤੋਂ ਬਾਅਦ ਇਹ ਮੁਕੱਦਮਾ ਹੀ ਮੇਰੀ ਜ਼ਿੰਦਗੀ ਹੋ ਗਿਆ।


ਸਾਢੇ ਚਾਰ ਸਾਲ ਟਰਾਇਲ (ਮੁਕੱਦਮਾ) ਚੱਲਿਆ। ਇਹਨਾਂ ਸਾਢੇ ਚਾਰ ਸਾਲਾਂ ਵਿਚ ਮੈਂ ਹਰ ਪੇਸ਼ੀ ਉਪਰ ਕੋਰਟ ਵਿਚ ਹਾਜ਼ਰ ਰਿਹਾ। ਅੱਠ ਵਾਰ ਸੁਪਰੀਮ ਕੋਰਟ ਵਿਚ ਪੇਸ਼ੀ ਹੋਈ। 1000 ਵਾਰ ਤੋਂ ਜ਼ਿਆਦਾਵਾਰ ਟਰਾਇਲ ਕੋਰਟ ਵਿਚ ਪੇਸ਼ ਹੋਇਆ। ਜਿਨਾ ਮਾਮੂਲੀ-ਪੀੜਤਾ ਦਾ ਪਰਿਵਾਰ ਸੀ ਉਹਨਾਂ ਹੀ ਮਾਮੂਲੀ ਵਕੀਲ ਸੀ। ਇਸ ਤਰਫ ਮੈਂ ਸੀ ਅਤੇ ਦੂਸਰੀ ਤਰਫ ਸਨ ਦੇਸ਼ ਦੀ ਰਾਜਧਾਨੀ ਵਿਚ ਬੈਠੇ ਕੱਦਾਵਰ ਵਕੀਲ। ਸਭ ਤੋਂ ਪਹਿਲਾਂ ਆਸਾਰਾਮ ਨੂੰ ਜਮਾਨਤ ਦਿਵਾਉਣ ਰਾਮ ਜੇਠ ਮਲਾਨੀ ਆਏ। ਜਮਾਨਤ ਜਾਚਿਕਾ ਰੱਦ ਹੋ ਗਈ। ਫੇਰ ਕੇ ਟੀ ਐਸ ਤੁਲਸੀ ਪਰ ਆਸਾਰਾਮ ਨੂੰ ਕੋਈ ਰਾਹਤ ਨਹੀਂ ਮਿਲੀ। ਫਿਰ ਸੁਬਰਾਮਨੀਅਮ ਸੁਆਮੀ ਆਏ ਪਰ ਫੈਸਲਾ ਸਾਡੇ ਪੱਖ ਵਿਚ ਆਇਆ। ਫਿਰ ਆਏ ਰਾਜੂ ਰਾਮ ਚੰਦਰਨ ਪਰ ਜਮਾਨਤ ਦੀ ਅਰਜੀ ਫਿਰ ਰੱਦ ਹੋ ਗਈ। ਫਿਰ ਸਿਧਾਰਥ ਲੂਥਰਾ, ਸਾਬਕਾ ਅਟਾਰਨੀ ਜਨਰਲ ਮੁਕੁਲ ਰੋਹਤਗੀ, ਸਲਮਾਨ ਖੁਰਸ਼ੀਦ, ਸੋਲੀ ਸੋਰਾਬਜੀ, ਵਿਕਾਸ ਸਿੰਘ, ਐਸ.ਕੇ ਜੈਨ ਸਭਨੇ ਅੱਡੀ ਚੋਟੀ ਦਾ ਜੋਰ ਲਾ ਦਿੱਤਾ।

ਤਿੰਨ ਵਾਰ ਸੁਪਰੀਮ ਕੋਰਟ ਵਿੱਚ ਆਸਾਰਾਮ ਦੀ ਅਰਜੀ ਖਾਰਜ ਹੋਈ। ਕੁਲ ਛੇ ਵਾਰ ਦੋਸ਼ੀ ਨੇ ਜਮਾਨਤ ਦੀ ਕੋਸ਼ਿਸ਼ ਕੀਤੀ ਅਤੇ ਹਰ ਵਾਰ ਫੈਸਲਾ ਸਾਡੇ ਪੱਖ ਵਿੱਚ ਆਇਆ।

ਬਾਕੀ ਪੰਨਾ 8 'ਤੇ

ਫਾਸ਼ੀਵਾਦੀ ਸੱਤਾ

ਗੈਰ-ਵਿਗਿਆਨਕ ਪ੍ਰਯੋਗਾਂ ਨੂੰ ਖੁੱਲ੍ਹੀ ਹਮਾਇਤ



ਗੁਰਪ੍ਰੀਤ ਚੋਗਾਵਾਂ

ਸਵੈ-ਸੇਵਕ ਸੰਘ ਦਾ ਸਿਆਸੀ ਫਰੰਟ, ਭਾਜਪਾ 2014 ਤੋਂ ਸੱਤਾ ਵਿੱਚ ਆਇਆ ਹੈ, ਇਸਨੇ ਸਿੱਖਿਆ, ਇਤਿਹਾਸ, ਸੱਭਿਆਚਾਰ ਅਤੇ ਵਿਗਿਆਨ 'ਤੇ ਇੱਕ ਯੋਜਨਾਬੱਧ ਹਮਲਾ ਵਿੱਢਿਆ ਹੋਇਆ ਹੈ। ਆਰ.ਐੱਸ.ਐੱਸ. ਇੱਕ ਫਾਸ਼ੀਵਾਦੀ ਸੰਗਠਨ ਹੈ, ਜੋ ਭਾਰਤ ਨੂੰ ਇੱਕ 'ਹਿੰਦੂ ਰਾਸ਼ਟਰ' ਬਣਾਉਣਾ ਚਾਹੁੰਦਾ ਹੈ। ਇਹ ਜਥੇਬੰਦੀ 1925 ਤੋਂ ਇਸੇ ਕੋਸ਼ਿਸ਼ ਵਿੱਚ ਲੱਗੀ ਹੋਈ ਹੈ। ਭਾਰਤੀ ਦੀ ਸੱਤਾ 'ਤੇ ਕਾਬਜ ਹੋਣ ਤੋਂ ਬਾਅਦ ਹੁਣ ਇਹਨਾਂ ਦੀਆਂ ਇਹ ਕੋਸ਼ਿਸ਼ਾਂ ਹੋਰ ਤੇਜ ਹੋ ਗਈਆਂ ਹਨ। ਇੱਥੇ ਇਹ ਦੱਸਣਾ ਬਣਦਾ ਹੈ ਕਿ ਇਹ ਉਹੀ ਆਰ.ਐੱਸ.ਐੱਸ. ਹੈ ਜਿਸਦੇ 'ਬੁੱਧੀਜੀਵੀ' ਇਹ ਪ੍ਰਚਾਰਦੇ ਹਨ ਕਿ ਭਾਰਤ ਵਿੱਚ ਹਜ਼ਾਰਾਂ ਸਾਲ ਪਹਿਲਾਂ ਹਵਾਈ ਜਹਾਜ ਦੀ ਖੋਜ ਹੋ ਚੁੱਕੀ ਸੀ, ਪਲਾਸਟਿਕ ਸਰਜਰੀ ਹੁੰਦੀ ਸੀ, ਗਾਂ ਆਕਸੀਜਨ ਦਿੰਦੀ ਹੈ। ਫਾਸ਼ੀਵਾਦੀ ਹਮੇਸ਼ਾਂ ਤੋਂ ਹੀ ਗੈਰ ਵਿਗਿਆਨਕ ਧਾਰਨਾਵਾਂ ਨੂੰ ਅਲੱਗ-ਅਲੱਗ ਤਰੀਕਿਆਂ ਨਾਲ ਲੋਕਾਂ ਵਿੱਚ ਪੱਕਾ ਕਰਦੇ ਹਨ। ਭਾਜਪਾ ਸਰਕਾਰ ਲੋਕਾਂ ਦਾ ਖੂਨ ਨਿਚੋੜ ਕੇ ਇਕੱਠੇ ਕੀਤੇ ਹੋਏ ਟੈਕਸ ਦੇ ਪੈਸੇ ਬੜੀ ਬੇਰਹਿਮੀ ਨਾਲ ਗੈਰ-ਵਿਗਿਆਨਕ ਸੰਘੀ ਧਾਰਨਾਵਾਂ ਨੂੰ ਸਹੀ ਸਿੱਧ ਕਰਨ ਲਈ ਲਾ ਰਹੀ ਹੈ। ਲੋਕਾਂ ਤੋਂ ਟੈਕਸਾਂ ਦੇ ਰੂਪ ਵਿੱਚ ਇਕੱਠੇ ਕੀਤੇ ਪੈਸੇ ਜਿੱਥੇ ਸਿੱਖਿਆ, ਸਿਹਤ, ਰੁਜ਼ਗਾਰ ਦੇ ਨਵੇ ਮੌਕੇ ਪੈਦਾ ਕਰਨ, ਦੇਸ਼ ਵਿੱਚੋਂ ਭੁੱਖਮਰੀ, ਗਰੀਬੀ ਦੂਰ ਕਰਨ ਲਈ ਹੀ ਲੱਗਣੇ ਚਾਹੀਦੇ ਹਨ, ਉੱਥੇ ਭਾਜਪਾ ਆਪਣੀ ਲੋਕ ਵਿਰੋਧੀ ਭੂਮਿਕਾ ਨੂੰ ਜਾਰੀ ਰੱਖਦੇ ਹੋਏ ਸਰਕਾਰੀ ਖਜ਼ਾਨੇ ਨੂੰ ਹਿੰਦੂ ਰਾਸ਼ਟਰ ਦੀ ਵਿਚਾਰਧਾਰਾ ਨੂੰ ਫੈਲਾਉਣ ਵਿੱਚ ਲਾਉਣ ਲੱਗੀ ਹੋਈ ਹੈ। ਅਜਿਹੇ ਅਨੇਕਾਂ ਪ੍ਰੋਜੈਕਟ ਹਨ ਜੋ ਅਲੱਗ-ਅਲੱਗ ਪੱਧਰ 'ਤੇ ਚੱਲ ਰਹੇ ਹਨ ਅਤੇ ਸਕੂਲ-ਕਾਲਜ ਦੀ ਪੜ੍ਹਾਈ ਵਿੱਚ ਵੀ ਦੇਸੀ ਗਾਂ ਦੇ ਫਾਇਦੇ ਬਾਰੇ ਇਮਤਿਹਾਨ, ਹਿੰਦੂਤਵੀ ਇਤਿਹਾਸ, ਨਵੇਂ ਫਿਰਕੂ ਪਾਠ ਵਿਦਿਆਰਥੀਆਂ ਦੇ ਮਨਾਂ ਵਿੱਚ ਜ਼ਹਿਰ ਘੋਲਣ ਲਈ ਵਰਤੇ ਜਾ ਰਹੇ ਹਨ।

'ਦਾ ਹਿੰਦੂ' ਅਖ਼ਬਾਰ ਵਿੱਚ ਛਪੀ ਇੱਕ ਖ਼ਬਰ ਮੁਤਾਬਿਕ, ਭਾਰਤ ਦੇ 'ਵਿਗਿਆਨ ਅਤੇ ਤਕਨੀਕ ਮੰਤਰਾਲੇ' ਵੱਲੋਂ ਰਿਸ਼ੀਕੇਸ਼ ਦੇ ਏਮਜ਼ ਹਸਪਤਾਲ ਵਿੱਚ ਗਾਇਤ੍ਰੀ ਮੰਤਰ ਦੇ ਜਾਪ ਨਾਲ ਕੋਰੋਨਾ ਬਿਮਾਰੀ ਦੇ ਮਰੀਜ਼ਾਂ 'ਤੇ ਹੋਣ ਵਾਲੇ ਅਸਰ ਦੀ ਜਾਂਚ ਲਈ ਇੱਕ ਸਰਵੇਖਣ ਕੀਤਾ ਜਾਵੇਗਾ। ਸਰਵੇਖਣ ਦੁਆਰਾ ਗਾਯਤ੍ਰੀ ਮੰਤਰ ਅਤੇ ਯੋਗਾ ਦੇ ਬਿਮਾਰੀ ਨੂੰ ਠੀਕ ਕਰਨ ਦੇ ਪ੍ਰਭਾਵਾਂ 'ਤੇ ਖੋਜ ਕੀਤੀ ਜਾਵੇਗੀ। ਇਸ ਕੰਮ ਲਈ 3 ਲੱਖ ਰੁਪਏ ਵੀ ਜਾਰੀ ਕਰ ਦਿੱਤੇ ਗਏ ਹਨ।

ਜਿਸ ਭਾਰਤ ਵਿੱਚ ਲੋਕ ਹਸਪਤਾਲਾਂ ਵਿੱਚ ਇਲਾਜ ਦੀ ਘਾਟ ਕਾਰਨ ਸੜਕਾਂ 'ਤੇ ਮਰਨ ਲਈ ਮਜ਼ਬੂਰ ਹਨ ਉੱਥੇ ਅਜਿਹੇ ਗੈਰ-ਵਿਗਿਆਨਕ ਸਰਵੇਖਣ ਉੱਤੇ ਪੈਸੇ ਖਰਚਣੇ ਕੀ ਹਾਸੋਹੀਣੇ ਅਤੇ ਤਰਕਹੀਣ ਨਹੀਂ ਹਨ ? ਇੱਥੇ ਹੀ ਬੱਸ ਨਹੀਂ, ਸਗੋਂ ਭਾਰਤੀ ਵਿਗਿਆਨ ਅਤੇ ਤਕਨੀਕ ਮੰਤਰਾਲੇ ਵੱਲੋਂ 2017 ਵਿੱਚ ਗਾਂ ਦੇ ਗੋਹੇ ਅਤੇ ਗਾਂ ਦੇ ਪਿਸ਼ਾਬ 'ਤੇ ਵਿਗਿਆਨਕ ਖੋਜ ਕਰਨ ਲਈ ਇੱਕ ਕਮੇਟੀ ਵੀ ਬਣਾਈ ਗਈ ਸੀ। ਇਸ ਪ੍ਰੋਗਰਾਮ ਦਾ ਨਾਮ 'ਸਵਰੂਪ' ਰੱਖਿਆ ਗਿਆ ਸੀ। ਕਮੇਟੀ ਦੇ ਮੈਂਬਰਾਂ ਵਿੱਚ ਆਰ.ਐੱਸ.ਐੱਸ. ਨਾਲ ਜੁੜੀ 'ਵਿਗਿਆਨ ਭਾਰਤੀ' ਸੰਸਥਾ ਵੀ ਸੀ। ਇਹ ਸੰਸਥਾ ਸੰਘ ਦੀ ਹਿੰਦੂਤਵੀ ਵਿਚਾਰਧਾਰਾ ਨੂੰ ਵਿਗਿਆਨ ਦੇ ਖੇਤਰ ਵਿੱਚ ਪ੍ਰਚਾਰਨ ਲਈ ਬਣੀ ਹੈ। ਜਦੋਂ 2014 ਵਿੱਚ ਮੋਦੀ ਸਰਕਾਰ ਸੱਤਾ ਵਿੱਚ ਆਈ ਸੀ ਤਾਂ 2 ਕਰੋੜ ਲੋਕਾਂ ਨੂੰ ਰੁਜ਼ਗਾਰ ਦੇਣ ਦਾ ਵਾਅਦਾ ਕੀਤਾ ਸੀ ਪਰ ਸੱਤਾ ਹਾਸਲ ਕਰਨ ਤੋਂ ਬਾਅਦ ਲੋਕਾਂ ਨੂੰ ਰੁਜ਼ਗਾਰ ਦੇਣ ਦੀ ਥਾਂ ਭਾਜਪਾ ਟੈਕਸ ਦੇ ਪੈਸੇ ਇਹਨਾਂ ਕੰਮਾਂ 'ਤੇ ਖਰਚ ਰਹੀ ਹੈ। ਇਹ ਸਭ ਲੋਕਾਂ ਦੇ ਪੈਸੇ ਹਨ ਜੋ ਨਵੇਂ ਹਸਪਤਾਲ ਬਣਾਉਣ ਲਈ ਵੀ ਵਰਤੇ ਜਾ ਸਕਦੇ ਹਨ।

ਅੱਜ ਭਾਰਤ ਵਿੱਚ ਸਿਹਤ ਸਹੂਲਤਾਂ ਦਾ ਇਹ ਹਾਲ ਹੈ ਕਿ 10,000 ਲੋਕਾਂ ਪਿੱਛੇ ਸਿਰਫ਼ 5 ਹਸਪਤਾਲ ਬੈੱਡ ਹੀ ਹਨ, 10,000 ਅਬਾਦੀ ਪਿੱਛੇ ਸਿਰਫ 8 ਡਾਕਟਰ ਹਨ, ਅਜਿਹੇ ਦੇਸ਼ ਵਿੱਚ ਗਾਂ ਦੇ ਪਿਸ਼ਾਬ ਅਤੇ ਗੋਹੇ 'ਤੇ ਖੋਜ ਕਰਨਾ ਹੱਦ ਦਰਜੇ ਦੀ ਘਟੀਆ ਤੇ ਸ਼ਰਮਨਾਕ ਗੱਲ ਹੈ। ਇਹ ਸਭ ਤਮਾਸ਼ਾ ਸਿਰਫ਼ ਸੰਘ ਦੀ ਹਿੰਦੂਤਵੀ ਸੋਚ ਨੂੰ ਲੋਕਾਂ ਵਿੱਚ ਪੱਕਾ ਕਰਨ ਲਈ ਕੀਤਾ ਜਾ ਰਿਹਾ ਹੈ।

ਆਰ.ਐੱਸ.ਐੱਸ. ਨਾਲ ਸਬੰਧਿਤ 'ਅਰੋਗਿਆ ਭਾਰਤੀ' ਅਦਾਰੇ ਨੇ ਤਾਂ ਗੋਰੇ, ਲੰਬੇ ਅਤੇ ਅਕਲਮੰਦ ਆਰੀਆ ਬੱਚੇ ਪੈਦਾ ਕਰਨ ਲਈ ਇੱਕ 'ਗਰਭ ਵਿਗਿਆਨ ਸੰਸਕਾਰ' ਨਾਮ ਦਾ ਪ੍ਰੋਜੈਕਟ ਵੀ ਸ਼ੁਰੂ ਕਰ ਦਿੱਤਾ ਹੈ। ਉਹਨਾਂ ਅਨੁਸਾਰ ਆਯੂਰਵੇਦ, ਮੰਤਰ, ਜੋਤਿਸ਼ ਸਿੱਖਿਆ ਆਦਿ ਦੀ ਮਦਦ ਨਾਲ ਅਜਿਹਾ ਕੀਤਾ ਜਾਵੇਗਾ। ਇੱਕ ਆਰ.ਐੱਸ.ਐੱਸ. ਪ੍ਰਚਾਰਕ

ਮੁਤਾਬਿਕ ਤਾਂ ਜੇਕਰ ਮਾਂ ਗਰਭ ਦੇ ਸਮੇਂ ਦੌਰਾਨ ਧਾਰਮਿਕ ਸਲੋਕ ਪੜ੍ਹੇ ਜਾਣ ਤਾਂ ਬੱਚੇ ਦਾ ਮਾਨਸਿਕ ਵਿਕਾਸ ਹੋਰ ਤੇਜ਼ ਹੋਵੇਗਾ ਅਤੇ ਬੱਚੇ ਦਾ ਭਾਰ 300 ਗ੍ਰਾਮ ਵੱਧ ਹੋਵੇਗਾ (ਖਬਰ ਇੰਡੀਅਨ ਐਕਸਪ੍ਰੈੱਸ)

ਇਹ ਪ੍ਰੋਜੈਕਟ ਸਿੱਧੇ ਰੂਪ ਵਿੱਚ ਜਰਮਨ ਨਾਜ਼ੀ ਵਿਚਾਰਾਂ ਤੋਂ ਪ੍ਰਭਾਵਿਤ ਹੈ। ਹਿਟਲਰ ਦੀ ਨਾਜੀ ਪਾਰਟੀ ਵੀ ਇੱਕ ਪ੍ਰੋਜੈਕਟ 'ਲੇਬੇਂਸਬੋਰਨ' ਲੈ ਕੇ ਆਈ ਸੀ। 'ਲੇਬੇਂਸਬੋਰਨ' ਕੈਂਪਾਂ ਵਿੱਚ ਸ਼ੁੱਧ ਆਰੀਆ, ਲੰਬੇ, ਨੀਲੀਆਂ ਅੱਖਾਂ ਵਾਲੇ ਬੱਚੇ ਪੈਦਾ ਕੀਤੇ ਜਾਣੇ ਸਨ। ਨਸਲੀ ਸ਼ੁੱਧਤਾ ਲਈ ਲੱਖਾਂ ਯਹੂਦੀਆਂ ਦਾ ਕਤਲੇਆਮ ਕਰ ਦਿੱਤਾ ਗਿਆ ਸੀ। ਉਸ ਵੇਲੇ ਆਰ.ਐੱਸ.ਐੱਸ. ਦੇ ਮੁਖੀ ਗੋਲਵਾਲਕਰ ਨੇ ਹਿਟਲਰ ਦੀ ਤਾਰੀਫ ਕਰਦਿਆਂ ਕਿਹਾ ਸੀ ਕਿ ਹਿਟਲਰ ਨੇ ਆਪਣੀ ਨਸਲ ਦੀ ਸ਼ੁੱਧਤਾ ਲਈ ਮਹਾਨ ਕੰਮ ਕੀਤਾ ਹੈ। ਜੱਗ ਜਾਹਰ ਹੈ ਕਿ ਅਰੋਗਿਆ ਭਾਰਤੀ ਦੇ ਇਹ 'ਉੱਤਮ ਬੱਚੇ' ਪੈਦਾ ਕਰਨ ਦੇ ਗੈਰ-ਵਿਗਿਆਨਕ ਪ੍ਰਯੋਗ ਵੀ ਇਸੇ ਹਿੰਦੂਤਵੀ ਨੀਤੀ ਦਾ ਹਿੱਸਾ ਹਨ। ਭਾਰਤ ਸਰਕਾਰ ਵੱਲੋਂ ਇਹਨਾਂ ਅਣਮਨੁੱਖੀ ਗੈਰ-ਵਿਗਿਆਨਕ ਪ੍ਰਯੋਗਾਂ ਨੂੰ ਪੂਰੀ ਖੁੱਲ੍ਹ ਦਿੱਤੀ ਜਾ ਰਹੀ ਹੈ। ਕੁੱਝ ਮਨੁੱਖੀ ਅਧਿਕਾਰ ਜਥੇਬੰਦੀਆਂ ਵੱਲੋਂ ਇਸਦਾ ਵਿਰੋਧ ਕੀਤੇ ਜਾਣ 'ਤੇ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ।

ਭਾਰਤ ਸਰਕਾਰ ਵੱਲੋਂ ਸੰਘੀ ਵਿਚਾਰਧਾਰਾ ਨੂੰ ਇਤਿਹਾਸਕ ਤੌਰ 'ਤੇ ਸਹੀ ਸਿੱਧ ਕਰਨ ਦੀਆਂ ਇਨ੍ਹਾਂ ਕੋਸ਼ਿਸ਼ਾਂ ਦੀ ਇੱਕ ਹੋਰ ਤਾਜਾ ਉਦਾਹਰਨ ਹੈ। 'ਦਾ ਵਾਇਰ' ਦੀ ਇੱਕ ਰਿਪੋਰਟ ਮੁਤਾਬਕ ਹਰਿਆਣਾ ਦੀ ਭਾਜਪਾ ਸਰਕਾਰ ਨੇ ਸਰਸਵਤੀ ਨਦੀ ਦੀ ਖੋਜ ਲਈ 6 ਕਰੋੜ ਰੁਪਏ ਜਾਰੀ ਕੀਤੇ ਹਨ। ਸਰਸਵਤੀ ਨਦੀ ਨੂੰ 'ਮੁੜ ਜੀਵਤ' ਕਰਨ ਲਈ, ਮਾਰਕੰਡਾ ਨਦੀ ਦਾ 894 ਹੈਕਟੇਅਰ ਮੀਟਰ ਪਾਣੀ ਸਰਵਸਤੀ ਨਦੀ ਵਿੱਚ ਪਾਇਆ ਜਾਵੇਗਾ। ਸਰਸਵਤੀ ਨਦੀ ਨੂੰ ਭੂਗੋਲ ਵਿਗਿਆਨੀ ਕਾਲਪਨਿਕ ਮੰਨਦੇ ਹਨ ਪਰ ਹਿੰਦੂਤਵੀ 'ਇਤਿਹਾਸਕਾਰ' ਵੈਦਿਕ ਆਰੀਆ ਨਸਲ ਦਾ ਜਨਮ ਅਸਥਾਨ ਸਰਸਵਤੀ ਨਦੀ ਦੇ ਕੰਢੇ ਮੰਨਦੇ ਹਨ। ਉਹਨਾਂ ਮੁਤਾਬਿਕ ਸਿੰਧੂ ਘਾਟੀ ਦੀ ਸੱਭਿਅਤਾ ਅਸਲ ਵਿੱਚ ਵੈਦਿਕ ਸੱਭਿਅਤਾ ਹੀ ਸੀ।

ਭਾਰਤ ਵਿੱਚ ਵੱਖ-ਵੱਖ ਧਰਮਾਂ ਦੇ ਲੋਕ ਵਸਦੇ ਹਨ। ਜਮਹੂਰੀਅਤ ਦੀ ਘੱਟੋ ਘੱਟ ਸ਼ਰਤ ਸੱਤਾ ਦਾ ਧਰਮ ਨਿਰਲੇਪ ਹੋਣਾ ਹੁੰਦਾ ਹੈ। ਭਾਵੇਂ ਪਹਿਲਾਂ ਵੀ ਭਾਰਤ ਵਿੱਚ ਸਰਕਾਰਾਂ ਬਹੁਗਿਣਤੀ ਹਿੰਦੂ ਅਬਾਦੀ ਦੀਆਂ ਭਾਵਨਾਵਾਂ ਨੂੰ ਸੱਤਾ ਹਾਸਲ ਕਰਨ ਲਈ ਵਰਤਦੀਆਂ ਰਹੀਆਂ ਹਨ ਪਰ ਹੁਣ ਭਾਜਪਾ ਸਰਕਾਰ ਤਾਂ ਸਭ ਹੱਦਾਂ ਬੰਨੇ ਟਪ ਗਈ ਹੈ। ਇੱਥੇ ਇਹ ਦੱਸਣਾ ਜਰੂਰੀ ਬਣਦਾ ਹੈ ਕਿ ਰਾਸ਼ਟਰੀ ਸਵੈਸੇਵਕ ਸੰਘ ਦੇ ਹਿੰਦੂ ਰਾਸ਼ਟਰ ਵਿੱਚ ਗਰੀਬ, ਕਿਰਤੀ ਹਿੰਦੂਆਂ ਦਾ ਵੀ ਕੋਈ ਭਲਾ ਨਹੀਂ ਹੋਵੇਗਾ। ਸਿਰਫ ਕੁਝ ਸਰਮਾਏਦਾਰਾਂ ਨੂੰ ਮੋਟੇ ਮੁਨਾਫ਼ੇ ਪਹੁੰਚਾਏ ਜਾਣਗੇ।

ਫਾਸ਼ੀਵਾਦੀ ਤਾਕਤਾਂ ਦਾ ਵਜੂਦ ਹੀ ਝੂਠ ਬੋਲਣ ਦੀ ਮੁਹਾਰਤ ਉੱਤੇ ਟਿਕਿਆ ਹੁੰਦਾ ਹੈ। ਹਰ ਪਿਛਾਖੜੀ ਤਾਕਤ ਵਿਗਿਆਨ ਤੋਂ ਡਰਦੀ ਹੈ। ਲੋਕਾਂ ਵਿੱਚ ਗੈਰ-ਵਿਗਿਆਨਕ ਤੱਥ ਪੇਸ਼ ਕਰਕੇ ਧਰਮ, ਨਸਲ ਦੀ ਉੱਚਤਾ ਦਾ ਵਿਚਾਰ ਪ੍ਰਚਾਰਿਆ ਜਾਂਦਾ ਹੈ। ਇੱਕ ਕਾਲਪਨਿਕ ਸੁਨਹਿਰੇ ਅਤੀਤ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਨਾ ਹਰ ਫਾਸ਼ੀਵਾਦੀ ਤਾਕਤ ਦੀ ਪਛਾਣ ਹੁੰਦੀ ਹੈ। ਸੱਤਾ ਵਿੱਚ ਆਉਣ ਤੋਂ ਬਾਅਦ ਸੰਘ ਵੀ ਆਪਣੇ ਝੂਠੇ ਪ੍ਰਚਾਰ ਨੂੰ ਹੋਰ ਤੇਜ ਕਰਨ ਲਈ ਸਰਕਾਰੀ ਢਾਂਚੇ ਦੀ ਵਰਤੋਂ ਕਰ ਰਿਹਾ ਹੈ। ਲਗਭਗ ਹਰ ਸਰਕਾਰੀ ਸੰਸਥਾ ਸੰਘ ਸਾਹਮਣੇ ਗੋਡੇ ਟੇਕ ਰਹੀ ਹੈ। ਇਤਿਹਾਸ ਇਹ ਦਿਖਾਉਂਦਾ ਹੈ ਕਿ ਫਾਸ਼ੀਵਾਦੀ ਤਾਕਤਾਂ ਨੂੰ ਸਭ ਕਿਰਤੀ ਲੋਕਾਂ ਦਾ ਏਕਾ ਹੀ ਹਰਾ ਸਕਦਾ ਹੈ।

ਪੰਨਾ 6 ਦਾ ਬਾਕੀ...

ਲੋਕ ਮੈਨੂੰ ਕਹਿੰਦੇ ਕਿ ਤੈਨੂੰ ਡਰ ਨਹੀਂ ਲਗਦਾ। ਮੈਂ ਕਿਹਾ ਮੇਰੀ 80 ਸਾਲ ਦੀ ਮਾਂ ਅਤੇ 85 ਸਾਲ ਦੇ ਪਿਤਾ ਨੂੰ ਡਰ ਨਹੀਂ ਲਗਦਾ। ਜਦ ਤੁਸੀਂ ਸੱਚ ਦੇ ਨਾਲ ਹੁੰਦੇ ਹੋ ਤਾਂ ਸੱਚ ਤੁਹਾਨੂੰ ਨੈਤਿਕ ਬਲ ਨਾਲ ਭਰ ਦਿੰਦਾ ਹੈ। ਮੈਂ ਸੱਚ ਨਾਲ ਖੜ੍ਹਾ ਰਿਹਾ, ਤੇ ਮੇਰਾ ਪਰਿਵਾਰ ਮੇਰੇ ਨਾਲ। ਮੇਰੀ ਮਾਂ ਅਨਪੜ੍ਹ ਬੱਸ ਏਨਾ ਜਾਣਦੀ ਸੀ ਕਿ ਆਸਾ ਰਾਮ ਦੇ ਕੁਕਰਮਾਂ ਖਿਲਾਫ ਲੜਕੀ ਲਈ ਨਿਆਂ ਹਾਸਲ ਕਰਨ ਲਈ ਮੈਂ ਲੜ ਰਿਹਾ ਹਾਂ। ਮੈਨੂੰ ਸੱਚ ਲਈ ਲੜਦਾ ਦੇਖ ਮੇਰੇ ਪਿਤਾ ਦੀਆਂ ਬੁੱਢੀਆਂ ਅੱਖਾਂ ਵਿਚ ਮਾਣ ਦੀ ਚਮਕ ਦਿਖਾਈ ਦਿੰਦੀ। ਪਤਨੀ ਖੁਸ਼ ਸੀ ਕਿ ਮੈਂ ਇੱਕ ਲੜਕੀ ਦੇ ਹੱਕ ਲਈ ਲੜਿਆ।

(ਇਹ ਲੇਖ ਪੀ. ਸੀ. ਸੋਲੰਕੀ ਨਾਲ ਹੋਈ ਗੱਲਬਾਤ 'ਤੇ ਅਧਾਰਿਤ ਹੈ।) (25000 ਕਰੋੜ ਦੀ ਸੰਪਤੀ ਦਾ ਮਾਲਿਕ ਆਸਾ ਰਾਮ, ਜਿਨਾਂ ਨੂੰ ਖਰੀਦ ਸਕਦਾ ਸੀ, ਖਰੀਦ ਰਿਹਾ ਸੀ। ਉਹਨਾਂ ਦਿਨਾਂ ਵਿਚ ਸਾਰਾ ਹਿੰਦੂਤਵ ਬ੍ਰਿਗੇਡ ਇਸ ਨੂੰ ਅੰਤਰ ਰਾਸ਼ਟਰੀ ਸਾਜ਼ਿਸ਼ ਦੇ ਤਹਿਤ ਸਨਾਤਨ ਸੰਸਕ੍ਰਿਤੀ ਉੱਪਰ ਹਮਲਾ ਦੱਸ ਰਿਹਾ ਸੀ। ਪੀੜਤਾ ਦੇ ਪਹਿਲੇ ਮਦਦਗਾਰ ਬਣੇ ਏ.ਸੀ.ਪੀ. ਲਾਂਬਾ ਅਤੇ ਦੂਸਰੇ ਮਦਦਗਾਰ ਬਣੇ ਪੀ.ਸੀ. ਸੋਲੰਕੀ। ਆਸਾਰਾਮ ਦੇ ਭਗਤਾਂ ਬਨਾਮ ਗੁੰਡਿਆਂ ਦੁਆਰਾ ਅਨੇਕਾਂ ਗਵਾਹਾਂ ਉਪਰ ਹਮਲੇ ਕਰਕੇ ਉਹਨਾਂ ਨੂੰ ਮੌਤ ਦੇ ਘਾਟ ਉਤਾਰ ਦੇਣ ਦੇ ਬਾਵਜੂਦ ਪੀ.ਸੀ.ਸੋਲੰਕੀ ਹਿਮਾਲਯ ਦੀ ਤਰ੍ਹਾਂ ਡਟਿਆ ਰਿਹਾ।)

ਪੰਜਾਬੀ ਅਨੁਵਾਦ : ਪਾਲ ਬਾਗਪੁਰ

94173 13738

ਮੋਟਾਪਾ



ਡਾ. ਨਵਦੀਪ ਸਿੰਘ

ਪਿਛਲੇ ਅੰਕ ਵਿੱਚ ਛਪੇ ਇਸ ਲੇਖ ਦੇ ਭਾਗ ਵਿੱਚ ਅਸੀਂ ਮੋਟਾਪਾ ਅਤੇ ਉਸ ਨਾਲ ਜੁੜੀਆਂ ਸਿਹਤ ਸਮੱਸਿਆਵਾਂ ਨੂੰ ਠੀਕ ਕਰਨ ਵਾਲੇ ਗੈਰ-ਵਿਗਿਆਨਕ ਦਾਅਵਿਆਂ ਦਾ ਪਰਦਾਫਾਸ਼ ਕਰਦੇ ਹੋਏ ਸਹੀ ਕਾਰਨ ਲੱਭਣ ਦੀ ਕੋਸ਼ਿਸ਼ ਕੀਤੀ ਸੀ ਕਿਉਂਕਿ ਸਹੀ ਕਾਰਨ ਪਤਾ ਹੋਣ 'ਤੇ ਹੀ ਸਹੀ ਹੱਲ ਕੱਢਿਆ ਜਾ ਸਕਦਾ ਹੈ।

ਭਾਵੇਂ ਸਰੀਰ ਦੇ ਵਿੱਚ ਚਰਬੀ ਵਧਣ ਦੇ ਦੋ ਹੀ ਕਾਰਨ ਹਨ, ਪਹਿਲਾ ਖੁਰਾਕ ਦੇ ਵਿੱਚ ਗੜਬੜੀ ਅਤੇ ਦੂਸਰਾ ਸਰੀਰਕ ਹਿੱਲਜੁਲ ਦੀ ਘਾਟ। ਪਰ ਮੋਟਾਪੇ ਦੇ ਜਿਆਦਾਤਰ ਮਾਮਲਿਆਂ ਵਿੱਚ ਖੁਰਾਕ ਦਾ ਰੋਲ 80% ਤੋਂ ਵੀ ਉੱਪਰ ਹੈ ਅਤੇ ਇਸੇ ਕਾਰਨ ਅਸੀਂ ਖੁਰਾਕ ਬਾਰੇ ਹੀ ਹੁਣ ਡੂੰਘਾਈ ਵਿੱਚ ਗੱਲ ਕਰਾਂਗੇ।

ਅਸੀਂ ਜੋ ਵੀ ਖਾਂਦੇ ਹਾਂ, ਸਾਡੇ ਸਰੀਰ ਨੂੰ ਉਸ ਵਿੱਚੋਂ ਊਰਜਾ ਮਿਲਦੀ ਹੈ। ਜਿਸ ਤਰ੍ਹਾਂ ਅਸੀਂ ਪਾਣੀ ਜਾਂ ਤੇਲ ਨੂੰ ਲੀਟਰ ਵਿੱਚ ਮਾਪਦੇ ਹਾਂ ਉਸੇ ਤਰ੍ਹਾਂ ਊਰਜਾ ਨੂੰ 'ਕੇਲੋਰੀ' ਵਿੱਚ ਮਾਪਿਆ ਜਾਂਦਾ ਹੈ। ਇੱਕ ਰੋਟੀ ਵਿੱਚ 100 ਕੇਲੋਰੀ ਹੁੰਦੀਆਂ ਹਨ ਅਤੇ ਇੱਕ ਬਿਸਕੁਟ ਵਿੱਚ ਲਗਭਗ 30 ਕੇਲੋਰੀ। ਪਰ ਇਸਦਾ ਭਾਰ ਵਧਣ ਨਾਲ ਕੀ ਸੰਬੰਧ ਹੈ ?

ਸ਼ਾਇਦ ਤੁਸੀਂ 'ਭੌਤਿਕ ਵਿਗਿਆਨ' ਦੇ ਇੱਕ ਬੁਨਿਆਦੀ ਸਿਧਾਂਤ 'ਊਰਜਾ ਦੀ ਸੰਭਾਲ' (Law of Conservation of Energy) ਬਾਰੇ ਸੁਣਿਆ ਹੋਵੇ। ਸਾਡੇ ਸਰੀਰ ਵਿੱਚ ਮੋਟਾਪਾ ਵਧਣ ਦੇ ਪਿੱਛੇ ਇਹੋ ਸਿਧਾਂਤ ਕੰਮ ਕਰਦਾ ਹੈ। ਕਹਿਣ ਤੋਂ ਭਾਵ ਹੈ ਕਿ ਸਾਡੇ ਸਰੀਰ ਵਿੱਚ ਜੋ ਫਾਲਤੂ ਚਰਬੀ ਜਮ੍ਹਾਂ ਹੋ ਰਹੀ ਹੈ, ਉਹ ਹਵਾ ਵਿੱਚੋਂ ਪੈਦਾ ਨਹੀਂ ਹੋਈ ਬਲਕਿ ਇਹ ਸਾਡੀ ਖੁਰਾਕ ਵਿੱਚੋਂ ਮਿਲ ਰਹੀ ਫਾਲਤੂ ਊਰਜਾ ਦਾ ਹੀ ਇੱਕ ਬਦਲਿਆ ਹੋਇਆ ਰੂਪ ਹੈ। ਜਦੋਂ ਤੁਸੀਂ ਕਿਸੇ ਵਾਹਨ ਦੀ ਟੈਂਕੀ ਵਿੱਚ ਉਸ ਦੀ ਸਮਰੱਥਾ ਨਾਲੋਂ ਵੱਧ ਤੇਲ ਪਾਉਣ ਦੀ ਕੋਸ਼ਿਸ਼ ਕਰੋਗੇ ਤਾਂ ਉਹ ਬਾਹਰ ਡੁੱਲਣ ਲੱਗ ਜਾਵੇਗਾ। ਬਿਲਕੁਲ ਇਸੇ ਤਰ੍ਹਾਂ ਸਾਡੇ ਸਰੀਰ ਦੀ ਵੀ ਇੱਕ ਊਰਜਾ ਲੈਣ ਦੀ ਸੀਮਿਤ ਸਮਰੱਥਾ ਹੈ। ਜੇਕਰ ਸਾਡੀ ਖੁਰਾਕ ਵਿੱਚ ਲੋੜ ਨਾਲੋਂ ਵੱਧ ਕੇਲੋਰੀ ਹੋਣ ਤਾਂ ਸਾਡਾ ਸਰੀਰ ਓਨ੍ਹਾਂ ਨੂੰ ਵਿਅਰਥ ਨਹੀਂ ਜਾਣ ਦਿੰਦਾ ਅਤੇ ਚਰਬੀ ਵਿੱਚ ਬਦਲ ਕੇ ਉਸ ਨੂੰ ਆਪਣੇ ਅੰਦਰ ਜਮ੍ਹਾਂ ਕਰ ਲੈਂਦਾ ਹੈ ਤਾਂ ਕਿ ਬਾਅਦ ਵਿੱਚ ਖਾਣੇ ਦੀ ਕਿੱਲਤ ਹੋਣ ਵੇਲੇ ਇਸ ਨੂੰ ਵਰਤਿਆ ਜਾ ਸਕੇ। ਸਾਡੇ ਸਰੀਰ ਦੀ ਇਹ ਕਾਰਜਪ੍ਰਣਾਲੀ ਜੰਗਲ ਵਿੱਚ ਰਹਿੰਦੇ ਸਾਡੇ ਪੂਰਵਜਾਂ ਲਈ ਬਹੁਤ ਲਾਹੇਵੰਦ ਸੀ ਜਿਨ੍ਹਾਂ ਨੂੰ ਖਾਣਾ ਲੱਭਣ ਲਈ ਬਹੁਤ ਮਿਹਨਤ ਕਰਨੀ ਪੈਂਦੀ ਸੀ। ਜਦੋਂ ਭਰਪੂਰ ਖੁਰਾਕ ਮਿਲਦੀ ਤਾਂ ਉਸ ਨੂੰ ਸਰੀਰ ਜਮ੍ਹਾਂ ਕਰ ਲੈਂਦਾ ਅਤੇ ਜਦੋਂ ਅਕਾਲ, ਮੀਂਹ ਜਾਂ ਠੰਡ ਪੈਂਦੀ ਤਾਂ ਉਸ ਨੂੰ ਵਰਤ ਲਿਆ ਜਾਂਦਾ। ਭਾਵੇਂ ਸਮਾਂ ਬਦਲ ਗਿਆ ਹੈ ਪਰ ਮਨੁੱਖੀ ਸਰੀਰ ਦੀ ਚਰਬੀ ਜਮ੍ਹਾਂ ਕਰਨ ਵਾਲੀ ਇਹ ਮੂਲ ਪ੍ਰਵਿਰਤੀ ਨਹੀਂ ਬਦਲੀ। ਮਨੁੱਖ ਨੇ ਕੁਦਰਤ ਨੂੰ ਆਪਣੇ ਅਨੁਸਾਰ ਢਾਲ ਲਿਆ ਹੈ ਅਤੇ ਪਹਿਲਾਂ ਦੇ ਮੁਕਾਬਲੇ ਸਾਡੇ ਕੋਲ ਬਥੇਰਾ ਖਾਣਾ ਹੈ। ਅੱਜਕਲ੍ਹ ਦੇ ਜ਼ਮਾਨੇ ਵਿੱਚ ਅਸੀਂ ਇੱਕ ਦਿਨ ਵਿੱਚ ਹੀ ਤਿੰਨ ਤੋਂ ਵੱਧ ਵਾਰ ਖਾ ਜਾਂਦੇ ਹਾਂ। ਕਿਹਾ ਜਾ ਸਕਦਾ ਕਿ ਚਰਬੀ ਸਿਰਫ ਜਮ੍ਹਾਂ ਹੀ ਹੋ ਰਹੀ ਹੈ ਪਰ ਉਸ ਨੂੰ ਵਰਤੇ ਜਾਣ ਦਾ ਮੌਕਾ ਬਿਲਕੁਲ ਨਹੀਂ ਮਿਲ ਰਿਹਾ ਅਤੇ ਇਸੇ ਕਾਰਨ ਅਸੀਂ ਮੋਟੇ ਹੁੰਦੇ ਜਾ ਰਹੇ ਹਾਂ।

ਸੋ ਸਰੀਰਕ ਚਰਬੀ ਤਾਂ ਹੀ ਬਾਲੀ ਜਾ ਸਕਦੀ ਹੈ ਜੇਕਰ ਅਸੀਂ ਅਕਾਲ ਦੀ ਸਥਿਤੀ ਬਨਾਉਟੀ ਤਰੀਕੇ ਨਾਲ ਪੈਦਾ ਕਰ ਦੇਈਏ ਭਾਵ ਕਿ ਅਸੀਂ ਆਪਣੇ ਸਰੀਰ ਦੀ ਲੋੜ ਨਾਲੋਂ ਘੱਟ ਖਾਣਾ ਸ਼ੁਰੂ ਕਰੀਏ। ਭੁੱਖੇ ਰਹਿ ਕੇ, ਰੋਟੀ ਛੱਡ ਕੇ ਭਾਰ ਘਟਾਉਣ ਵਾਲੇ ਤਜਰਬੇ ਵਿੱਚ ਬਹੁਤੇ ਲੋਕ ਸਫਲ ਵੀ ਹੋ ਜਾਂਦੇ ਹਨ ਪਰ ਸਮੱਸਿਆ ਇਹ ਹੈ ਕਿ ਜਦੋਂ ਹੀ ਉਹ ਮੁੜ ਤੋਂ ਰੋਟੀ ਖਾਣੀ ਸ਼ੁਰੂ ਕਰਦੇ ਹਨ, ਓਨ੍ਹਾਂ ਦਾ ਭਾਰ ਦੋਬਾਰਾ ਵਧ ਜਾਂਦਾ ਹੈ।

ਇਸ ਘੁੰਮਣਘੇਰੀ ਵਿੱਚੋਂ ਨਿਕਲਣ ਦਾ ਇਹੋ ਤਰੀਕਾ ਹੈ ਕਿ ਤੁਸੀਂ ਕੇਲੋਰੀ ਤਾਂ ਲੋੜ ਨਾਲੋਂ ਘੱਟ ਖਾ ਰਹੇ ਹੋਵੋਂ ਪਰ ਤੁਹਾਨੂੰ ਭੁੱਖ ਮਹਿਸੂਸ ਨਾ ਹੋਵੇ। ਤੁਹਾਡੀ ਭਾਰ ਘਟਾਉਣ ਵਾਲੀ ਡਾਇਟ (ਖੁਰਾਕ) ਅਜਿਹੀ ਹੋਣੀ ਚਾਹੀਦੀ ਹੈ ਜਿਸ ਵਿੱਚ ਓਟਸ, ਪੋਹੇ, ਗ੍ਰੀਨ ਟੀ, ਪ੍ਰੋਟੀਨ ਪਾਊਡਰ ਅਤੇ ਜ਼ੀਰੇ, ਅਜਵੈਣ ਵਾਲੇ ਪਾਣੀ ਨਹੀਂ ਬਲਕਿ ਘਰ ਦੀ ਰਸੋਈ ਵਿੱਚ ਬਣ ਰਹੀ ਰੋਟੀ, ਦਾਲ, ਦੁੱਧ, ਦਹੀਂ, ਚਾਹ ਅਤੇ ਬਿਸਕੁਟ ਹੋਣੇ ਚਾਹੀਦੇ ਹਨ। ਇਹ ਆਪਣੀ ਜਿਹੀ ਜਾਪਣ ਵਾਲੀ ਖੁਰਾਕ ਨੂੰ ਇੱਕ ਵਾਰ ਸ਼ੁਰੂ ਕਰਨ ਤੋਂ ਬਾਅਦ ਤੁਹਾਡਾ ਇਸਨੂੰ ਛੱਡਣ ਦਾ ਮਨ ਨਹੀਂ ਕਰੇਗਾ ਅਤੇ ਇੱਕ ਵਾਰ ਘਟਣ ਤੋਂ ਬਾਅਦ ਤੁਹਾਡਾ ਭਾਰ ਦੋਬਾਰਾ ਨਹੀਂ ਵਧੇਗਾ।

ਬਜ਼ਾਰ ਵਿੱਚ ਬੈਠੇ ਅਤੇ ਸੋਸ਼ਲ ਮੀਡੀਆ 'ਤੇ ਪ੍ਰਚਾਰ ਕਰ

ਰਹੇ 'ਫਰਜ਼ੀ ਖੁਰਾਕ ਉਸਤਾਦ' ਲੋਕਾਂ ਨੂੰ ਉਟ-ਪਟਾਂਗ ਚੀਜ਼ਾਂ ਦੇ ਭੰਬਲਭੂਸੇ ਵਿੱਚ ਪਾ ਕੇ ਲੋੜ ਨਾਲੋਂ ਘੱਟ ਖਾਣ ਤਾਂ ਲਾ ਦਿੰਦੇ ਹਨ ਪਰ ਜਦੋਂ ਓਨ੍ਹਾਂ ਦੇ ਗਾਹਕ ਆਪਣੀ ਬੇਕਾਬੂ ਹੋ ਰਹੀ ਭੁੱਖ, ਝੜ੍ਹ ਰਹੇ ਵਾਲ, ਸਰੀਰ ਵਿੱਚ ਆ ਰਹੀ ਕਮਜ਼ੋਰੀ ਅਤੇ ਅੱਖਾਂ ਥੱਲੇ ਆ ਰਹੇ ਕਾਲੇ ਘੇਰਿਆਂ ਦਾ ਜ਼ਿਕਰ ਕਰਦੇ ਹਨ ਇਹ ਫਰਜ਼ੀ ਅੱਗਿਓ ਗੂੰਗੇ-ਬੋਲੇ ਹੋ ਜਾਂਦੇ ਹਨ। ਅਸਲ ਦੇ ਵਿੱਚ ਇਹ ਸਮੱਸਿਆਵਾਂ ਦਾ ਸਭ ਤੋਂ ਵੱਡਾ ਕਾਰਨ ਖੁਰਾਕ ਵਿੱਚ ਪ੍ਰੋਟੀਨ ਦੀ ਕਮੀ ਹੁੰਦਾ ਹੈ।

ਇੱਕ ਇਨਸਾਨ ਨੂੰ ਇੱਕ ਦਿਨ ਵਿੱਚ ਘੱਟੋ-ਘੱਟ 1 ਗ੍ਰਾਮ ਪ੍ਰਤੀ ਕਿਲੋ ਵਜ਼ਨ ਪ੍ਰੋਟੀਨ ਖਾਣਾ ਜ਼ਰੂਰੀ ਹੁੰਦਾ ਹੈ ਪਰ ਸਰਵੇਖਣ ਦੱਸਦੇ ਹਨ ਕਿ ਲਗਭਗ 70% ਪ੍ਰਤੀਸ਼ਤ ਭਾਰਤੀ ਲੋਕਾਂ ਦੀ ਖੁਰਾਕ ਵਿੱਚ ਪ੍ਰੋਟੀਨ ਦੀ ਮਾਤਰਾ ਅੱਧੇ ਤੋਂ ਵੀ ਘੱਟ ਹੈ। ਪ੍ਰੋਟੀਨ ਸਾਡੀ ਖੁਰਾਕ ਦਾ ਇੱਕ ਅਜਿਹਾ ਤੱਤ ਹੈ ਜਿਸਨੂੰ ਕਿਸੇ ਵੀ ਤਰੀਕੇ ਨਾਲ ਸਰੀਰ ਦੇ ਅੰਦਰੋਂ ਨਹੀਂ ਬਣਾਇਆ ਜਾ ਸਕਦਾ ਅਤੇ ਸਜੀਵ ਇਨਸਾਨੀ ਸਰੀਰ ਵਿੱਚ ਸੂਖਮ ਪੱਧਰ 'ਤੇ ਹੋ ਰਹੀ ਰੋਜ਼ਾਨਾ ਦੀ ਟੁੱਟ-ਭੱਜ ਨੂੰ ਠੀਕ ਕਰਨ ਲਈ ਪ੍ਰੋਟੀਨ ਦਾ ਹੋਣਾ ਬਹੁਤ ਜ਼ਰੂਰੀ ਹੈ। ਇਸ ਤੋਂ ਇਲਾਵਾ ਹੱਡਾਂ-ਜੋੜਾਂ ਦੀ ਮਜ਼ਬੂਤੀ ਲਈ ਅਤੇ ਸਾਡੇ ਸਰੀਰ ਦੀ ਰੱਖਿਆ ਪ੍ਰਣਾਲੀ ਨੂੰ ਕਾਇਮ ਰੱਖਣ ਲਈ ਵੀ ਸਹੀ ਮਾਤਰਾ ਵਿੱਚ ਪ੍ਰੋਟੀਨ ਖਾਣ ਦੀ ਲੋੜ ਹੁੰਦੀ ਹੈ।

ਕਿਸੇ ਵੀ ਹੋਰ ਭੋਜਨ ਨਾਲੋਂ ਪ੍ਰੋਟੀਨ ਨੂੰ ਹਜ਼ਮ ਕਰਨ ਵਿੱਚ ਲਗਭਗ 6 ਘੰਟੇ ਲੱਗਦੇ ਹਨ ਜਿਸ ਕਰਕੇ ਇਹ ਕਾਫੀ ਸਮੇਂ ਲਈ ਸਾਡੇ ਪੇਟ ਦੀ ਥੈਲੀ ਵਿੱਚ ਪਿਆ ਰਹਿੰਦਾ ਅਤੇ ਅਤੇ ਇੱਕ ਵਾਰ ਇਸਨੂੰ ਖਾਣ ਤੋਂ ਬਾਅਦ ਸਾਨੂੰ ਭੁੱਖ ਨਹੀਂ ਲੱਗਦੀ। ਉਦਾਹਰਨ ਵਜੋਂ 2 ਲੱਡੂ ਅਤੇ 100 ਗ੍ਰਾਮ ਪਨੀਰ ਵਿੱਚ ਲਗਭਗ ਬਰਾਬਰ 300 ਕੇਲੋਰੀ ਹੁੰਦੀਆਂ ਹਨ। ਹੁਣ 2 ਲੱਡੂ ਖਾਣ ਨਾਲ ਸ਼ਾਇਦ ਤੁਹਾਡੀ ਜਾੜ੍ਹ ਵੀ ਗਿੱਲੀ ਨਾ ਹੋਵੇ ਪਰ ਪਨੀਰ ਖਾਣ ਤੋਂ ਬਾਅਦ ਹੋ ਸਕਦਾ ਤੁਹਾਡਾ ਸਾਰਾ ਦਿਨ ਰਸੋਈ ਵੱਲ ਝਾਕਣ ਨੂੰ ਜੀ ਨਾ ਕਰੇ।

ਸਾਡੀ ਖੁਰਾਕ ਵਿੱਚ ਦੂਸਰੀ ਸਮੱਸਿਆ ਹੁੰਦੀ ਹੈ ਸਲਾਦ ਦੀ ਕਮੀ। ਮੋਟਾਪੇ ਦੇ ਖਿਲਾਫ਼ ਸਲਾਦ ਇੱਕ ਤਕੜਾ ਹਥਿਆਰ ਕਿਹਾ ਜਾ ਸਕਦਾ ਹੈ ਕਿਉਂਕਿ ਇਸ ਵਿੱਚ ਕੇਲੋਰੀ ਨਾ ਦੇ ਬਰਾਬਰ ਹੁੰਦੀ ਹੈ। ਅਸਲ ਦੇ ਵਿੱਚ ਅਸੀਂ ਤਦ ਹੀ ਰੱਜ ਮਹਿਸੂਸ ਕਰਦੇ ਹਾਂ ਜਦੋਂ ਸਾਡੇ ਪੇਟ ਵਾਲੀ ਥੈਲੀ ਭਰ ਕੇ ਫੈਲ ਜਾਂਦੀ ਹੈ। ਇਹ ਫੈਸਲਾ ਹੁਣ ਤੁਹਾਡਾ ਹੈ ਕਿ ਤੁਸੀਂ ਆਪਣਾ ਪੇਟ, 400 ਕੇਲੋਰੀ ਵਾਲੀਆਂ ਇਕੱਲੀਆਂ 4 ਰੋਟੀਆਂ ਖਾ ਕੇ ਭਰਨਾ ਹੈ ਜਾਂ 2 ਰੋਟੀਆਂ ਨਾਲ 1 ਪਲੇਟ ਸਲਾਦ ਖਾ ਕੇ ਭਰਨਾ ਹੈ। ਸਲਾਦ ਵੈਸੇ ਵੀ ਇੱਕ ਕੁਦਰਤੀ ਝਾੜੂ ਦਾ ਕੰਮ ਕਰਦੇ ਹੋਏ ਸਾਡੀ ਪਾਚਨ ਪ੍ਰਣਾਲੀ ਨੂੰ ਸਾਫ ਰੱਖਦਾ ਹੈ ਜਿਸ ਨਾਲ ਕਬਜ਼ ਅਤੇ ਤੇਜ਼ਾਬ ਬਣਨ ਦੀ ਸਮੱਸਿਆ ਨਹੀਂ ਆਉਂਦੀ।

ਸਲਾਦ ਵਾਂਗ ਹੀ ਤੁਹਾਨੂੰ ਸਾਰੀਆਂ ਸਬਜ਼ੀਆਂ ਖਾਣ ਦੀ ਖੁੱਲ੍ਹ ਹੈ। ਬਸ ਆਲੂਆਂ ਤੋਂ ਪਰਹੇਜ਼ ਕਰਨਾ ਜ਼ਰੂਰੀ ਹੁੰਦਾ ਹੈ। ਬਾਕੀ ਪੱਕੀਆਂ ਹੋਈਆਂ ਸਬਜ਼ੀਆਂ ਜਿਵੇਂ ਕਿ ਗੋਭੀ, ਪੱਤ-ਗੋਭੀ, ਟਮਾਟਰ, ਪਿਆਜ਼, ਭਿੰਡੀ, ਟਿੰਡੋ, ਬੈਂਗਣ, ਤੋਰੀ ਕੱਦੂ ਆਦਿ ਤਿੰਨੇ ਵੇਲੇ ਵੀ ਖਾਧੇ ਜਾ ਸਕਦੇ ਹਨ। ਬਸ ਉਸ ਵਿੱਚ ਪਾਏ ਜਾ ਰਹੇ ਤੇਲ ਦਾ ਧਿਆਨ ਰੱਖਣ ਦੀ ਲੋੜ ਹੁੰਦੀ ਹੈ।

ਤੀਸਰੀ ਸਮੱਸਿਆ ਜਿਸ ਕਾਰਨ ਲੋਕਾਂ ਦਾ ਭਾਰ ਵਧਦਾ ਹੈ, ਉਹ ਹੈ ਸਹੀ ਮਾਤਰਾ ਵਿੱਚ ਪਾਣੀ ਨਾ ਪੀਣਾ। ਅਸਲ ਦੇ ਵਿੱਚ ਸਾਡੇ ਦਿਮਾਗ ਵਿੱਚ ਭੁੱਖ ਅਤੇ ਪਿਆਸ ਨੂੰ ਮਹਿਸੂਸ ਕਰਨ ਵਾਲੀ ਥਾਂ ਇੱਕੋ ਹੀ ਹੈ (Hypothalmus) ਅਤੇ ਅਕਸਰ ਅਸੀਂ ਪਿਆਸ ਵਾਲੀ ਸੂਚਨਾ ਨੂੰ ਗਲਤੀ ਨਾਲ ਭੁੱਖ ਵਾਲੀ ਸੂਚਨਾ ਸਮਝ ਕੇ ਖਾਣਾ ਸ਼ੁਰੂ ਕਰ ਦਿੰਦੇ ਹਾਂ। ਉਹੀ ਜੇਕਰ ਤੁਸੀਂ ਪਹਿਲਾਂ ਭੁੱਖ ਲੱਗਣ 'ਤੇ ਦੋ ਗਲਾਸ ਪਾਣੀ ਪੀ ਲਓ ਤਾਂ ਸ਼ਾਇਦ ਫਾਲਤੂ ਦੀਆਂ ਕੇਲੋਰੀ ਵਾਲੀਆਂ ਚੀਜ਼ਾਂ ਜਿਵੇਂ ਭੁਜੀਏ ਤੋਂ ਬਚ ਜਾਓ। ਇੱਕ ਇਨਸਾਨ ਨੂੰ ਇੱਕ ਦਿਨ ਵਿੱਚ 2-3 ਲੀਟਰ ਘੱਟੋ-ਘੱਟ ਪਾਣੀ ਪੀਣਾ ਬਹੁਤ ਜ਼ਰੂਰੀ ਹੈ।

ਇਨ੍ਹਾਂ ਸਭ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਤੁਹਾਡੇ ਲਈ ਇੱਕ ਡਾਇਟ ਪਲਾਨ ਬਣਾਇਆ ਗਿਆ ਹੈ ਜੋ ਜਿਆਦਾਤਾਰ ਲੋਕਾਂ ਦਾ ਮੋਟਾਪਾ ਘਟਾਉਣ ਲਈ ਕਾਰਗਰ ਸਾਬਤ ਹੋਵੇਗਾ।

ਤੜਕੇ ਸਵੇਰੇ

1 ਕੱਪ ਚਾਹ (ਚਰਬੀ ਰਹਿਤ ਦੁੱਧ, ਅੱਧਾ ਚਮਚ ਮਿੱਠਾ)

2 ਲਾਈਟ ਬਿਸਕੁਟ

ਸਵੇਰ ਦਾ ਖਾਣਾ

2 ਰੋਟੀ (ਕਣਕ 3 ਹਿੱਸੇ ਅਤੇ ਸੋਇਆ ਆਟੇ ਦਾ 1 ਹਿੱਸਾ ਮਿਲਾ ਕੇ)

100 ਗ੍ਰਾਮ - ਚਰਬੀ ਰਹਿਤ ਪਨੀਰ (ਭੁਰਜੀ ਜਾਂ ਸਬਜ਼ੀ ਵਿੱਚ ਪਾਓ)

ਦੁਪਹਿਰ ਦਾ ਖਾਣਾ

2 ਰੋਟੀ (ਕਣਕ 3 ਹਿੱਸੇ ਅਤੇ ਸੋਇਆ ਆਟੇ ਦਾ 1 ਹਿੱਸਾ ਮਿਲਾ ਕੇ)

ਸੋਇਆ ਵੜੀਆਂ ਜਾਂ ਸੋਇਆ ਚੂਰਾ ਦੀ ਸਬਜੀ

ਚਰਬੀ ਰਹਿਤ ਦਹੀਂ

ਸ਼ਾਮ ਵੇਲੇ

1 ਕੱਪ ਚਾਹ (ਚਰਬੀ ਰਹਿਤ ਦੁੱਧ, ਅੱਧਾ ਚਮਚ ਮਿੱਠਾ)

ਬਾਕੀ ਪੰਨਾ 23 'ਤੇ

ਵਿਰਾਸਤ

ਕਾਕੋਰੀ ਦੇ ਸ਼ਹੀਦ



ਸ਼ਮਸੁਲ ਇਸਲਾਮ

ਹਿੰਦੁਸਤਾਨ ਪਰਜਾਤੰਤਰ ਸੰਘ ਦੇ ਕ੍ਰਾਂਤੀਕਾਰੀਆਂ ਦੇ ਇੱਕ ਸਮੂਹ ਨੇ 9 ਅਗਸਤ 1925 ਨੂੰ ਇੱਕ ਯਾਤਰੀ ਗੱਡੀ ਨੂੰ ਲਖਨਊ ਤੋਂ ਲਗਭਗ 40 ਕਿਲੋਮੀਟਰ ਦੂਰ ਕਾਕੋਰੀ ਰੇਲਵੇ ਸਟੇਸ਼ਨ ਨੇੜੇ ਰੋਕ ਕੇ ਅੰਗਰੇਜ਼ ਸਰਕਾਰ ਦਾ ਖਜ਼ਾਨਾ ਹਾਸਲ ਕੀਤਾ ਸੀ। ਇਹਨਾਂ ਕ੍ਰਾਂਤੀਕਾਰੀਆਂ ਵਿੱਚ ਚੰਦਰ ਸ਼ੇਖਰ ਆਜ਼ਾਦ, ਅਸ਼ਫ਼ਾਕ ਉੱਲਾ ਖਾਂ, ਰਾਮ ਪ੍ਰਸਾਦ ਬਿਸਮਿਲ, ਰਾਜੇਂਦ੍ਰ ਲਾਹਿੜੀ, ਰੋਸ਼ਨ ਸਿੰਘ, ਮਨਮਥ ਨਾਥ ਗੁਪਤ, ਸਚਿੰਦਰ ਬਖਸ਼ੀ, ਕੇਸ਼ਵ ਚੱਕਰਵਰਤੀ, ਬਨਵਾਰੀ ਲਾਲ ਅਤੇ ਮੁਕੰਦੀ ਲਾਲ ਸ਼ਾਮਲ ਸਨ।

> ***ਕਾਕੋਰੀ ਦੇ ਸ਼ਹੀਦਾਂ ਦੀ ਧਰਮ ਨਿਰਪੱਖ ਅਤੇ ਸਾਂਝੀਆਂ ਸ਼ਹਾਦਤਾਂ ਦੀ ਵਿਰਾਸਤ ਦੇ ਧਾਰਨੀ ਬਣਕੇ ਹੀ ਅਸੀਂ ਮੌਜੂਦਾ ਫਾਸ਼ੀ ਹਿੰਦੂਤਵਾਦੀ ਹਮਲਿਆਂ ਦਾ ਮੂੰਹ ਮੋੜ ਸਕਦੇ ਹਾਂ।***

ਅੰਗਰੇਜ਼ ਸ਼ਾਸਕਾਂ ਅਤੇ ਉਹਨਾਂ ਦੇ ਹਿੰਦੁਸਤਾਨੀ ਦਲਾਲਾਂ ਨੇ ਇਸ ਘਟਨਾ ਨੂੰ ਕੁੱਝ ਗਰਮ ਦਿਮਾਗ ਦੇ ਅੱਤਵਾਦੀ ਨੌਜਵਾਨਾਂ ਦਾ 'ਕਾਰਾ' ਕਿਹਾ ਸੀ ਜਿਹਨਾਂ ਦਾ ਉਦੇਸ਼ ਇਸ ਪੈਸੇ ਨਾਲ ਹਥਿਆਰ, ਗੋਲਾ-ਬਾਰੂਦ ਆਦਿ ਖਰੀਦ ਕੇ ਅਰਾਜਕਤਾ ਫੈਲਾਉਣਾ ਸੀ, ਜਦ ਕਿ ਕ੍ਰਾਂਤੀਕਾਰੀਆਂ ਦੀਆਂ ਸਮਕਾਲੀ ਲਿਖਤਾਂ ਦੱਸਦੀਆਂ ਹਨ ਕਿ ਇਸ ਸਰਕਾਰੀ ਖ਼ਜਾਨੇ ਨੂੰ ਇਸ ਲਈ ਹਾਸਲ ਕੀਤਾ ਗਿਆ ਸੀ ਤਾਂ ਕਿ ਵੱਡੇ ਪੈਮਾਨੇ 'ਤੇ ਸਮਾਜਵਾਦੀ ਸਾਹਿਤ ਛਪਵਾਇਆ ਜਾਵੇ, ਜਿਸ ਨੂੰ ਨੌਜਵਾਨਾਂ, ਕਿਰਤੀਆਂ ਅਤੇ ਬੁੱਧੀਜੀਵੀਆਂ ਵਿੱਚ ਵੰਡਿਆ ਜਾਵੇ ਤਾਂ ਜੋ ਉਹਨਾਂ ਦੀ ਰਾਜਨੀਤਕ ਸੋਚ ਵਿਕਸਤ ਹੋਵੇ ਅਤੇ ਉਹ ਬਰਤਾਨਵੀਂ ਹਕੂਮਤ ਵਿਰੋਧੀ ਸੰਘਰਸ਼ ਵਿੱਚ ਸਰਗਰਮ ਹੋਣ। ਇਹ ਕ੍ਰਾਂਤੀਕਾਰੀ ਆਪਣੇ ਤਜਰਬਿਆਂ ਨਾਲ ਸਿੱਖ ਕੇ, ਸਿਰਫ਼ ਹਥਿਆਰਬੰਦ ਸੰਘਰਸ਼ ਦੀ ਸੋਚ ਤੋਂ ਉੱਭਰ ਕੇ, ਪਰਪੱਕ ਕ੍ਰਾਂਤੀਕਾਰੀ ਸੋਚ ਪ੍ਰਾਪਤ ਕਰ ਚੁੱਕੇ ਸੀ ਜਿਹਨਾਂ ਦੀ ਹੁਣ ਇਸ ਸਮਝ ਸੀ ਕਿ ਵੱਡੇ ਪੱਧਰ 'ਤੇ ਜਨਤਾ ਨੂੰ ਇਸ ਸੰਘਰਸ਼ ਨਾਲ ਜੋੜ੍ਹੇ ਬਿਨ੍ਹਾਂ ਅੰਗਰੇਜ਼ ਰਾਜ ਨੂੰ ਜੜ੍ਹੋ ਨਹੀਂ ਪੁੱਟਿਆ ਜਾ ਸਕਦਾ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਅੱਗੇ ਚੱਲ ਕੇ 1928 ਵਿੱਚ ਭਗਤ ਸਿੰਘ ਵੱਲੋਂ ਜ਼ੋਰਦਾਰ ਢੰਗ ਨਾਲ ਗੱਲ ਰੱਖੇ ਜਾਣ 'ਤੇ ਹਿੰਦੁਸਤਾਨ ਪਰਜਾਤੰਤਰ ਸੰਘ ਦਾ ਨਾਮ ਬਦਲ ਕੇ ਹਿੰਦੁਸਤਾਨ ਸਮਾਜਵਾਦੀ ਪਰਜਾਤੰਤਰ ਸੰਘ ਕਰ ਦਿੱਤਾ ਗਿਆ ਸੀ। ਗੱਲ ਸਾਫ਼ ਹੈ ਕਿ ਇਸ ਸਮੇਂ ਕ੍ਰਾਂਤੀਕਾਰੀ ਵਿਚਾਰਧਾਰਕ ਤੌਰ 'ਤੇ ਸਪੱਸ਼ਟ ਸਨ।

ਅੰਗਰੇਜ਼ ਹੁਕਮਰਾਨਾਂ ਨੇ ਇਹਨਾਂ ਕ੍ਰਾਂਤੀਕਾਰੀਆਂ 'ਤੇ 'ਕਾਕੋਰੀ ਸਾਜਿਸ਼ ਕੇਸ' ਨਾਮ ਹੇਠ ਮੁਕੱਦਮਾ ਚਲਾਇਆ ਅਤੇ ਬਹੁਤ ਤੇਜ਼ੀ ਨਾਲ ਅਸ਼ਫ਼ਾਕ ਉੱਲਾ ਖਾਂ, ਰਾਮ ਪ੍ਰਸਾਦ ਬਿਸਮਿਲ, ਰਾਜੇਂਦ੍ਰ ਲਾਹਿੜੀ ਅਤੇ ਠਾਕੁਰ ਰੋਸ਼ਨ ਸਿੰਘ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। 17 ਦਸੰਬਰ 1927 ਨੂੰ ਰਾਜੇਂਦ੍ਰ ਲਾਹਿੜੀ ਨੂੰ ਗੌਂਡਾ ਜੇਲ ਅਤੇ 19 ਦਸੰਬਰ 1927 ਨੂੰ ਰਾਮ ਪ੍ਰਸ਼ਾਦ ਬਿਸਮਿਲ ਨੂੰ ਗੋਰਖਪੁਰ ਜੇਲ੍ਹ, ਅਸ਼ਫ਼ਾਕ ਉੱਲਾ ਖਾਂ ਨੂੰ ਫੈਜ਼ਾਬਾਦ ਜੇਲ੍ਹ ਅਤੇ ਠਾਕੁਰ ਰੋਸ਼ਨ ਸਿੰਘ ਨੂੰ ਇਲਾਹਾਬਾਦ ਜੇਲ੍ਹ ਵਿੱਚ ਫਾਂਸੀ ਦਿੱਤੀ ਗਈ।

ਕਾਕੋਰੀ ਦੇ ਇਹ ਮਹਾਨ ਸ਼ਹੀਦ ਸਮੁੱਚਤਾ ਵਿੱਚ ਭਾਰਤੀ ਨੌਜਵਾਨਾਂ ਦੀ ਪ੍ਰਤੀਨਿਧਤਾ ਕਰਦੇ ਸਨ। ਉਮਰ ਵਿੱਚ ਸਭ ਤੋਂ ਵੱਡੇ ਠਾਕੁਰ ਰੋਸ਼ਨ ਸਿੰਘ 35 ਸਾਲ ਅਤੇ ਸਭ ਤੋਂ ਛੋਟੇ ਰਾਜੇਂਦ੍ਰ ਲਾਹਿੜੀ 26 ਸਾਲ ਦੇ ਸਨ। ਕਾਕੋਰੀ ਦੇ ਇਹਨਾਂ ਸ਼ਹੀਦਾਂ ਦੀ ਕ੍ਰਾਂਤੀਕਾਰੀ ਲਹਿਰ ਵਿੱਚ ਸ਼ਾਮਲ ਨੌਜਵਾਨ ਦੇਸ਼ ਦੇ ਹਰ ਕੋਨੇ ਵਿੱਚੋਂ ਆਉਂਦੇ ਸਨ। ਮਿਸਾਲ ਦੇ ਤੌਰ 'ਤੇ ਭਗਤ ਸਿੰਘ ਅਤੇ ਸੁਖਦੇਵ ਪੰਜਾਬ, ਰਾਜਗੁਰੂ ਮਹਾਰਾਸ਼ਟਰ ਅਤੇ ਜਯੋਤਿਸ਼ ਚੰਦਰ ਪਾਲ ਉੜੀਸਾ ਦੇ ਰਹਿਣ ਵਾਲੇ ਸਨ। ਇਹਨਾਂ ਦਾ ਉਦੇਸ਼ ਸੀ- ਅੰਗਰੇਜ਼ੀ ਰਾਜ ਦੀਆਂ ਜੜ੍ਹਾਂ ਪੁੱਟਣਾ ਅਤੇ ਇੱਕ ਭਾਈਚਾਰਕ ਸਾਂਝ ਵਾਲੇ ਧਰਮ ਨਿਰਪੇਖ ਆਜ਼ਾਦ ਰਾਜ ਦੀ ਸਿਰਜਣਾ।

ਸਮਾਜਵਾਦੀ ਆਜ਼ਾਦ ਦੇਸ਼ ਦਾ ਸੁਪਨਾ

ਅਸ਼ਫ਼ਾਕ ਉੱਲਾ ਖਾਂ ਫਾਂਸੀ ਦੇ ਫੰਦੇ ਨੂੰ ਚੁੰਮਣ ਤੋਂ ਕੁੱਝ ਘੰਟੇ ਪਹਿਲਾਂ 'ਦੇਸ਼-ਵਾਸੀਆਂ ਦੇ ਨਾਮ ਸੁਨੇਹਾ' ਜੇਲ੍ਹ ਤੋਂ ਬਾਹਰ ਭੇਜਣ ਵਿੱਚ ਸਫ਼ਲ ਹੋਏ ਸਨ। ਇਸ ਵਿੱਚ ਉਹਨਾਂ ਨੇ ਬਹੁਤ ਸਪੱਸ਼ਟ ਰੂਪ ਵਿੱਚ ਸਮਾਜਵਾਦੀ ਪ੍ਰਬੰਧ ਸਥਾਪਿਤ ਕਰਨ ਦਾ ਸੱਦਾ ਦਿੱਤਾ। ਦੇਸ਼ ਦੇ ਕਮਿਊਨਿਸਟਾਂ ਦਾ ਜਿਕਰ ਕਰਦੇ ਹੋਏ ਉਹਨਾਂ ਨੇ ਲਿਖਿਆ :

ਮੈਂ ਤੁਹਾਡੇ ਨਾਲ ਕਾਫ਼ੀ ਜ਼ਿਆਦਾ ਸਹਿਮਤ ਹਾਂ ਅਤੇ ਕਹਾਂਗਾ ਕਿ ਮੇਰਾ ਮਨ ਗਰੀਬ ਕਿਸਾਨਾਂ ਲਈ ਅਤੇ

ਦੁਖੀ ਮਜ਼ਦੂਰਾਂ ਲਈ ਹਮੇਸ਼ਾ ਦੁਖੀ ਰਹਿੰਦਾ ਹੈ। ਮੈਂ ਆਪਣੇ ਆਯਾਮ-ਏ-ਫਰਾਰੀ (ਪੁਲਿਸ ਤੋਂ ਛੁਪ ਕੇ ਰਹਿਣ ਵਾਲੇ ਸਮੇਂ) ਵਿੱਚ ਵੀ ਅਕਸਰ ਇਹਨਾਂ ਦੇ ਹਾਲਾਤ ਵੇਖਕੇ ਰੋਇਆ ਹਾਂ। ਮੈਨੂੰ ਇਹਨਾਂ ਨਾਲ ਰਹਿਣ ਦਾ ਸਮਾਂ ਮਿਲਿਆ ਹੈ। ਮੈਨੂੰ ਪੁੱਛੋ ਤਾਂ ਮੈਂ ਕਹਾਂਗਾ ਕਿ ਮੇਰਾ ਬਸ ਚੱਲੇ ਤਾਂ ਮੈਂ ਦੁਨੀਆਂ ਦੀ ਹਰ ਚੀਜ਼ ਇਹਨਾਂ ਲਈ ਵਕਫ (ਸੁਰੱਖਿਅਤ) ਕਰ ਦੇਵਾਂ। ਸਾਡੇ ਸ਼ਹਿਰਾਂ ਦੀ ਰੌਣਕ ਇਹਨਾਂ ਦੇ ਦਮ ’ਤੇ ਹੈ। ਸਾਡੇ ਕਾਰਖਾਨੇ ਇਹਨਾਂ ਦੀ ਵਜਹ ਕਰਕੇ ਆਬਾਦ ਅਤੇ ਕੰਮ ਕਰ ਰਹੇ ਹਨ। ਸਾਡੇ ਪੰਪਾਂ ਵਿੱਚੋਂ ਇਹਨਾਂ ਦੇ ਹੱਥ ਹੀ ਪਾਣੀ ਕੱਢਦੇ ਹਨ। ਗਰੀਬ ਕਿਸਾਨ ਬਰਸਾਤਾਂ ਦੇ ਮੂਹਲੇਧਾਰ ਮੀਂਹ ਅਤੇ ਜੇਠ-ਵਿਸਾਖ ਦੀਆਂ ਤਪਦੀਆਂ ਦੁਪਹਿਰਾਂ ਵਿੱਚ ਖੇਤਾਂ ’ਚ ਕੰਮ ਕਰਦੇ ਹਨ ਅਤੇ ਸਾਡੀ ਖੁਰਾਕ ਦਾ ਸਾਮਾਨ ਪੈਦਾ ਕਰਦੇ ਹਨ।



ਰਾਮ ਪ੍ਰਸਾਦ ਬਿਸਮਿਲ **ਅਸ਼ਫ਼ਾਕ ਉੱਲਾ ਖਾਂ** **ਰਾਜੇਂਦਰ ਨਾਥ ਲਾਹਿੜੀ** **ਠਾਕੁਰ ਰੋਸ਼ਨ ਸਿੰਘ**

ਫਿਰ ਵੀ ਉਹ ਹਮੇਸ਼ਾ ਗਰੀਬ ਰਹਿੰਦੇ ਹਨ। ਇਹਨਾਂ ਤਮਾਮ ਗੱਲਾਂ ਦੇ ਜ਼ਿੰਮੇਵਾਰ ਸਾਡੇ ਗੋਰੇ ਆਕਾ ਅਤੇ ਉਹਨਾਂ ਦੇ ਏਜੰਟ ਹਨ। ਮੈਂ ਹਿੰਦੁਸਤਾਨ ਦੀ ਅਜਿਹੀ ਆਜ਼ਾਦੀ ਦਾ ਖਾਹਿਸ਼ਮੰਦ ਹਾਂ ਜਿਸ ਵਿੱਚ ਗਰੀਬ ਖੁਸ਼ ਅਤੇ ਆਰਾਮ ਨਾਲ ਰਹਿਣ। ਮੇਰੇ ਬਾਅਦ ਉਹ ਦਿਨ ਛੇਤੀ ਆਉਣ ਜਦ ਲਖਨਊ ਦੀ ਲੋਕੋ ਵਰਕਸ਼ਾਪ ਦੇ ਅਬਦੁੱਲਾ ਮਿਸਤਰੀ ਅਤੇ ਧਨੀਆ ਦਲਿਤ, ਕਿਸਾਨ ਵੀ ਮਿਸਟਰ ਖਾਲਿਕ-ਉਜ-ਜਮਾਂ ਜਗਤ ਨਰਾਇਣ ਮੁੱਲਾ ਸਮੇਤ ਰਾਜਾ ਸਾਹੇਬ ਮਹਿਮੂਦਾਬਾਦ ਦੇ ਬਰਾਬਰ ਕੁਰਸੀ ’ਤੇ ਬੈਠੇ ਨਜ਼ਰ ਆਉਣ।

ਮੇਰੇ ਸਾਥੀਓ! ਮੇਰੇ ਕ੍ਰਾਂਤੀਕਾਰੀ ਭਰਾਵੋਂ! ਤੁਹਾਨੂੰ ਮੈਂ ਕੀ ਕਹਾਂ? ਤੁਹਾਨੂੰ ਕੀ ਲਿਖਾਂ? ਬਸ ਤੁਹਾਡੇ ਲਈ ਕੀਤਾ ਗਿਆ ਇਹ ਕੁੱਝ ਕੰਮ ਮੇਰੇ ਲਈ ਖੁਸ਼ੀ ਦੀ ਗੱਲ ਹੋਵੇਗੀ, ਜਦ ਸੁਣੋਗੇ ਕਿ ਤੁਹਾਡਾ ਇੱਕ ਭਰਾ ਹੱਸਦਾ ਹੋਇਆ ਫਾਂਸੀ ’ਤੇ ਚੜ੍ਹ ਗਿਆ। ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਜੋ ਜ਼ਜਬਾ ਤੁਹਾਡਾ ਤਬਕਾ ਰੱਖਦਾ ਹੈ। ਕਿਉਂਕਿ ਮੈਨੂੰ ਵੀ ਫ਼ਖਰ ਹੈ ਕਿ ਮੈਂ ਇੱਕ ਸੱਚਾ ਕ੍ਰਾਂਤੀਕਾਰੀ ਹੋ ਕੇ ਮਰ ਰਿਹਾ ਹਾਂ।

ਅੰਗਰੇਜ਼ਾਂ ਦੇ ਪਿਆਦੇ ਧਾਰਮਿਕ ਸੰਗਠਨ

ਅਸ਼ਫ਼ਾਕ ਉੱਲਾ ਖਾਂ ਆਪਣੇ ਹੋਰ ਇਨਕਲਾਬੀ ਸਾਥੀਆਂ ਵਾਂਗ ਇਸ ਸੱਚ ਤੋਂ ਚੰਗੀ ਤਰ੍ਹਾਂ ਵਾਕਫ਼ ਸੀ ਕਿ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਧਾਰਮਿਕ ਵੰਡ ਅੰਗਰੇਜ਼ਾਂ ਦੇ ਖਿਲਾਫ਼ ਆਜ਼ਾਦੀ ਦੀ ਲੜਾਈ ਵਿੱਚ ਸਭ ਤੋਂ ਵੱਡੀ ਰੁਕਾਵਟ ਸੀ। ਇਹ ਫਿਰਕੂ ਵੰਡ ਵਿਦੇਸ਼ੀ ਹੁਕਮਰਾਨਾਂ ਦੇ ਜਾਲਮ ਰਾਜ ਨੂੰ ਬਣਾਈ ਰੱਖਣ ਦਾ ਸਭ ਤੋਂ ਵੱਡਾ ਕਾਰਣ ਸੀ। ਉਹਨਾਂ ਨੇ ਹਿੰਦੂ ਅਤੇ ਮੁਸਲਮਾਨ ਰਾਸ਼ਟਰਵਾਦ ਦੇ ਠੇਕੇਦਾਰਾਂ ਨੂੰ ਬੇਨਕਾਬ ਕਰਦੇ ਹੋਏ ਲਿਖਿਆ :

ਓਹ! ਅਸੀਂ ਆਪਣੇ ਵਰਤਮਾਨ ਸਮੇਂ ਦਾ ਆਨੰਦ ਕਿਵੇਂ ਲੈ ਸਕਦੇ ਹਾਂ, ਜਦ ਸਾਡੇ ਰਾਜਨੀਤਕ ਆਗੂ ਆਪਸੀ ਝਗੜਿਆਂ ’ਚ ਉਲਝੇ ਹੋਏ ਹਨ? ਇੱਕ ਜੇ ਤਬਲੀਗ (ਇਸਲਾਮ ਦਾ ਪ੍ਰਚਾਰ) ਦਾ ਦੀਵਾਨਾ ਹੈ ਤਾਂ ਦੂਜੇ ਨੂੰ ਮੁਕਤੀ ਸਿਰਫ਼ ਤੇ ਸਿਰਫ਼ ਸੁੱਧੀ ਵਿੱਚੋਂ ਵਿਖਾਈ ਦਿੰਦੀ ਹੈ, ਉਧਰ ਸਰਕਾਰੀ ਖੁਫ਼ੀਆ ਵਿਭਾਗ ਦੇ ਕਰਮਚਾਰੀ ਧਰਮ ਪ੍ਰਚਾਰ ਲਈ ਧਨ ਜੁਟਾ ਰਹੇ ਹਨ - ਉਹਨਾਂ ਦਾ ਉਦੇਸ਼ ਧਰਮ ਦਾ ਪ੍ਰਚਾਰ-ਪ੍ਰਸਾਰ ਜਾਂ ਇਸਦੀ ਮੱਦਦ ਕਰਨਾ ਬਿਲਕੁਲ ਨਹੀਂ ਹੈ, ਸਗੋਂ ਉਹ ਤਾਂ ਆਜ਼ਾਦੀ ਦੇ ਸੰਘਰਸ਼ ਦੀ ਚਲਦੀ ਗੱਡੀ ਦੇ ਰਾਹ ਵਿੱਚ ਰੁਕਾਵਟ ਖੜ੍ਹੀ ਕਰਨਾ ਚਾਹੁੰਦੇ ਹਨ। ਮੇਰੇ ਕੋਲ ਸਮਾਂ ਨਹੀਂ ਹੈ, ਨਾ ਮੈਨੂੰ ਇਹ ਮੌਕਾ ਹੀ ਮਿਲਿਆ ਕਿ ਮੈਂ ਇਸ ਫਿਰਕੂ ਸਾਜ਼ਿਸ ਨੂੰ ਪੂਰੀ ਤਰ੍ਹਾਂ ਬੇਪਰਦ ਕਰਦਾ, ਜਿਸਦੀ ਜਾਣਕਾਰੀ ਮੈਨੂੰ ਰੂਪੋਸ਼ੀ ਕੱਟਣ ਦੇ ਦੌਰਾਨ ਅਤੇ ਉਸ ਤੋਂ ਬਾਅਦ ਵਾਲੇ ਦਿਨਾਂ ਵਿੱਚ ਹੋਈ । ਮੈਂ ਆਪਣੇ ਹਿੰਦੂ ਅਤੇ ਮੁਸਲਮਾਨ ਭਰਾਵਾਂ ਨੂੰ ਕਹਿੰਦਾ ਹਾਂ ਕਿ ਇਹ ਢੌਂਗ ਸੀ.ਆਈ.ਡੀ. ਦੇ ਗੁਪਤ ਧਨ ਨਾਲ ਰਚੇ ਜਾ ਰਹੇ ਹਨ।

ਦੇਸ਼ ਦੇ ਹਿੰਦੂਆਂ ਅਤੇ ਮੁਸਲਮਾਨਾਂ ਸਾਹਮਣੇ ਆਪਣਾ ਮਨ ਖੋਲ੍ਹ ਕੇ ਰੱਖ ਦੇਣ ਬਾਅਦ ਅਸ਼ਫ਼ਾਕ ਨੇ ਉਹਨਾਂ ਨੂੰ ਸੁਚੇਤ ਕੀਤਾ :

ਭਰਾਵੋਂ! ਤੁਸੀਂ ਆਪਸ ਵਿੱਚ ਇਸ ਤਰ੍ਹਾਂ ਲੜਣਾ ਛੱਡੋ! ਤੁਹਾਡੇ ਆਪਸੀ ਮੱਤਭੇਦ ਤੁਹਾਡੇ ਵਿੱਚੋਂ ਕਿਸੇ ਦੇ ਵੀ ਕੰਮ ਨਹੀਂ ਆਉਣਗੇ। ਅਜਿਹੀ ਸਥਿਤੀ ਵਿੱਚ ਇਹ ਆਸਾਨ ਹੋਵੇਗਾ ਕਿ ਤੁਸੀਂ ਸਭ ਆਪਣੇ ਹੱਥੀਂ ਆਪਣੇ ਗਲੇ ਵਿੱਚ ਹਮੇਸ਼ਾ ਲਈ ਗੁਲਾਮੀ ਦਾ ਫੰਦਾ ਪਾ ਲਵੋ!

ਚਾਹੇ ਤੁਸੀਂ ਕਾਂਗਰਸੀ ਹੋ ਜਾਂ ਸਮਾਜਵਾਦੀ, ਤਬਲੀਗ ’ਤੇ ਚੱਲਣ ਵਾਲੇ ਹੋ ਜਾਂ ਸ਼ੁੱਧੀ ਦੇ ਸਮਰਥਕ, ਕਮਿਊਨਿਸਟ ਹੋ ਜਾਂ ਕ੍ਰਾਂਤੀਕਾਰੀ, ਅਕਾਲੀ ਹੋ ਜਾਂ ਬੰਗਾਲੀ, ਮੇਰਾ ਸੁਨੇਹਾ ਮੇਰੇ ਦੇਸ਼ ਦੇ ਹਰ ਵਿਅਕਤੀ ਲਈ ਹੈ, ਚਾਹੇ ਕੋਈ ਨਾਸਤਿਕ ਹੈ ਜਾਂ ਰੱਬ ਨੂੰ ਮੰਨਣ ਵਾਲਾ, ਸਾਡੇ ’ਤੇ ਕ੍ਰਿਪਾ ਕਰੋ, ਜੋ ਕਾਕੋਰੀ ਕੇਸ ਲਈ ਆਪਣੀ ਜਾਨ ਦੇ ਰਹੇ ਹਾਂ।

ਤਬਲੀਗ ਅਤੇ ਸ਼ੁੱਧੀ ਦੇ ਨਾਮ ’ਤੇ ਚੱਲਣ ਵਾਲਿਓ!

ਆਪਣੀਆਂ ਅੱਖਾਂ ਖੋਲੋ! ਕੀ ਗੁਲਾਮ ਦੇਸ਼ ਦਾ ਕੋਈ ਧਰਮ ਹੁੰਦਾ ਹੈ? ਆਪਸੀ ਏਕਤਾ ਨਾਲ ਇਕਜੁਟ ਹੋ ਕੇ ਰਹੋ, ਨਹੀਂ ਤਾਂ ਦੇਸ਼ ਦੀ ਹਾਰ ਦੇ ਤੁਸੀਂ ਖੁਦ ਜ਼ਿੰਮੇਵਾਰ ਹੋਵੋਗੇ ਅਤੇ ਦੇਸ਼ ਨੂੰ ਪੱਕੀ ਗੁਲਾਮੀ ਵੱਲ ਧੱਕਣ ਦੀ ਜ਼ਿੰਮੇਵਾਰੀ ਤੁਹਾਡੀ ਹੋਵੇਗੀ।

ਇੱਕ ਸ਼ੇਅਰ ਰਾਹੀਂ ਉਹਨਾਂ ਨੇ ਹਿੰਦੂ ਅਤੇ ਮੁਸਲਮਾਨ ਦੋਵਾਂ ਨੂੰ ਮੁਖ਼ਾਤਿਬ ਹੁੰਦੇ ਕਿਹਾ ਕਿ ਆਪਣੇ ਗੈਰ-ਜ਼ਰੂਰੀ ਭੇਦ-ਭਾਵ ਮਿਟਾ ਦੇਵੋ:

ਯੇਹ ਝਗੜੇ ਔਰ ਬਖੇੜੇ ਮਿਟਾ ਕਰ
ਆਪਸ ਮੇਂ ਮਿਲ ਜਾਓ
ਅਬਸ ਤਫਰੀਕ ਹੈ ਤੁਮ ਮੇਂ
ਯੇਹ ਹਿੰਦੂ ਔਰ ਮੁਸਲਮਾਨ ਕੀ

(ਅਬਸ-ਬਿਨ੍ਹਾਂ ਕਾਰਣ, ਵਿਅਰਥ, ਤਫਰੀਕ-ਭੇਦ ਭਾਵ)

ਸ਼ਹੀਦ ਬਿਸਮਿਲ ਦਾ ਬੇਲਾਗ ਸੁਨੇਹਾ

ਅਸ਼ਫ਼ਾਕ ਉੱਲਾ ਖਾਂ ਦੇ ਸਭ ਤੋਂ ਨੇੜਲੇ ਕ੍ਰਾਂਤੀਕਾਰੀ ਸਾਥੀ ਅਤੇ ਉਹਨਾਂ ਦੇ ਨਾਲ ਹੀ ਸ਼ਹੀਦ ਹੋਣ ਵਾਲੇ ਰਾਮ ਪ੍ਰਸਾਦ ਬਿਸਮਿਲ ਨੇ ਵੀ ਸ਼ਹਾਦਤ ਦੇਣ ਤੋਂ ਪਹਿਲਾਂ ਇਸੇ ਤਰ੍ਹਾਂ ਦੇ ਵਿਚਾਰ ਪ੍ਰਗਟਾਏ ਸਨ। ਉਹਨਾਂ ਨੇ ਸ਼ਹਾਦਤ ਤੋਂ ਸਿਰਫ਼ ਤਿੰਨ ਦਿਨ ਪਹਿਲਾਂ ਦੇਸ਼ ਦੇ ਆਮ ਲੋਕਾਂ ਲਈ 'ਆਖਰੀ ਸਮੇਂ ਦੀਆਂ ਗੱਲਾਂ' ਸਿਰਲੇਖ ਹੇਠ ਜੋ ਸੁਨੇਹਾ ਛੱਡਿਆ, ਉਹ ਹਮੇਸ਼ਾ ਯਾਦ ਰੱਖਿਆ ਜਾਵੇਗਾ :

ਮੇਰਾ ਜਨਮ-ਜਨਮਾਂਤਰ ਉਦੇਸ਼ ਰਹੇਗਾ ਕਿ ਹਰ ਮਨੁੱਖ ਨੂੰ ਸਾਰੇ ਕੁਦਰਤੀ ਪਦਾਰਥਾਂ 'ਤੇ ਬਰਾਬਰ ਹੱਕ ਪ੍ਰਾਪਤ ਹੋਵੇ। ਕੋਈ ਕਿਸੇ 'ਤੇ ਹਕੂਮਤ ਨਾ ਕਰੇ। ਸਾਰੇ ਸੰਸਾਰ ਵਿੱਚ ਜਨ-ਤੰਤਰ ਦੀ ਸਥਾਪਨਾ ਹੋਵੇ। ਵਰਤਮਾਨ ਸਮੇਂ ਭਾਰਤ ਦੀ ਹਾਲਤ ਬਹੁਤ ਚਿੰਤਾਜਨਕ ਹੈ। ਪਰ ਮੈਂ ਜਾਨ ਕੁਰਬਾਨ ਕਰਨ ਸਮੇਂ ਨਿਰਾਸ਼ ਨਹੀਂ ਹਾਂ ਕਿ ਸਾਡੀ ਕੁਰਬਾਨੀ ਫ਼ਜ਼ੂਲ ਗਈ, ਮੇਰਾ ਤਾਂ ਵਿਸ਼ਵਾਸ ਹੈ ਕਿ ਸਾਡੇ ਲੋਕਾਂ ਦੀਆਂ ਛੁਪੀਆਂ ਆਹਾਂ ਦਾ ਹੀ ਇਹ ਨਤੀਜਾ ਹੋਇਆ ਕਿ ਲਾਰਡ ਬਰਕਨਹੇਡ ਦੇ ਦਿਮਾਗ ਵਿੱਚ ਇਹ ਵਿਚਾਰ ਉਮੜਿਆ ਕਿ ਹਿੰਦੁਸਤਾਨ ਦੇ ਹਿੰਦੂ-ਮੁਸਲਮਾਨ ਝਗੜਿਆਂ ਦਾ ਲਾਭ ਉਠਾਓ ਅਤੇ ਭਾਰਤ ਦੀਆਂ ਜ਼ੰਜੀਰਾਂ ਹੋਰ ਕਸ ਦੇਵੋ। ਭਾਰਤ ਦੇ ਸਾਰੇ ਪ੍ਰਸਿੱਧ ਰਾਜਨੀਤਕ ਦਲਾਂ (ਹਿੰਦੂਆਂ ਅਤੇ ਮੁਸਲਮਾਨਾਂ ਦੇ) ਦੇ ਜ਼ਿਆਦਾਤਰ ਆਗੂਆਂ ਨੇ ਇੱਕ ਸੁਰ ਹੋ ਕੇ ਰਾਇਲ ਕਮਿਸ਼ਨ ਦੀ ਨਿਯੁਕਤੀ ਅਤੇ ਉਸ ਦੇ ਮੈਂਬਰਾਂ ਦੇ ਵਿਰੁੱਧ ਸਖ਼ਤ ਵਿਰੋਧ ਪ੍ਰਗਟਾਇਆ ਹੈ ਅਤੇ ਅਗਲੀ ਕਾਂਗਰਸ (ਮਦਰਾਸ) 'ਤੇ ਸਾਰੇ ਰਾਜਨੀਤਕ ਦਲਾਂ ਦੇ ਨੇਤਾ ਹਿੰਦੂ ਅਤੇ ਮੁਸਲਮਾਨ ਇੱਕ ਹੋਣ ਜਾ ਰਹੇ ਹਨ।

ਵਾਇਸਰਾਏ ਨੇ ਜਦ ਸਾਡੀਆਂ ਕਾਕੋਰੀ ਵਾਲਿਆਂ ਦੀਆਂ ਫਾਂਸੀਆਂ ਰੱਦ ਕਰਨ ਤੋਂ ਜਵਾਬ ਦੇ ਦਿੱਤਾ, ਉਸ ਸਮੇਂ ਮੈਂ ਮੋਹਨ ਲਾਲ ਜੀ ਨੂੰ ਚਿੱਠੀ ਲਿਖੀ ਸੀ ਕਿ ਹਿੰਦੁਸਤਾਨੀ ਨੇਤਾਵਾਂ ਨੂੰ, ਅਤੇ ਹਿੰਦੂ-ਮੁਸਲਮਾਨਾਂ ਨੂੰ ਅਗਲੀ ਕਾਂਗਰਸ 'ਤੇ ਇਕੱਠੇ ਹੋ ਕੇ ਸਾਡੀ ਯਾਦ ਮਨਾਉਣੀ ਚਾਹੀਦੀ ਹੈ। ਸਰਕਾਰ ਨੇ ਅਸ਼ਫ਼ਾਕ ਉੱਲਾ ਨੂੰ ਰਾਮ ਪ੍ਰਸਾਦ ਦਾ ਸੱਜਾ ਹੱਥ ਕਰਾਰ ਦਿੱਤਾ। ਅਸ਼ਫ਼ਾਕ ਉੱਲਾ ਕੱਟੜ ਮੁਸਲਮਾਨ ਹੋ ਕੇ ਜੇ ਪੱਕੇ ਆਰੀਆ ਸਮਾਜੀ ਰਾਮ ਪ੍ਰਸਾਦ ਦੇ ਕ੍ਰਾਂਤੀਕਾਰੀ ਦਲ ਦੇ ਸਬੰਧ ਵਿੱਚ ਸੱਜਾ ਹੱਥ ਬਣ ਸਕਦੇ ਹਨ, ਤਾਂ ਕੀ ਨਵੇਂ ਭਾਰਤ ਦੀ ਆਜ਼ਾਦੀ ਦੇ ਨਾਮ 'ਤੇ ਹਿੰਦੂ-ਮੁਸਲਮਾਨ ਆਪਣੇ ਨਿੱਜੀ ਛੋਟੇ-ਛੋਟੇ ਫਾਇਦਿਆਂ ਦਾ ਖਿਆਲ ਛੱਡ ਕੇ ਆਪਸ ਵਿੱਚ ਇੱਕ ਨਹੀਂ ਹੋ ਸਕਦੇ?

ਮਰਤੇ 'ਬਿਸਮਿਲ', 'ਰੋਸ਼ਨ', 'ਲਾਹਿੜੀ'
'ਅਸ਼ਫ਼ਾਕ' ਅਤਿਆਚਾਰ ਸੇ
ਹੋਂਗੇ ਪੈਦਾ ਸੈਂਕੜੇ
ਇਨਕੇ ਰੁਧਰ ਕੀ ਧਾਰ ਸੇ (ਰੁਧਰ : ਖ਼ੂਨ)

ਇਸ ਤੋਂ ਵੱਧ ਦੁਖਦਾਈ ਗੱਲ ਕੀ ਹੋ ਸਕਦੀ ਹੈ ਕਿ ਸਾਡੇ ਦੇਸ਼ ਦੇ ਹੁਕਮਰਾਨਾਂ, ਮੁੱਖਧਾਰਾ ਦੇ ਬੁੱਧੀਜੀਵੀਆਂ, ਮੀਡੀਆਂ ਨੇ ਇੱਕ ਯੋਜਨਾਬਧ ਢੰਗ ਨਾਲ ਇਸ ਮਹਾਨ ਲੋਕਪੱਖੀ ਵਿਰਾਸਤ ਨੂੰ ਛੁਪਾਈ ਰੱਖਣ ਦੀ ਦਿਨ ਰਾਤ ਕੋਸ਼ਿਸ਼ ਕੀਤੀ ਹੈ ਅਤੇ ਜਿਸ ਵਿੱਚ ਉਹ ਸਫ਼ਲ ਵੀ ਹੋਏ ਹਨ। ਅੱਜ ਭਾਰਤ ਦਾ ਰਾਜ-ਪ੍ਰਬੰਧ ਕਿਵੇਂ ਹਿੰਦੂਤਵ-ਵਾਦੀ ਖ਼ੂਨੀ ਪੰਜਿਆਂ ਦੇ ਸ਼ਿਕੰਜੇ ਵਿੱਚ ਹੈ। ਅਸੀਂ ਸਭ ਮਿਲਕੇ ਇਹਨਾਂ ਸ਼ਹੀਦਾਂ ਦੀ ਭਾਈਚਾਰਕ-ਧਰਮ ਨਿਰਪੇਖ ਅਤੇ ਸਾਂਝੀ ਸ਼ਹਾਦਤ ਦੀ ਵਿਰਾਸਤ ਨੂੰ ਅਪਣਾਈਏ ਤਾਂ ਕਿ ਰਾਸ਼ਟਰ ਅਤੇ ਸਮਾਜ ਵਿਰੋਧੀ ਹਿੰਦੂਤਵ-ਵਾਦੀ ਮਨਸੂਬਿਆਂ ਨੂੰ ਹਾਰ ਦਿੱਤੀ ਜਾ ਸਕੇ।

ਸਾਬਕਾ ਪ੍ਰੋਫੈਸਰ, ਦਿੱਲੀ ਯੂਨੀਵਰਸਿਟੀ
099680 07740
ਪੰਜਾਬੀ ਅਨੁਵਾਦ : ਬਲਬੀਰ ਲੌਂਗੋਵਾਲ

ਸ਼ੋਕ ਮਤਾ

ਤਰਕਸ਼ੀਲ ਸੁਸਾਇਟੀ ਪੰਜਾਬ ਸੀਨੀਅਰ ਤਰਕਸ਼ੀਲ ਆਗੂ ਸੁਮੀਤ ਸਿੰਘ ਅੰਮ੍ਰਿਤਸਰ ਦੇ ਮਾਤਾ ਅਮਰਜੀਤ ਕੌਰ ਜੀ, ਡਾ. ਹੇਮ ਕਿਰਨ ਰੋਪੜ, ਸਤਨਾਮ ਜੱਜ ਇਕਾਈ ਖਿਲਚੀਆ ਦੇ ਪਿਤਾ ਜੁਗਿੰਦਰ ਸਿੰਘ ਜੀ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੀ ਹੋਈ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਉਂਦੀ ਹੈ।

ਪੁਲਾਂਘ



ਅਵਨੀਤ ਕੌਰ

ਮਾਸੀ ਦੇ ਪਿੰਡ ਪਹੁੰਚ ਕੇ ਖੁਸ਼ੀ ਉੱਡ ਕੇ ਮਿਲੀ। ਖੇਤ ਵਿਚ ਬਣਿਆ ਘਰ ਅਤੇ ਖੁੱਲ੍ਹਾ ਡੁੱਲ੍ਹਾ ਮਾਹੌਲ ਮਨ ਨੂੰ ਭਾਅ ਗਿਆ। ਦੂਰ ਤੱਕ ਦਿਸਦੀ ਹਰਿਆਵਲ ਦੇਖ ਸੁਫ਼ਨੇ ਅੰਗੜਾਈ ਭਰਦੇ। ਪੁਸਤਕਾਂ ਦਾ ਸਾਥ ਮਨ ਦਾ ਸਕੂਨ ਬਣਦਾ। ਖੇਤ ਰਹਿੰਦਿਆਂ ਖੇਤਾਂ ਦੇ ਪੁੱਤਰਾਂ ਦਾ ਸੰਘਰਸ਼ ਭਵਿੱਖ ਦੀ ਆਸ ਲਗਦਾ। ਮਨ ਸਬਕ ਅਤੇ ਪ੍ਰੇਰਨਾ ਬਣਨ ਵਾਲੇ ਕਾਰਜ ਤਲਾਸ਼ਦਾ। ਇੱਕ ਸੁਹਾਣੀ ਸਵੇਰ ਸੁਖਦ ਰੌਂਅ ਵਿਚ ਸੀਨੀਅਰ ਵਿਦਿਆਰਥਣ ਕਮਲ ਦੇ ਗੁਜਰੇ ਵਕਤ ਦੀ ਗਾਥਾ ਦੇ ਪੰਨੇ ਪਲਟਣ ਲੱਗੇ। ਉਸ ਦੇ ਬੋਲਾਂ ਨੂੰ ਕਲਮ ਨੇ ਸ਼ਬਦ ਦਿੱਤੇ।

> ਉਮੰਗਾਂ, ਰੀਝਾਂ ਨਾਲ ਭਰਿਆ ਮਨ ਸੁਨਿਹਰੇ ਭਵਿੱਖ ਦੀ ਆਸ ’ਤੇ ਜਿਊਂਦਾ ਹੈ। ਜ਼ਿੰਦਗੀ ਵਿਚ ਮੇਰਾ ਆਪਣੇ ਆਪ ਨਾਲ ਅਹਿਦ ਹੈ। ਆਪਣੇ ਹਿੱਸੇ ਦੇ ਜਿਉਣ ਵਿਚੋਂ ਹੋਰਾਂ ਦੇ ਕੰਮ ਆਉਣ ਦਾ ਵਕਤ ਵੀ ਰੱਖਾਂਗੀ। ਪੁਲਾਂਘ ਪਿੱਛੋਂ ਜਾਗੀ ਚੇਤਨਾ ਮੈਨੂੰ ਚੰਗੇਰੇ ਭਵਿੱਖ ਦੀ ਦਸਤਕ ਪ੍ਰਤੀਤ ਹੋ ਰਹੀ ਸੀ।

ਦਸਵੀਂ ਵਿਚ ਪੜ੍ਹਦਿਆਂ ਮੈਂ ਕਲਾਸ ਦੀਆਂ ਹੁਸਿਆਰ ਵਿਦਿਆਰਥਣਾਂ ਵਿਚੋਂ ਇੱਕ ਸਾਂ। ਸਕੂਲ ਵਿਚ ਪੜ੍ਹਾਈ ਦਾ ਮਾਹੌਲ ਉਤਸ਼ਾਹਿਤ ਕਰਦਾ। ਮਨ ਵਿਚ ਪੜ੍ਹ ਲਿਖ ਕੇ ਕੁਝ ਬਣਨ ਦੀ ਰੀਝ ਸੀ। ਮਾਂ ਸਾਰਾ ਦਿਨ ਕੰਮਾਂ ਵਿਚ ਲੱਗੀ ਰਹਿੰਦੀ। ਨਾ ਖਾਣ ਦਾ ਫ਼ਿਕਰ, ਨਾ ਪਹਿਨਣ ਦੀ ਚਾਹ। ਬਸ, ਘਰ ਨੂੰ ਤੋਰਨ ਦਾ ਸੁਪਨਾ ਜਗਦਾ ਰੱਖਣ ਲਈ ਘਾਲਣਾ ਘਾਲਦੀ, ਮੈਨੂੰ ਪੜ੍ਹਨ ਲਈ ਪ੍ਰੇਰਦੀ; ਆਖਦੀ, ਧੀਏ ਮੇਰੇ ਵੱਲ ਦੇਖ, ਪੜ੍ਹ ਲਿਖ ਕੇ ਜ਼ਿੰਦਗੀ ਸੁਆਰ। ਪਾਪਾ ਦਿਨ ਰਾਤ ਖੇਤਾਂ ਵਿਚ ਪਸੀਨਾ ਡੋਲ੍ਹਦੇ। ਥੋੜ੍ਹੀ ਜਮੀਨ ਪਾਪਾ ਦੇ ਹੌਸਲੇ ਨੂੰ ਪਸਤ ਨਾ ਕਰ ਸਕਦੀ। ਉਨ੍ਹਾਂ ਦਾ ਸਿਦਕ ਮੈਨੂੰ ਰਾਹ ਦਿਖਾਉਂਦਾ। ਘਰ ਵਿਚ ਵਿਧਵਾ ਭੂਆ ਵੀ ਸਾਡੇ ਨਾਲ ਰਹਿੰਦੀ। ਘਰੇ ਉਸ ਦਾ ਕੋਈ ਰੁਝੇਵਾ ਨਹੀਂ ਸੀ। ਉਹ ਆਂਢ-ਗੁਆਂਢ ਦੀਆਂ ਔਰਤਾਂ ਨਾਲ ਮੇਲੇ, ਮੱਸਿਆ ਤੁਰੀ ਰਹਿੰਦੀ। ਦੁੱਖਾਂ ਦੀ ਸਤਾਈ ਭੂਆ ਦੀ ਨਜਰ ਵਿਚ ਚੰਗੇ ਵਕਤ ਲਈ ਸੁੱਖਣਾ, ਟੂਣੇ ਬਹੁਤ ਕਾਰਗਾਰ ਦਿਸਦੇ।

ਘਰ ਪਰਿਵਾਰ ਦੇ ਭਲੇ ਤੇ ਤਰੱਕੀ ਲਈ ਉਸ ਦੀ ਨਜਰ ਡੇਰੇ ਵਾਲੇ ਬਾਬਿਆਂ ’ਤੇ ਹੀ ਅਟਕਦੀ। ਭੂਆ ਘਰ ਵਿਚ ਅਕਸਰ ਇਹ ਵਖਿਆਨ ਸੁਣਾਉਂਦੀ। ਬਾਬਿਆਂ ਨੇ ਦੱਸਿਆ, ਤੇਰੇ ਭਰਾ ਦੀ ਸਖਤ ਮਿਹਨਤ ਤਾਂ ਨਿਹਫਲ ਐ, ਕਿਸੇ ਕੰਮ ਨਹੀਂ ਆਉਂਦੀ। ਤਾਂ ਹੀ ਘਰ ਵਿੱਚੋਂ ਤੰਗੀਆਂ ਤੁਰਸੀਆਂ ਨਹੀਂ ਜਾਂਦੀਆਂ। ਥੋਡਾ ਘਰ ਤਾਂ ਅਦਿੱਖ ਸ਼ੈਆਂ ਦੇ ਪਹਿਰੇ ਹੇਠ ਐ। ਉਪਾਅ ਨਾ ਕੀਤਾ ਤਾਂ ਘਰ ਦੇ ਸਾਰੇ ਜੀਅ ਭੰਗ ਦੇ ਭਾਣੇ ਜਾਣਗੇ। ਸਵੇਰ ਸਾਮ ਭੂਆ ਦੀਆਂ ਅਜਿਹੀਆਂ ਗੱਲਾਂ ਸੁਣ ਮੇਰੇ ਮਨ ਅੰਦਰ ਡਰ ਘਰ ਕਰਨ ਲਗਦਾ। ਰਾਤ ਨੂੰ ਨੀਂਦ ਟਲਣ ਲੱਗੀ। ਪੜ੍ਹਾਈ ਤੋਂ ਮਨ ਉਚਾਟ ਹੋਣ ਲੱਗਾ। ਹਨੇਰੇ ਤੋਂ ਡਰ ਲੱਗਣ ਲੱਗਾ। ਅਧਿਆਪਕ ਮੇਰੀ ਬਦਲ ਰਹੀ ਮਾਨਸਿਕ ਦਸ਼ਾ ਤੋਂ ਹੈਰਾਨ ਸਨ। ਉਨ੍ਹਾਂ ਮੈਨੂੰ ਇਲਾਜ ਕਰਵਾਉਣ ਲਈ ਪ੍ਰੇਰਿਆ। ਮਾਂ ਬਾਪ ਡਾਕਟਰਾਂ ਕੋਲ ਲਿਜਾਂਦੇ ਪਰ ਭੂਆ ਬਾਬਿਆਂ ਦੀਆਂ ਚੌਂਕੀਆਂ ਵੱਲ ਖਿੱਚ ਕਰਦੀ। ਜਦ ਡਾਕਟਰਾਂ ਨੂੰ ਮੇਰੀ ਬਿਮਾਰੀ ਸਮਝ ਨਾ ਆਈ ਤਾਂ ਭੂਆ ਦਾ ਕੰਮ ਸੌਖਾ ਹੋ ਗਿਆ। ਹਰ ਵੀਰਵਾਰ ਚੇਲਿਆਂ ਦੇ ਦਰਾਂ ’ਤੇ ਰੁਲਣ ਲੱਗੇ। ਉਨ੍ਹਾਂ ਖਰਚਾ ਮੂੰਹ ਮੰਗਿਆ ਲਿਆ ਪਰ ਮੇਰੀ ਮਾਨਸਿਕ ਸਿਹਤ ਵਿਚ ਭੋਰਾ ਸੁਧਾਰ ਨਹੀਂ ਹੋਇਆ। ਇੱਕ ਬਾਬੇ ਨੇ ਤਾਂ ਇੱਥੋਂ ਤੱਕ ਆਖ ਦਿੱਤਾ ਕਿ ਇਹ ਕੁੜੀ ਹੀ ਕੁਲਿਹਣੀ ਹੈ। ਘਰ ਬਚਾਉਣਾ ਹੈ ਤਾਂ ਇਹਦੇ ਹੱਥ ਪੀਲੇ ਕਰਕੇ ਘਰੋਂ ਵਿਦਾ ਕਰ ਦਿਉ, ਨਹੀਂ ਤਾਂ ਉਮਰ ਭਰ ਪਛਤਾਉਂਦੇ ਰਹੋਗੇ। ਭੂਆ ਨੇ ਇਲਾਜ ਛੱਡ ਮੇਰੇ ਵਿਆਹ ਲਈ ਕੋਸ਼ਿਸ਼ਾਂ ਸੁਰੂ ਕਰ ਦਿੱਤੀਆਂ।

ਮੈਨੂੰ ਆਪਣਾ ਭਵਿੱਖ ਹਨੇਰਾ ਨਜਰ ਆਉਣ ਲੱਗਾ। ਮਾਂ ਮੇਰੇ ਨਾਲ ਸੀ ਪਰ ਭੂਆ ਤੇ ਪਾਪਾ ਜੀ ਕਰਕੇ ਉਹ ਚੁੱਪ ਰਹੀ। ਅਜਿਹਾ ਦੇਖ ਸੁਣ ਮੈਂ ਸੁਧ ਬੁਧ ਗੁਆ ਬੈਠੀ। ਮੰਜਾ ਮੱਲ ਲਿਆ। ਪਰਿਵਾਰ ਸਕਤੇ ਵਿਚ ਆ ਗਿਆ। ਆਖਰ ਕਿਸੇ ਭਲੇ ਪੁਰਸ਼ ਨੇ ਮੇਰੇ ਪਾਪਾ ਨੂੰ ਬਰਗਾੜੀ ਮਸਵਰਾ ਕੇਂਦਰ ਦੀ ਦੱਸ ਪਾਈ। ਮੈਂ ਪਹਿਲੀ ਵਾਰ ਮਾਪਿਆਂ ਨਾਲ ਕੇਂਦਰ ਪਹੁੰਚੀ। ਆਪਣੇ ਵਰਗੇ ਪੀੜਿਤ ਲੋਕਾਂ ਨੂੰ ਵੇਖ ਮਨ ਨੂੰ ਥੋੜ੍ਹਾ ਸਕੂਨ ਮਿਲਿਆ। ਮਸਵਰਾ ਕੇਂਦਰ ਦਾ ਸੁਖਾਵਾਂ ਮਾਹੌਲ ਦੇਖ ਮੈਨੂੰ ਸਭ ਠੀਕ ਹੋਣ ਦੀ ਆਸ ਬੱਝੀ। ਉਨ੍ਹਾਂ ਪਹਿਲਾਂ ਮੇਰੇ ਮਾਤਾ ਪਿਤਾ ਤੋਂ ਸਾਰੀ ‘ਕਥਾ’ ਜਾਣੀ। ਫਿਰ

ਬਾਕੀ ਪੰਨਾ 16 ’ਤੇ

ਕੇਸ ਰਿਪੋਰਟ

ਤਰਕ ਦਾ ਵਾਹ : ਸੁਖਦ ਸੁਲਾਹ



ਕੁਲਜੀਤ ਡੰਗਰਖੇੜਾ

ਖੇਤ ਢਾਣੀ ਵਿੱਚ ਰਹਿੰਦਾ ਵਸਦਾ ਰਸਦਾ ਪਰਿਵਾਰ ਸੀ। ਘਰ ਦੇ ਇਕਲੌਤੇ ਪੁੱਤਰ ਦੇ ਵਿਆਹ ਨੂੰ ਸਾਲ ਪੂਰਾ ਹੋਣ ਵਾਲਾ ਸੀ। ਛੋਟੇ ਤੇ ਸੰਤੁਸਟ ਪਰਿਵਾਰ ਵਿੱਚ ਖੁਸ਼ੀਆਂ ਦਾ ਵਾਸਾ ਸੀ। ਸਾਰੇ ਮੈਂਬਰ ਆਪੋ ਆਪਣਾ ਕੰਮ ਕਰਦੇ। ਇੱਕ ਦੂਜੇ ਦੇ ਸਾਹ ਵਿੱਚ ਸਾਹ ਲੈਂਦੇ। ਦੂਈ ਦਵੈਤ ਤੋਂ ਦੂਰ। ਇੱਕ ਦੂਸਰੇ ਦੀਆਂ ਭਾਵਨਾਵਾਂ ਦੀ ਕਦਰ ਕਰਦੇ। ਪਿੰਡ ਤੇ ਸਕੇ ਸਨੇਹੀਆਂ ਵਿੱਚ ਪਰਿਵਾਰ ਦਾ ਜਸ ਸੀ। ਪਰਿਵਾਰ ਇਸ ਗੱਲੋਂ ਖੁਸ਼ ਸੀ ਕਿ ਘਰ ਵਿੱਚ ਨਵਾਂ ਜੀਅ ਆਉਣ ਵਾਲਾ ਸੀ। ਘਰ ਵਿੱਚ ਵਾਪਰਨ ਵਾਲੀਆਂ ਅਜੀਬੋ ਗਰੀਬ ਘਟਨਾਵਾਂ ਘਰ ਦੇ ਸੁਖ ਤੇ ਖੁਸ਼ੀ ਵਿੱਚ ਖਲਲ ਪਾਉਣ ਲੱਗੀਆਂ।

ਵਕਤ ਦਾ ਦੌਰ :

ਪਰਿਵਾਰ ਦੇ ਸਾਰੇ ਮੈਂਬਰ ਨੂੰਹ ਰਾਣੀ ਦੀ ਹਰ ਲੋੜ ਦਾ ਖਿਆਲ ਰੱਖਦੇ। ਉਹ ਅਕਸਰ ਸ਼ਿਕਾਇਤ ਕਰਦੀ ਕਿ ਉਸ ਵੱਲੋਂ ਰੱਖੀ ਚੀਜ ਵਸਤ ਮੁੜ ਉਸ ਥਾਂ ਤੋਂ ਨਹੀਂ ਮਿਲਦੀ। ਫਿਰ ਵਸਤਾਂ ਗੁੰਮ ਹੋਣ ਲੱਗ ਪਈਆਂ। ਪਰਿਵਾਰ ਇਸਨੂੰ ਆਮ ਵਰਤਾਰਾ ਸਮਝਦਾ। ਘਰਾਂ ਵਿੱਚ ਅਜਿਹਾ ਅਕਸਰ ਹੁੰਦਾ ਰਹਿੰਦਾ ਹੈ। ਇਹ ਸੋਚ ਉਹ ਬੇਫ਼ਿਕਰ ਰਹਿੰਦੇ। ਘਰ ਆਉਣ ਵਾਲੀ ਖੁਸ਼ੀ ਨੂੰ ਚਿਤਵ ਉਹ ਛੋਟੇ ਮੋਟੇ ਨੁਕਸਾਨ ਦੀ ਪ੍ਰਵਾਹ ਨਾ ਕਰਦੇ। ਇੱਕ ਸਵੇਰ ਨੂੰਹ ਰਾਣੀ ਨੂੰ ਉੱਠਣ ਸਾਰ ਹੀ ਦੰਦਲ ਪੈ ਗਈ। ਸਾਰਿਆਂ ਦੇ ਭਾਅ ਦੀ ਬਣ ਗਈ। ਤੁਰੰਤ ਪੈਰ ਡਾਕਟਰ ਬੁਲਾਇਆ। ਡਾਕਟਰ ਨੇ ਚੈੱਕ ਅੱਪ ਕਰਿਆ। ਕਹਿੰਦਾ ਕੋਈ ਫਿਕਰ ਵਾਲੀ ਗੱਲ ਨਹੀਂ। ਇੱਕ ਦੋ ਦਿਨਾਂ ਵਿੱਚ ਨੂੰਹ ਰਾਣੀ ਠੀਕ ਹੋ ਗਈ। ਸਾਰਿਆਂ ਨੇ ਸੁਖ, ਚੈਨ ਦਾ ਸਾਹ ਲਿਆ। ਘਰ ਵਿੱਚ ਸੁਖ ਸ਼ਾਂਤੀ ਦੀ ਰਵਾਨੀ ਪਰਤ ਆਈ।

ਸੁਖ ਦੇ ਦਿਨਾਂ ਵਿੱਚ ਬੇਚੈਨ ਕਰਨ ਵਾਲੀਆਂ ਘਟਨਾਵਾਂ ਨੇ ਨਵੀਂ ਕਰਵਟ ਲਈ। ਵਕਤ ਦਾ ਵਾਹ ਸੀ। ਨੂੰਹ ਰਾਣੀ ਦੇ ਜਣੇਪੇ ਵਿੱਚ ਮਹੀਨਾ ਰਹਿੰਦਾ ਸੀ। ਉਸਨੂੰ ਵਾਰ ਵਾਰ ਪੈਣ ਵਾਲੀਆਂ ਦੰਦਲਾਂ ਨੇ ਪਰਿਵਾਰ ਦਾ ਚੈਨ ਖੋਹ ਲਿਆ। ਉਸਦੇ ਆਪਣੇ ਤਾਰ 'ਤੇ ਪਾਏ ਕੱਪੜੇ ਗੁਆਚਣ ਲੱਗੇ। ਫਿਰ ਕੱਪੜਿਆਂ ਨੂੰ ਅਚਾਨਕ ਅੱਗ ਲੱਗਣ ਲੱਗੀ। ਪਰਿਵਾਰ ਦੀ ਹੈਰਾਨੀ ਦੀ ਕੋਈ ਹੱਦ ਨਹੀਂ ਸੀ। ਪਰਿਵਾਰ ਦਾ ਦੋਖੀ ਉਨ੍ਹਾਂ ਦੀ ਸਮਝ ਤੋਂ ਬਾਹਰ ਸੀ। ਸੜਦੇ ਕੱਪੜਿਆਂ ਨੂੰ ਉਹ ਘਰ 'ਤੇ ਆਉਣ ਵਾਲੇ ਸੰਕਟ ਦੀ ਦਸਤਕ ਸਮਝਣ ਲੱਗੇ। ਪਰ ਸਤਾਉਣ ਵਾਲੀਆਂ ਘਟਨਾਵਾਂ ਏਥੇ ਨਹੀਂ ਰੁਕੀਆਂ। ਨਿੱਤ ਵਰਤੋਂ ਵਾਲੀਆਂ ਵਸਤਾਂ ਗੁੰਮ ਹੋਣ ਲੱਗੀਆਂ। ਘਰ ਦੇ ਮੁਖੀ ਨੇ ਦੇਰ ਸਵੇਰ ਟੂਟੀਆਂ ਚਲਦੀਆਂ ਵੇਖੀਆਂ। ਆਸ ਪਾਸ ਟੂਟੀਆਂ ਛੱਡਣ ਵਾਲਾ ਵੀ ਕੋਈ ਨਹੀਂ ਦਿਸਿਆ। ਇਹ ਘਟਨਾ ਅਕਸਰ ਵਾਪਰਦੀ। ਰਿਸ਼ਤੇਦਾਰਾਂ ਨੇ ਉਪਾਅ, ਇਲਾਜ ਲਈ ਮਸਵਰੇ ਦਿੱਤੇ। ਕਹਿੰਦੇ ਇਸਦਾ ਡਾਕਟਰੀ ਇਲਾਜ ਤਾਂ ਨਹੀਂ। ਦੂਸਰਾ ਪੁੱਛਾ, ਸੁੱਖਣਾ ਵਾਲਾ ਰਾਹ ਖੁੱਲ੍ਹਾ ਸੀ। ਮਜਬੂਰੀ ਵੱਸ ਚੇਲਿਆਂ ਦੇ ਦਰਾਂ 'ਤੇ ਭਟਕਣ ਲੱਗੇ। ਘਰ ਦੀ ਸੁਖ ਸਾਂਤੀ ਲਈ ਪਰਿਵਾਰ ਨੇ ਆਪਣੇ ਵੱਲੋਂ ਪੂਰੀ ਵਾਹ ਲਾਈ। ਬੁਰੇ ਸੁਪਨਿਆਂ ਨੇ ਸਾਰਿਆਂ ਦੀ ਨੀਂਦ ਉਡਾ ਦਿੱਤੀ। ਚੇਲਿਆਂ ਨੇ ਪਰਿਵਾਰ ਦੀ ਮਜਬੂਰੀ ਦਾ ਖੂਬ ਲਾਹਾ ਲਿਆ। ਕਿਸੇ ਪ੍ਰੇਤ ਦੀ ਔਹਰ ਦੱਸੀ। ਕਿਸੇ ਨੇ ਕਿਸੇ ਵੱਡੇ ਵਡੇਰੇ ਦੀ ਭਟਕਦੀ ਰੂਹ ਸਿਰ ਗੁਣਾ ਪਾਇਆ। ਉਨ੍ਹਾਂ ਤੋਂ ਛੁਟਕਾਰੇ ਲਈ ਕੜਾਹੀਆਂ, ਪੂਜਾ ਵਾਸਤੇ ਮੂੰਹੋਂ ਮੰਗੀਆਂ ਵਸਤਾਂ ਤੇ ਰਕਮਾਂ ਵਸੂਲ ਕੀਤੀਆਂ। ਘਟਨਾਵਾਂ ਜਿਉਂ ਦੀ ਤਿਉਂ ਵਾਪਰਦੀਆਂ ਰਹੀਆਂ। ਨੂੰਹ ਰਾਣੀ ਨੂੰ ਪੈਂਦੇ ਦੌਰੇ ਪਰਿਵਾਰ ਦੀ ਵੱਡੀ ਫਿਕਰਮੰਦੀ ਸਨ। ਡਾਕਟਰ ਸਭ ਅੱਛਾ ਦਸਦੇ ਰਹੇ। ਮਨ 'ਤੇ ਬੋਝ ਤੇ ਚਿੰਤਾ ਲਈ ਦਵਾਈ ਦਿੰਦੇ ਰਹੇ।

ਸੰਕਟ ਰਾਹ:

ਪਰਿਵਾਰ ਨੂੰ ਕੋਈ ਰਾਹ ਨਜਰ ਨਹੀਂ ਸੀ ਆ ਰਿਹਾ। ਕਿਸੇ ਸੂਝਵਾਨ ਰਿਸ਼ਤੇਦਾਰ ਨੇ ਅਬੋਹਰ ਇਕਾਈ ਦੀ ਦੱਸ ਪਾਈ। ਪਰਿਵਾਰ ਨੂੰ ਆਸ ਦੀ ਕਿਰਨ ਨਜਰ ਆਈ। ਉਹ ਉਸੇ ਦਿਨ ਸਾਡੇ ਕੋਲ ਪਹੁੰਚੇ। ਪਰਿਵਾਰ ਦੇ ਸੰਕਟ ਤੇ ਹਾਲਤ ਵੇਖਦਿਆਂ ਅਸੀਂ ਅਗਲੇ ਦਿਨ ਹੀ ਉਨ੍ਹਾਂ ਦੇ ਘਰ ਜਾਣਾ ਤੈਅ ਕਰ ਲਿਆ। ਮੈਂ, ਸੁਖਦੇਵ ਤੇ ਸੁਖਦੀਪ ਮਲੂਕਪੁਰ ਅਗਲੇ ਦਿਨ ਉਨ੍ਹਾਂ ਦੀ ਢਾਣੀ 'ਤੇ ਸਾਂ।

ਹਾਲਾਤ ਏ ਹਾਜਰ :

ਘਰ ਦੇ ਖੁੱਲ੍ਹੇ ਡੁੱਲ੍ਹੇ ਮਾਹੌਲ ਵਿੱਚ ਚੁੱਪ ਪਸਰੀ ਹੋਈ ਸੀ। ਪਰਿਵਾਰ ਦੇ ਮੈਂਬਰਾਂ ਦੇ ਚਿਹਰਿਆਂ ਤੋਂ ਨਿਰਾਸਾ ਸਾਫ ਝਲਕਦੀ ਸੀ। ਤਣਾਅ ਤੇ ਡਰ ਦੇ ਮਾਹੌਲ ਨੂੰ ਸੁਖਾਵਾਂ ਬਣਾਉਣ ਲਈ ਅਸੀਂ ਘਟਨਾਵਾਂ ਦੀ ਪੜਤਾਲ ਆਰੰਭੀ। ਘਰ ਦੇ ਮੁਖੀ ਪਤੀ ਪਤਨੀ ਇਸ ਗੱਲੋਂ ਹੈਰਾਨ ਤੇ ਨਿਰਾਸ ਸਨ ਕਿ ਘਰ ਵਿੱਚ ਸਭ ਕੁਝ ਹੁੰਦਿਆਂ ਸੁੰਦਿਆਂ ਇਹ ਨੌਬਤ ਕਿਉਂ ਆਈ ? ਘਰ

ਵਿੱਚ ਉਨ੍ਹਾਂ ਤੋਂ ਇਲਾਵਾ ਇੱਕ ਵਿਆਹੁਣ ਯੋਗ ਬੇਟੀ ਤੇ ਨੂੰਹ ਪੁੱਤ ਹੀ ਸਨ। ਘਰ ਦਾ ਸੁਖਾਵਾਂ ਮਾਹੌਲ ਸੀ। ਉਹ ਦੋਵੇਂ ਜੀਅ ਪੁੱਤ ਨੂੰਹ ਦੀ ਰੋਕ ਟੋਕ ਨਹੀਂ ਸਨ ਕਰਦੇ। ਉਨ੍ਹਾਂ ਨਾਲ ਹੋਈ ਗੱਲਬਾਤ ਤੋਂ ਇਹ ਤੱਥ ਸਾਹਮਣੇ ਆਇਆ ਕਿ ਜਣੇਪੇ ਦੇ ਦਿਨ ਨੇੜੇ ਆਉਣ ਨਾਲ ਹੀ ਘਟਨਾਵਾਂ ਦਾ ਦੌਰ ਆਰੰਭ ਹੋਇਆ। ਗੱਲਬਾਤ ਕਰਦੇ ਸਮੇਂ ਅਸੀਂ ਪਰਿਵਾਰ ਦੇ ਸਾਰੇ ਜੀਆਂ ਨੂੰ ਵਾਚਦੇ ਰਹੇ। ਲੜਕੀ ਦਾ ਵਰਤ ਵਿਹਾਰ ਸਹਿਜ ਜਾਪਿਆ। ਨੂੰਹ ਬੇਚੈਨ ਨਜਰ ਆ ਰਹੀ ਸੀ। ਸ਼ਾਇਦ ਉਹ ਇਹ ਜਾਣਨ ਲਈ ਬੇਤਾਬ ਸੀ ਕਿ ਕੋਈ ਉਹਦੇ ਬਾਰੇ ਤਾਂ ਗੱਲ ਨਹੀਂ ਕਰ ਰਿਹਾ ?

ਤਰਕ ਦਾ ਵਾਹ :

ਕੇਸ ਵਾਚਦਿਆਂ ਸਾਡੇ ਮਨ ਵਿੱਚ ਇਹ ਵਿਚਾਰ ਭਾਰੂ ਹੋ ਰਿਹਾ ਸੀ। ਕਿਤੇ ਨਾ ਕਿਤੇ ਜਰੂਰ ਹੀ ਪਰਿਵਾਰ ਦੇ ਕਿਸੇ ਮੈਂਬਰ ਦੀ ਅਣਦੇਖੀ ਜਾਂ ਭਾਵਨਾਵਾਂ ਨੂੰ ਠੇਸ ਲੱਗਣ ਦਾ ਮੁੱਦਾ ਹੈ। ਸਾਡਾ ਸਾਂਝਾ ਮੱਤ ਸੀ ਕਿ ਪਰਿਵਾਰ ਵਿੱਚ ਹਰੇਕ ਜੀਅ ਇੱਕ ਕੜੀ ਵਜੋਂ ਆਪਣੀ ਭੂਮਿਕਾ ਨਿਭਾਉਂਦਾ ਹੈ। ਜਦੋਂ ਵੀ ਕਿਸੇ ਕੜੀ ਨੂੰ ਅਣਗੌਲਿਆਂ ਕੀਤਾ ਜਾਂਦਾ ਹੈ ਤਾਂ ਪ੍ਰਭਾਵਿਤ ਹੋਇਆ ਜੀਅ ਮਾਨਸਿਕ ਪੀੜਾ ਦੀ ਅਵਸਥਾ ਵਿੱਚ ਪਹੁੰਚ ਜਾਂਦਾ ਹੈ। ਅਜਿਹੀਆਂ ਹਾਲਤਾਂ ਵਿੱਚੋਂ ਇਹੋ ਜਿਹੀਆਂ ਘਟਨਾਵਾਂ ਜਨਮ ਲੈਂਦੀਆਂ ਹਨ। ਪਰਿਵਾਰ ਦੀ ਨੂੰਹ ਰਾਣੀ ਤੋਂ ਪੁੱਛ ਪੜਤਾਲ ਕੀਤੀ ਤਾਂ ਮਸਲਾ ਇਸੇ ਦਿਸ਼ਾ ਵੱਲ ਤੁਰਿਆ।

ਉਹ ਜਣੇਪਾ ਪੇਕੇ ਘਰ ਕਰਨ ਦੀ ਇਛੁੱਕ ਸੀ। ਸਹੁਰੇ ਪਰਿਵਾਰ ਦੀ ਭਾਵਨਾ ਵੀ ਸੱਚੀ ਸੁੱਚੀ ਸੀ। ਉਹ ਆਪਣੀ ਨੂੰਹ ਰਾਣੀ ਨੂੰ ਜਾਪੇ ਲਈ ਪੇਕੇ ਨਹੀਂ ਭੇਜਣਾ ਚਾਹੁੰਦੇ ਸਨ। ਕਾਰਣ ਨੂੰਹ ਦੇ ਬਾਪ ਦੀ ਮੌਤ ਹੋ ਚੁੱਕੀ ਸੀ। ਉਹ ਉਸਦੀ ਮਾਂ ਨੂੰ ਕਿਸੇ ਮੁਸਕਲ ਪ੍ਰੇਸ਼ਾਨੀ ਵਿੱਚ ਨਹੀਂ ਸਨ ਪਾਉਣਾ ਚਾਹੁੰਦੇ। ਨੂੰਹ ਦੀਆਂ ਭਾਵਨਾਵਾਂ ਦਾ ਬਲ ਪੇਕੇ ਘਰ ਵੱਲ ਉਲਾਰ ਸੀ। ਉਹ ਸਹੁਰਾ ਪਰਿਵਾਰ ਵੱਲੋਂ ਉਸਦੀ ਕੀਤੀ ਜਾ ਰਹੀ ਸੇਵਾ ਸੰਭਾਲ ਕਾਰਣ ਆਪਣੀ ਭਾਵਨਾ ਨੂੰ ਪ੍ਰਗਟਾਉਣ ਤੋਂ ਅਸਮਰਥ ਸੀ। ਅਜਿਹੇ ਮਾਨਸਿਕ ਤਣਾਅ ਤੇ ਦੁਚਿਤੀ ਚੋਂ ਘਟਨਾਵਾਂ ਦੀ ਲੜੀ ਤੁਰੀ।

ਸੁਖਦ ਸੁਲਾਹ:

ਅਸੀਂ ਉਸ ਨਾਲ ਇਸ ਮੁੱਦੇ ’ਤੇ ਸੁਖਦ ਚਰਚਾ ਛੇੜੀ। ਸਹੁਰਾ ਪਰਿਵਾਰ ਦੇ ਸਹਿਯੋਗ ਬਾਰੇ ਜਾਣਿਆ। ਜਣੇਪੇ ਸਮੇ ਹਸਪਤਾਲ ਜਾਣ ਅਤੇ ਖਰਚ ਬਾਰੇ ਗੱਲ ਕੀਤੀ। ਉਹ ਸਾਡੇ ਨਾਲ ਪੂਰੀ ਤਰ੍ਹਾਂ ਸਹਿਮਤ ਹੋ ਗਈ ਕਿ ਜਣੇਪਾ ਸਹੁਰੇ ਘਰ ਹੀ ਕਰੇਗੀ। ਅਤੇ ਉਸ ਨੇ ਅਹਿਸਾਸ ਕੀਤਾ ਕਿ ਭਾਵਨਾਵਾਂ ਦਾ ਉਲਾਰ ਹੀ ਉਸਨੂੰ ਕੁਰਾਹੇ ਤੋਰ ਗਿਆ। ਉੱਥੇ ਬੈਠਿਆਂ ਹੀ ਅਸੀਂ ਉਸਦੀ ਪੇਕੇ ਘਰ ਗੱਲ ਕਰਵਾਈ। ਮਾਂ ਦੇ ਬੋਲ ਸਨ, ਧੀਏ.. ਸਿਆਣੀ ਬਣ। ਤੇਰੀ ਏਨੀ ਸੇਵਾ ਸੰਭਾਲ ਹੈ। ਸਹੁਰੇ ਪੇਕਿਆਂ ਵਾਲੀ ਗੱਲ ਛੱਡ। ਇਸ ਪਰਿਵਾਰ ਦੀ ਚੰਗੀ ਸੋਚ ਪ੍ਰਵਾਨ ਕਰ। ਮਾਂ ਦੀ ਹਦਾਇਤ ਧੀ ਦੇ ਮਨ ਲੱਗੀ। ਇਹ ਸੁਣ ਕੇ ਪਰਿਵਾਰ ਦੀ ਨੂੰਹ ਰਾਣੀ ਖੁਸ਼ੀ ਦੇ ਰੌਂਅ ਵਿੱਚ ਆਈ। ਮਨ ਨਾਲ ਸੁਖਦ ਸੁਲਾਹ ਕਰ ਲਈ। ਘਰ ਪਰਿਵਾਰ ਤੇ ਆਪਣੀ ਖੁਸ਼ੀ ਲਈ ਸਾਡੇ ਸੁਝਾਵਾਂ ਨੂੰ ਪ੍ਰਵਾਨ ਕੀਤਾ। ਉਸ ਦਿਨ ਮਗਰੋਂ, ਮੁੜ ਕੋਈ ਅਣਸੁਖਾਵੀਂ ਘਟਨਾ ਨਹੀਂ ਵਾਪਰੀ। ਪਰਿਵਾਰ ਦੀ ਬਾਲ ਬੱਚਿਆਂ ਨਾਲ ਭਰੀ ਬਗੀਚੀ ਰੰਗੀਂ ਵਸ ਰਹੀ ਹੈ।

97819 25566

ਪੰਨਾ 14 ਦਾ ਬਾਕੀ...

ਮੈਨੂੰ ਕੋਲ ਬਿਠਾ ਆਪਣੇ ਧੀ ਪੁੱਤ ਵਾਂਗ ਵਿਹਾਰ ਕੀਤਾ। ਕੇਂਦਰ ਦੇ ਮੁਖੀ ਚੰਨਣ ਅੰਕਲ ਨੇ ਮੇਰੀ ਉਦਾਸੀ ਦਾ ਰਾਜ ਜਾਣਿਆ। ਮਨ ਦੇ ਡਰ ਅਤੇ ਸਹਿਮ ਵਾਲੇ ਕਾਰਨ ਤਲਾਸ਼ ਕੀਤੇ। ਨਿੱਕੀਆਂ ’ਤੇ ਭਾਵਪੂਰਤ ਗੱਲਾਂ ਨਾਲ ਪ੍ਰੇਰਿਆ, ਸਮਝਾਇਆ। ਮਨ ਦੇ ਅੰਬਰ ’ਤੇ ਪਈਆਂ ਡਰ ਦੀਆਂ ਪਰਤਾਂ ਹਟਾਈਆਂ। ਆਖਰ ਸੰਮੋਹਨ ਕਿਰਿਆ ਨਾਲ ਮਨ ਮਸਤਕ ਵਿਚ ਆਸਾਂ ਭਰੀਆਂ। ਬਿਖਰ ਰਹੇ ਸੁਫ਼ਨਿਆਂ ਨੂੰ ਪਰ ਦਿੱਤੇ। ਪੜ੍ਹਨ, ਸਿੱਖਣ ਤੇ ਸਮਝਣ ਲਈ ਤਰਕਸ਼ੀਲ ਪੁਸਤਕਾਂ ਮੇਰੇ ਹੱਥ ਫੜਾਈਆਂ। ਮਾਪਿਆਂ ਨੂੰ ਕੁਝ ਸੁਝਾਅ ਦਿੱਤੇ। ਘਰ ਪਰਤਦਿਆਂ ਹੀ ਮੇਰੀ ਉਦਾਸੀ ਕਾਫੂਰ ਹੋਣ ਲੱਗ ਪਈ।

ਦਿਨਾਂ ਵਿਚ ਹੀ ਮਨ ਦੀ ਹਾਲਤ ਸੁਖਾਵੀਂ ਹੋਣ ਲੱਗ ਪਈ। ਮੈਂ ਮਿਹਨਤ ਤੇ ਲਗਨ ਨਾਲ ਮਨ ਪੜ੍ਹਾਈ ਵਿਚ ਲਾ ਲਿਆ। ਉਨ੍ਹਾਂ ਅਗਲੀ ਫੇਰੀ ਤੇ ਭੂਆ ਨੂੰ ਕੇਂਦਰ ਵਿਚ ਬੁਲਾ ਕੇ ਉਸ ਦੇ ਸ਼ੱਕ ਦੂਰ ਕੀਤੇ। ਉਨ੍ਹਾਂ ਦੇ ਸੁਝਾਵਾਂ ਅਨੁਸਾਰ ਮੇਰੇ ਪ੍ਰਤੀ ਪਰਿਵਾਰ ਦਾ ਬਦਲਿਆ ਵਤੀਰਾ ਸੁਖਦ ਅਹਿਸਾਸ ਬਣ ਮਿਲਿਆ। ਇਸ ਪੁਲਾਂਘ ਨੇ ਮੈਨੂੰ ਹਨੇਰੇ ਤੋਂ ਚਾਨਣ ਵੱਲ ਤੋਰਿਆ। ਪਰਿਵਾਰ ਵੱਲੋਂ ਮੈਨੂੰ ਅਗਲੇਰੀ ਪੜ੍ਹਾਈ ਲਈ ਹਰ ਸਹੂਲਤ/ਸਹਿਯੋਗ ਮਿਲਿਆ। ਕੁਝ ਹੀ ਮਹੀਨਿਆਂ ਵਿਚ ਮੈਂ ਕਲਾਸ ਵਿਚੋਂ ਮੁੜ ਅੱਵਲ ਆਉਣ ਲੱਗੀ। ਚੰਗੇ ਅੰਕਾਂ ਸਦਕਾ ਹੁਣ ਮੈਂ ਰਾਜਧਾਨੀ ਦੇ ਉੱਤਮ ਕਾਲਜ ਦੀ ਵਿਦਿਆਰਥਣ ਹਾਂ। ਉਮੰਗਾਂ, ਰੀਝਾਂ ਨਾਲ ਭਰਿਆ ਮਨ ਸੁਨਿਹਰੇ ਭਵਿੱਖ ਦੀ ਆਸ ’ਤੇ ਜਿਊਂਦਾ ਹੈ। ਜ਼ਿੰਦਗੀ ਵਿਚ ਮੇਰਾ ਆਪਣੇ ਆਪ ਨਾਲ ਅਹਿਦ ਹੈ। ਆਪਣੇ ਹਿੱਸੇ ਦੇ ਜਿਊਣ ਵਿਚੋਂ ਹੋਰਾਂ ਦੇ ਕੰਮ ਆਉਣ ਦਾ ਵਕਤ ਵੀ ਰੱਖਾਂਗੀ। ਪੁਲਾਂਘ ਪਿੱਛੋਂ ਜਾਗੀ ਚੇਤਨਾ ਮੈਨੂੰ ਚੰਗੇਰੇ ਭਵਿੱਖ ਦੀ ਦਸਤਕ ਪ੍ਰਤੀਤ ਹੋ ਰਹੀ ਸੀ।

ਸੰਪਰਕ : salamzindgi88@gmail.com

ਨਵੀਂ ਸਵੇਰ ਪਾਠਸ਼ਾਲਾ

• ਜੇਕਰ ਤੁਹਾਡਾ ਬੱਚਾ ਸਮੇਂ ਸਿਰ ਨਹੀਂ ਉੱਠਦਾ ਜਾਂ ਸਕੂਲ ਜਾਣ ਤੋਂ ਟਾਲ-ਮਟੋਲ ਕਰਦਾ ਹੈ:

ਬੱਚੇ ਨੂੰ ਦਿਨ ਵਿੱਚ ਕਿਸੇ ਚੰਗੀ ਗੱਲ ਦੀ ਆਸ ਨਹੀਂ, ਉਹ ਚਿੰਤਾਵਾਂ, ਵੱਖ-ਵੱਖ ਟਕਰਾਵਾਂ, ਚੀਕ-ਚਿਹਾੜੇ ਅਤੇ ਉਸ ਉੱਪਰ ਥੋਪੇ ਗਏ ਜ਼ਬਰੀ ਫਰਜ਼ਾਂ ਦੇ ਬੋਝ ਤੋਂ ਤੰਗ ਹੈ। ਉਸ ਨੂੰ ਸਕੂਲ ਵਿੱਚ ਕੁੱਝ ਚੰਗਾ ਹੋਣ ਦੀ ਆਸ ਨਹੀਂ। ਯਾਦ ਨਾ ਕੀਤੇ ਗਏ ਸਬਕ ਦੇ ਸਿੱਟੇ ਵਜੋਂ ਬੁਰੀਆਂ ਭਾਵਨਾਵਾਂ, ਆਪਣੇ ਹਮ-ਜਮਾਤੀਆਂ ਨਾਲ ਮੇਲਜੋਲ 'ਚ ਔਖ, ਅਧਿਆਪਕਾਂ ਅਤੇ ਕੁੱਝ ਬੱਚਿਆਂ ਵੱਲੋਂ ਉਡਾਇਆ ਮਜ਼ਾਕ। ਅਜਿਹਾ ਰੋਜ਼-ਰੋਜ਼ ਵਾਪਰਦਾ ਹੈ।



ਆਪਣੇ ਬੱਚੇ 'ਤੇ ਤਰਸ ਖਾਓ! ਉਸ ਨੂੰ ਇਸ ਮਰੀਜ਼ਆਨਾ ਭਾਵਨਾਵਾਂ ਦੀ ਦਲਦਲ ਵਿੱਚੋਂ ਨਿਕਲਣ 'ਚ ਸਹਾਰਾ ਦਿਓ। ਯਾਦ ਰੱਖੋ ਕਿ ਉਸ ਦੀ ਢੀਠਤਾ ਅਤੇ ਬੇਚੈਨੀ ਉਸ ਪ੍ਰਤੀ ਅਣਗਹਿਲੀ ਦਾ ਨਤੀਜਾ ਹੈ। ਜੇਕਰ ਤੁਸੀਂ ਇਸ ਵੱਲ ਧਿਆਨ ਨਹੀਂ ਦਿੰਦੇ ਤਾਂ ਕੋਈ ਵੀ ਸਖ਼ਤਾਈ ਬੱਚੇ ਦੀ ਸਖਸ਼ੀਅਤ ਸੰਵਾਰਣ ਵਿੱਚ ਤੁਹਾਡਾ ਸਾਥ ਨਹੀਂ ਦੇ ਸਕਦੀ। ਹਰ ਨਵੀਂ ਝਾੜ-ਝੰਬ ਮਾਮਲੇ ਨੂੰ ਹੋਰ ਬਦਤਰ ਕਰੇਗੀ। ਬੱਚੇ ਵਿੱਚ ਨਵਾਂ ਜਾਨਣ ਦੀ ਇੱਛਾ ਨਹੀਂ ਰਹੇਗੀ, ਉਸਦਾ ਜੀਵਨ ਬਦਤਰ ਹੋ ਜਾਵੇਗਾ। - **ਯੂਰੀ ਅਜ਼ਾਰੋਵ**

• ਮੇਰਾ ਪੱਕਾ ਨਿਸ਼ਚਾ ਹੈ ਕਿ ਅਜਿਹੇ ਗੁਣਾਂ ਬਿਨ੍ਹਾਂ ਕੋਈ ਮਨੁੱਖ ਅਸਲੀ ਅਧਿਆਪਕ ਨਹੀਂ ਬਣ ਸਕਦਾ; ਇਹਨਾਂ ਵਿੱਚ ਸਭ ਤੋਂ ਮੁੱਢਲਾ ਗੁਣ ਹੈ- ਬੱਚੇ ਦੇ ਮਾਨਸਿਕ ਸੰਸਾਰ ਵਿੱਚ ਦਖ਼ਲ ਹੋ ਸਕਨ ਦੀ ਯੋਗਤਾ। ਸਿਰਫ਼ ਉਹੋ ਮਨੁੱਖ ਜਿਹੜਾ ਇਹ ਨਹੀਂ ਭੁੱਲਦਾ ਕਿ ਉਹ ਇੱਕ ਸਮੇਂ ਬੱਚਾ ਸੀ, ਅਸਲੀ ਅਧਿਆਪਕ ਬਣ ਸਕਦਾ ਹੈ। ਅਨੇਕਾਂ ਅਧਿਆਪਕਾਂ ਦਾ ਇਹ ਦੁਖਾਂਤ ਹੈ ਕਿ ਉਹ ਇਹ ਭੁੱਲ ਜਾਂਦੇ ਹਨ ਕਿ ਸਭ ਤੋਂ ਪਹਿਲਾਂ ਵਿਦਿਆਰਥੀ ਇੱਕ ਜਿਉਂਦਾ ਮਨੁੱਖ ਹੈ, ਜਿਹੜਾ ਗਿਆਨ, ਰਚਨਾਤਮਕ ਅਤੇ ਮਨੁੱਖੀ ਸੰਬੰਧਾਂ ਦੇ ਸੰਸਾਰ ਵਿੱਚ ਦਾਖ਼ਲ ਹੋਣ ਦੇ ਅਮਲ ਵਿੱਚ ਹੈ। -**ਸੁਖੋਮਲਿੰਸਕੀ**

• ਜੇਕਰ ਕੋਈ ਬੱਚਾ ਜਾਣਦਾ ਹੋਵੇ ਕਿ ਘਰ ਵਿੱਚ ਉਸ ਨੂੰ ਮੱਥੇ-ਵੱਟ, ਝਿੜਕਾਂ, ਸਵਾਲ ਅਤੇ ਹੌਂਕੇ ਹੀ ਮਿਲਣਗੇ, ਤਾਂ ਉਹ ਬੇਆਰਾਮ ਮਹਿਸੂਸ ਕਰਦਾ ਹੈ।

ਜਿਵੇਂ-ਜਿਵੇਂ ਘਰ ਨੇੜੇ ਆਉਂਦਾ ਹੈ, ਉਸ ਵਿੱਚ ਤਣਾਅ ਦੀ ਭਾਵਨਾ ਵਧਣ ਲਗਦੀ ਹੈ। ਉਹ ਦੇਹਲੀ 'ਤੇ ਪੈਰ ਧਰਦਾ ਹੈ, ਉਸਦੀਆਂ ਹਲਚਲਾਂ ਹੌਲੀ ਚੱਲਣ ਵਾਲੀ ਫਿਲਮ ਜਿਹੀਆਂ ਹੁੰਦੀਆਂ ਹਨ। ਉਹ ਕੰਧ ਨਾਲ ਲੱਗ ਕੇ ਲੰਬਾ ਸਮਾਂ ਖੜ੍ਹਾ ਰਹਿ ਸਕਦਾ ਹੈ, ਉਹ ਹੌਲੀ-ਹੌਲੀ ਬੂਟ ਲਾਹੁੰਦਾ ਹੈ ਅਤੇ ਸ਼ੱਕ ਨਾਲ ਅਟਲ ਸਵਾਲ ਦੀ ਉਡੀਕ ਕਰਦਾ ਹੈ: ਕਿੰਨੇ ਨੰਬਰ ਮਿਲੇ ਤੈਨੂੰ?

ਉਸ ਦੇ ਮਾਪਿਆਂ ਨੇ ਪਹਿਲਾਂ ਹੀ ਸੋਚਿਆ ਹੁੰਦਾ ਹੈ ਕਿ ਉਸ ਨੂੰ ਚੰਗੇ ਨੰਬਰ ਨਹੀਂ ਮਿਲੇ। ਉਹ ਉਹਨਾਂ ਦੀਆਂ ਅੱਖਾਂ ਵਿੱਚ ਝਾਕਣੋਂ ਝਿਜਕਦਾ ਹੈ, ਇਸ ਕਰਕੇ ਕੰਧ ਵੱਲ ਬਿਟਰ-ਬਿਟਰ ਤਕਦਾ ਰਹਿੰਦਾ ਹੈ। ਪਰ ਫਿਰ ਇੱਕ ਡਰਾਊ ਸਵਾਲ ਆ ਜਾਂਦਾ ਹੈ। ਮਾਪਿਆਂ ਦੀ ਇਸ ਬੇਰਹਿਮੀ ਦੇ ਬਹੁਤ ਤਬਾਹਕੁੰਨ ਨਤੀਜੇ ਨਿਕਲਦੇ ਹਨ।

ਕੀ ਉਹ ਸੱਚਮੁੱਚ ਇਹੀ ਧਾਰੀ ਬੈਠੇ ਹਨ ਕਿ ਉਹਨਾਂ ਦਾ ਬੱਚਾ ਘੱਟ ਨੰਬਰਾਂ ਤੋਂ ਬਿਨ੍ਹਾਂ ਕੁੱਝ ਵੀ ਘਰ ਨੀ ਲਿਆ ਸਕਦਾ?

ਜੇਕਰ ਬੱਚੇ ਨੂੰ ਐਨਾ ਅਣਗੌਲਿਆ ਜਾਂਦਾ ਹੈ ਤਾਂ ਉਹ ਚੰਗੇ ਨੰਬਰ ਕਿੱਥੋਂ ਲਿਆਵੇਗਾ?

ਜੇਕਰ ਗੂੜ ਅਗਿਆਨਤਾ ਅਤੇ ਕਿਸੇ ਵਿਸ਼ੇ ਵਿੱਚ ਮੁਹਾਰਤ ਹਾਸਲ ਕਰਨ ਦੇ ਹੁਨਰ ਦੀ ਘਾਟ ਨੇ ਉਸਦੀ ਇੱਛਾ ਨੂੰ ਅਧਰੰਗ ਕਰ ਦਿੱਤਾ ਹੈ, ਉਸਦੀ ਸੋਚਣ ਦੀ ਸਮਰੱਥਾ ਨੂੰ ਨਸ਼ਟ ਕਰ ਦਿੱਤਾ ਹੈ ਤਾਂ ਉਹ ਚੰਗੇ ਨੰਬਰ ਨਹੀਂ ਲਿਆ ਸਕਦਾ। - ਯੂਰੀ ਅਜ਼ਾਰੋਵ

• ਬੱਚੇ ਨੂੰ ਕੋਈ ਅਜਿਹਾ ਮਨੁੱਖ ਨਹੀਂ ਪੜ੍ਹਾ ਸਕਦਾ ਜੋ ਉਸ ਬੱਚੇ ਨੂੰ ਬੇਇੱਜ਼ਤ ਕਰਦਾ ਹੋਵੇ। -ਜੇਮਸ ਬਾਲਡਵਿਨ


• ਜੋ ਕੁੱਝ ਬੱਚੇ ਅੰਦਰ ਚੰਗਾ ਹੈ, ਉਸ ਨੂੰ ਹੁਲਾਰਾ ਦੇ ਕੇ ਖੂਬਸੂਰਤ ਬਣਾਇਆ ਜਾ ਸਕਦਾ ਹੈ। ਜਦੋਂ ਅਧਿਆਪਕ ਬਿਨ੍ਹਾਂ ਦਿਲਚਸਪੀ ਦੇ ਬੱਚੇ ਨੂੰ ਪੜ੍ਹਾ ਰਿਹਾ ਹੁੰਦਾ ਹੈ, ਬੱਚੇ ਕਦੇ ਵੀ ਅਜਿਹੀ ਪੜ੍ਹਾਈ ਦੇ ਪਾਬੰਦ ਨਹੀਂ ਰਹਿੰਦੇ। ਸਕੂਲ ਸੰਸਾਰ ਨੂੰ ਸਮਝਣ ਵਿੱਚ ਸਹਾਇਤਾ ਕਰਨ, ਨਾ ਕਿ ਕੰਧ ਬਣ ਕੇ ਬੱਚੇ ਅਤੇ ਸੰਸਾਰ ਵਿੱਚ ਖੜ੍ਹਣ। -**ਸੁਖੋਮਲਿੰਸਕੀ**

ਸੰਗ੍ਰਹਿ : ਦਾਤਾ ਸਿੰਘ ਨਮੋਲ

94176-77407

ਮਾਰਸ 2020

ਮੰਗਲ ’ਤੇ ਮਨੁੱਖ ਦੀ ਅਗਲੀ ਪੈੜ



ਹਰਜੀਤ ਸਿੰਘ


ਮੰਗਲ ਸੌਰ ਮੰਡਲ ਦਾ ਚੌਥਾ ਗ੍ਰਹਿ ਹੈ। ਆਕਾਰ ਵਿੱਚ ਇਹ ਧਰਤੀ ਤੋਂ ਅੱਧਾ ਅਤੇ ਸਾਰੇ ਗ੍ਰਹਿਆਂ ਵਿੱਚੋਂ ਸਿਰਫ਼ ਬੁੱਧ ਤੋਂ ਵੱਡਾ ਹੈ। ਇਸਦਾ ਭਾਰ ਧਰਤੀ ਦੇ ਭਾਰ ਦਾ 10 ਵਾਂ ਕੁ ਹਿੱਸਾ ਹੈ ਅਤੇ ਇਸਦੀ ਗੁਰੂਤਾ ਖਿੱਚ ਧਰਤੀ ਦੀ 38% ਹੈ। ਆਪਣੇ ਲਾਲ ਰੰਗ ਕਰਕੇ ਇਹ ਅਸਮਾਨ ਵਿੱਚ ਅਲੱਗ ਹੀ ਨਜ਼ਰ ਆ ਜਾਂਦਾ ਹੈ। ਇਸੇ ਰੰਗ ਕਰਕੇ ਯੂਨਾਨੀ ਲੋਕ ਇਸਨੂੰ ‘ਜੰਗ ਦਾ ਦੇਵਤਾ’ ਵੀ ਕਹਿੰਦੇ ਹਨ।

ਅਸਮਾਨ ਵਿੱਚ ਚਮਕਦਾ ਇਹ ਲਾਲ ਬਿੰਦੂ ਸ਼ੁਰੂ ਤੋਂ ਹੀ ਮਨੁੱਖ ਲਈ ਖਿੱਚ ਦਾ ਕੇਂਦਰ ਰਿਹਾ ਹੈ। ਚੰਦਰਮਾ ਤੋਂ ਬਾਅਦ ਜੇਕਰ ਇਨਸਾਨ ਨੇ ਕਿਸੇ ਹੋਰ ਪੁਲਾੜੀ ਸ਼ੈਅ ’ਤੇ ਜੀਵਨ ਦੀ ਕਲਪਨਾ ਕੀਤੀ ਤਾਂ ਉਹ ਮੰਗਲ ਗ੍ਰਹਿ ਸੀ। ਇਸੇ ਕਰਕੇ ਜੇਕਰ ਚੰਦਰਮਾ ਤੋਂ ਬਾਅਦ ਕਿਸੇ ਥਾਂ ’ਤੇ ਸਭ ਤੋਂ ਵੱਧ ਉਪਗ੍ਰਹਿ ਭੇਜੇ ਗਏ ਹਨ ਤਾਂ ਉਹ ਮੰਗਲ ਹੀ ਸੀ। ਮੰਗਲ ਅਤੇ ਧਰਤੀ ਦੀ ਸ਼ੁਰੂਆਤ ਇੱਕੋ ਜਿਹੀ ਸੀ। ਦੋਵਾਂ ਦਾ ਵਾਯੂਮੰਡਲ ਨਿੱਘਾ ਸੀ ਅਤੇ ਤਰਲ ਪਾਣੀ ਮੌਜੂਦ ਸੀ। ਇਸਦੇ ਬਾਵਜੂਦ ਧਰਤੀ ’ਤੇ ਜੀਵਨ ਉਤਪੰਨ ਹੋ ਕੇ ਵਿਕਸਿਤ ਹੋਇਆ ਪਰ ਮੰਗਲ ਇੱਕ ਬੰਜਰ, ਬੇਜਾਨ ਗ੍ਰਹਿ ਬਣ ਕੇ ਰਹਿ ਗਿਆ। ਇਸ ਸਵਾਲ ਦਾ ਜਵਾਬ ਲੱਭਣ ਲਈ ਵਿਗਿਆਨੀਆਂ ਨੇ ਮੰਗਲ ’ਤੇ ਉਪਗ੍ਰਹਿ ਭੇਜਣ ਦੀ ਸੋਚੀ। ਮੰਗਲ ’ਤੇ ਉਪਗ੍ਰਹਿ ਭੇਜਣ ਦੀ ਦੌੜ ਅਮਰੀਕਾ ਅਤੇ ਰੂਸ ਦਰਮਿਆਨ ਚੱਲੇ ਸ਼ੀਤ ਯੁੱਧ ਦਰਮਿਆਨ ਸ਼ੁਰੂ ਹੋਈ। ਇਸਦੀ ਪਹਿਲੀ ਕੋਸ਼ਿਸ਼ ਰੂਸ ਨੇ 1960 ਵਿੱਚ ਕੀਤੀ ਪਰ ਸਫਲ ਨਾ ਹੋ ਸਕਿਆ। ਇਸਤੋਂ ਬਾਅਦ ਦੋਵਾਂ ਦੇਸ਼ਾਂ ਨੇ ਕਈ ਕੋਸ਼ਿਸ਼ਾਂ ਕੀਤੀਆਂ ਅਤੇ ਅੰਤ ਵਿੱਚ ਅਮਰੀਕਾ ਨੇ 1964 ਵਿੱਚ ਪਹਿਲਾ ਉਪਗ੍ਰਹਿ, ਮੈਰਾਈਨਰ-4, ਮੰਗਲ ਦੇ ਨੇੜੇ ਦੀ ਲੰਘਾਇਆ। ਇਹ ਇੱਕ ਫਲਾਈ ਬਾਈ ਮਿਸ਼ਨ ਸੀ। ਮੰਗਲ ਦੇ ਪੰਧ ਵਿੱਚ ਪਹਿਲਾ ਉਪਗ੍ਰਹਿ ਮਾਰਸ-2, ਰੂਸ ਨੇ 1971 ਵਿੱਚ ਪਾਇਆ। ਨਾਸਾ (N.A.S.A.), (National Aeronautics Space Administration) ਨੇ ਮੰਗਲ ’ਤੇ ਪਹਿਲਾ ਲੈਂਡਰ, ਵਾਈਕਿੰਗ-1, 1975 ਵਿੱਚ ਉਤਾਰਿਆ ਅਤੇ ਸਭ ਤੋਂ ਪਹਿਲੀ ਬੱਘੀ (ਰੋਵਰ), ਸੋਜੋਰਨਰ, 1997 ਵਿੱਚ ਉਤਾਰੀ। ਉਸਤੋਂ ਬਾਅਦ ਭੇਜੇ ਗਏ ਮਿਸ਼ਨਾਂ ਵਿੱਚੋਂ ਨਾਸਾ ਦੇ ਪਾਥਫਾਈਂਡਰ-1996, ਓਡੀਸੀ-2001, ਸਪਿਰਿਟ ਤੇ ਆਪਰਚਿਊਨਿਟੀ-2003 ਅਤੇ ਭਾਰਤ ਦਾ 2013 ਵਿੱਚ ਭੇਜਿਆ ਮੰਗਲਾਯਾਨ 1 ਜ਼ਿਕਰਯੋਗ ਹਨ।

ਇਹ ਸਾਰੇ ਮਿਸ਼ਨ ਮੰਗਲ ਗ੍ਰਹਿ ’ਤੇ ਜੀਵਨ ਦੀ ਭਾਲ ਵਿੱਚ ਭੇਜੇ ਗਏ ਸਨ। ਇਨ੍ਹਾਂ ਮਿਸ਼ਨਾਂ ਤੋਂ ਮਿਲੀ ਜਾਣਕਾਰੀ ਮੁਤਾਬਿਕ ਮੰਗਲ, ਅੱਜ ਦੇ ਉਲਟ, ਕਿਸੇ ਸਮੇਂ ਵਾਯੂਮੰਡਲ ਭਰਪੂਰ ਨਮੀ ਵਾਲਾ ਗ੍ਰਹਿ ਸੀ ਜਿਸਦੇ ਉੱਤੇ ਤਰਲ ਪਾਣੀ ਮੌਜੂਦ ਸੀ ਅਤੇ ਹਾਲਾਤ ਜੀਵਨ ਦੇ ਪਨਪਣ ਲਈ ਸਾਜਗਾਰ ਸਨ। ਹੁਣ ਤੱਕ ਦੇ ਮਿਸ਼ਨਾਂ ਨਾਲ ਇਸੇ ਜੀਵਨ ਦੇ ਸਬੂਤ ਲੱਭਣ ਲਈ ਕੋਸ਼ਿਸ਼ਾਂ ਕੀਤੀਆਂ ਗਈਆਂ। ਇਸੇ ਨੂੰ ਅੱਗੇ ਤੋਰਦਿਆਂ, ਨਾਸਾ ਨੇ ਆਪਣਾ ਅਗਲਾ ਮਿਸ਼ਨ ਮਾਰਸ-2020, 30 ਜੁਲਾਈ 2020 ਨੂੰ ਮੰਗਲ ’ਤੇ ਜਾਣ ਲਈ ਦਾਗ਼ਿਆ। ਇਹ ਤਰੀਕ ਇਸ ਲਈ ਮਿਥੀ ਗਈ ਕਿ ਜਦ ਮਿਸ਼ਨ ਮੰਗਲ ’ਤੇ ਉੱਤਰੇ, ਨਾਸਾ ਦੇ ਉੱਥੇ ਪਹਿਲਾਂ ਤੋਂ ਮੌਜੂਦ ਉਪਗ੍ਰਹਿ ਉਸਨੂੰ ਦੇਖ ਸਕਣ ਅਤੇ ਰੇਡੀਓ ਸੰਪਰਕ ਸਥਾਪਿਤ ਕਰ ਸਕਣ। ਤਾਪ ਰੋਧੀ ਕਵਚ ਅੰਦਰ ਕੈਦ ਇਹ ਮਿਸ਼ਨ 6 ਮਹੀਨੇ ਅਤੇ 19 ਦਿਨ ਦਾ ਪੰਧ ਮੁਕਾ ਕੇ 18 ਫਰਵਰੀ 2021 ਨੂੰ ਮੰਗਲ ’ਤੇ ਪਹੁੰਚਿਆ। ਮੰਗਲ ’ਤੇ ਉਤਰਨ ਲਈ ਪਹਿਲਾਂ 70 ਫੁੱਟ ਵੱਡੇ ਪੈਰਾਸ਼ੂਟ ਨਾਲ ਗਤੀ ਘਟਾਈ ਗਈ ਅਤੇ ਫਿਰ ਛੋਟੇ ਰਾਕਟਾਂ ਦੀ ਮਦਦ ਨਾਲ ਗਤੀ ਬਿਲਕੁਲ ਘਟਾ ਕੇ ਮਿਸ਼ਨ ਨੂੰ ਹਲਕੇ ਜਿਹੇ ਲੈਂਡ ਕਰਵਾਇਆ ਗਿਆ।

ਇਸ ਮਿਸ਼ਨ ਦਾ ਮਕਸਦ ਪੁਰਾਤਨ ਜੀਵਨ ਦੀ ਤਲਾਸ਼ ਕਰਨਾ ਅਤੇ ਚਟਾਨਾਂ/ਮਿੱਟੀ ਦੇ ਨਮੂਨੇ ਇਕੱਠੇ ਕਰਨਾ ਹੈ। ਇਸ ਮਿਸ਼ਨ ਨੂੰ ਮੰਗਲ ਦੇ ਉੱਤਰੀ ਅਰਧ ਗੋਲੇ ਦੇ ਜੇਜ਼ੈਰੋ ਖੱਡੇ (Jezero Crater) ਵਿੱਚ ਉਤਾਰਿਆ ਗਿਆ ਹੈ। ਜੇਜ਼ੈਰੋ ਖੱਡਾ ਲਗਭਗ 45 ਕਿਲੋਮੀਟਰ ਚੌੜਾ ਹੈ। ਵਿਗਿਆਨੀਆਂ ਦਾ ਮੰਨਣਾ ਹੈ ਕਿ 3.5 ਅਰਬ ਸਾਲ ਪਹਿਲਾਂ ਇੱਥੇ ਇੱਕ ਨਦੀ ਆ ਕੇ ਝੀਲ ਵਿੱਚ ਮਿਲਦੀ ਸੀ। ਨਦੀ ਦੁਆਰਾ ਵਹਾਅ ਨਾਲ ਲਿਆਂਦੇ ਤੱਤਾਂ ਕਰਕੇ ਏਥੇ ਪੁਰਾਤਨ ਸਮੇਂ ਚ ਜੀਵਨ ਹੋਣ ਦੀ ਸੰਭਾਵਨਾ ਹੈ।

ਇਸ ਉਪਗ੍ਰਹਿ ਦੇ ਦੋ ਮੁੱਖ ਭਾਗ ਪਰਸਵੇਰੈਂਸ (Perseverance) ਅਤੇ ਇੰਜੈਨੂਇਟੀ (Ingenuity) ਹਨ। ਪਰਸਵੇਰੈਂਸ ਇੱਕ ਬੱਘੀ ਹੈ ਜੋ ਕਿ 1 ਮੰਗਲ ਸਾਲ (ਲਗਭਗ 687 ਧਰਤ ਦਿਨ) ਲਈ ਮੰਗਲ ਦੀ ਸਤ੍ਹਾ ’ਤੇ ਵਿਗਿਆਨਕ ਪ੍ਰਯੋਗ ਕਰਨ ਲਈ ਵਰਤੀ ਜਾਵੇਗੀ। 6 ਟਾਇਰਾਂ ’ਤੇ ਸਵਾਰ, 1025 ਕਿਲੋਗ੍ਰਾਮ ਦੀ, ਇਹ ਬੱਘੀ 10 ਫੁੱਟ ਲੰਬੀ, 9 ਫੁੱਟ



ਚੌੜੀ ਅਤੇ 7 ਫੁੱਟ ਉੱਚੀ ਹੈ। ਨਾਸਾ ਦੀ ਇਹ ਹੁਣ ਤੱਕ ਦੀ ਸਭ ਤੋਂ ਵੱਡੀ ਅਤੇ ਭਾਰੀ ਬੱਘੀ ਹੈ। ਇਸਦਾ ਮੁੱਖ ਕੰਮ ਮੰਗਲ ’ਤੇ ਪੁਰਾਤਨ ਜੀਵਨ ਦੀ ਹੋਂਦ ਦੇ ਸਬੂਤ ਲੱਭਣਾ ਹੈ। (ਨੋਟ: ਇੱਥੇ ਜੀਵਨ ਤੋਂ ਭਾਵ ਕੀੜੇ, ਮੱਛੀ, ਥਣਧਾਰੀ ਜੀਵ ਆਦਿ ਨਹੀਂ ਬਲਕਿ ਸੂਖਮ ਜੀਵ ਜਿਵੇਂ ਬੈਕਟੀਰੀਆ ਆਦਿ ਹੈ) ਇਸ ਕੰਮ ਵਾਸਤੇ ਬੱਘੀ ਵਿੱਚ ਆਰਗੈਨਿਕ ਮਾਦੇ ਨੂੰ ਲੱਭਣ ਵਾਲਾ ਯੰਤਰ, 100 ਮੀਟਰ ਤੱਕ ਜ਼ੂਮ ਕਰ ਸਕਣ ਵਾਲਾ ਕੈਮਰਾ, ਲੇਜ਼ਰ ਕਟਰ ਅਤੇ ਰਡਾਰ ਲਗਾਏ ਗਏ ਹਨ। ਇਸ ਬੱਘੀ ’ਤੇ ਲੱਗੇ ਕੁੱਲ 19 ਕੈਮਰਿਆਂ ਵਿੱਚੋਂ 2 ਆਮ ਜਨਤਾ ਲਈ ਹਨ। ਕੋਈ ਵੀ ਨਾਸਾ ਦੀ ਵੈੱਬਸਾਈਟ ’ਤੇ ਜਾ ਕੇ ਇਨ੍ਹਾਂ ਕੈਮਰਿਆਂ ਦੀਆਂ ਤਸਵੀਰਾਂ ਦੇਖ ਸਕਦਾ ਹੈ ਤੇ ਮੰਗਲ ਗ੍ਰਹਿ ਦੀਆਂ ਆਵਾਜ਼ਾਂ ਸੁਣ ਸਕਦਾ ਹੈ। ਇਸ ਤੋਂ ਇਲਾਵਾ ਇਸ ’ਤੇ ਕਾਰਬਨ ਡਾਈਆਕਸਾਈਡ ਤੋਂ ਆਕਸੀਜਨ ਤਿਆਰ ਕਰਨ ਵਾਲਾ ਯੰਤਰ ਵੀ ਪ੍ਰਯੋਗ ਦੇ ਤੌਰ ਤੇ ਲਾਇਆ ਗਿਆ ਹੈ। ਜੇਕਰ ਇਹ ਸਫਲ ਰਿਹਾ ਤਾਂ ਇਸ ਤਕਨੀਕ ਦੀ ਵਰਤੋਂ ਮਨੁੱਖੀ ਮਿਸ਼ਨਾਂ ਵੇਲੇ ਆਕਸੀਜਨ ਬਣਾਉਣ ਲਈ ਕੀਤੀ ਜਾ ਸਕਦੀ ਹੈ। ਇੱਥੇ ਇਹ ਜ਼ਿਕਰਯੋਗ ਹੈ ਕਿ ਮੰਗਲ ਦੇ ਵਾਯੂਮੰਡਲ ਚ 94% ਕਾਰਬਨ ਡਾਈਆਕਸਾਈਡ ਹੈ।

ਇਸ ਮਿਸ਼ਨ ਦਾ ਦੂਸਰਾ ਤੇ ਸਭ ਤੋਂ ਨਿਵੇਕਲਾ ਹਿੱਸਾ ਹੈ ਇੰਜੈਨੂਇਟੀ। ਇਹ ਇੱਕ 1.8 ਕਿਲੋਗ੍ਰਾਮ ਭਾਰਾ ਤੇ 19 ਇੰਚ ਉੱਚਾ ਹੈਲੀਕਾਪਟਰ ਹੈ। ਕਿਸੇ ਹੋਰ ਗ੍ਰਹਿ ਜਾਂ ਉਪਗ੍ਰਹਿ ’ਤੇ ਉੱਡਣ ਵਾਲਾ ਇਹ ਪਹਿਲਾ ਹੈਲੀਕਾਪਟਰ ਹੈ। ਧਰਤੀ ’ਤੇ ਸੰਘਣਾ ਵਾਯੂਮੰਡਲ ਹੋਣ ਕਰਕੇ ਹੈਲੀਕਾਪਟਰ ਉਡਾਉਣਾ ਬਹੁਤ ਆਸਾਨ ਹੈ। ਪਰ ਮੰਗਲ ’ਤੇ ਵਾਯੂਮੰਡਲ ਬਹੁਤ ਵਿਰਲਾ ਹੈ। ਇਸ ਕਰਕੇ ਉੱਥੇ ਹੈਲੀਕਾਪਟਰ ਉਡਾਉਣ ਲਈ ਇਸਦੇ



ਬਲੇਡ ਬਹੁਤ ਵੱਡੇ ਹੋਣੇ ਚਾਹੀਦੇ ਹਨ ਅਤੇ ਇਹ ਬਹੁਤ ਤੇਜ਼ ਗਤੀ ਨਾਲ ਘੁੰਮਣੇ ਚਾਹੀਦੇ ਹਨ। ਇੰਜੈਨੂਇਟੀ ਦੇ ਬਲੇਡ 4 ਫੁੱਟ ਲੰਬੇ ਹਨ ਅਤੇ ਇੱਕ ਮਿੰਟ ਵਿੱਚ 2400 ਵਾਰ ਘੁੰਮਦੇ ਹਨ। ਇਹ ਹੈਲੀਕਾਪਟਰ ਸੂਰਜੀ ਊਰਜਾ ’ਤੇ ਚਲਦਾ ਹੈ ਅਤੇ ਪੂਰੀ ਤਰ੍ਹਾਂ ਸਵੈਚਲਿਤ ਹੈ। ਇਸ ਉੱਤੇ 2 ਕੈਮਰੇ ਲੱਗੇ ਹਨ ਜੋ ਕਿ ਤਸਵੀਰਾਂ ਬੱਘੀ ਨੂੰ ਘੱਲਦੇ ਹਨ। ਇਸ ਮਿਸ਼ਨ ਵਿੱਚ ਇਹ ਸਿਰਫ਼ ਇੱਕ ਪ੍ਰੀਖਣ ਹੈ, ਜੋ ਜੇਕਰ ਸਫਲ ਰਹਿੰਦਾ ਹੈ ਤਾਂ ਭਵਿੱਖ ਵਿੱਚ ਬਹੁਤ ਨਵੀਆਂ ਸੰਭਾਵਨਾਵਾਂ ਨੂੰ ਜਨਮ ਦੇਵੇਗਾ।

ਇਸਦੇ ਨਾਲ ਹੀ ਨਾਸਾ ਨੇ ਇਸ ਮਿਸ਼ਨ ’ਤੇ 3 ਸਿਲਿਕਾਨ ਦੀਆਂ ਪਲੇਟਾਂ ਵੀ ਭੇਜੀਆਂ ਹਨ ਜਿਸ ’ਤੇ ਲਗਭਗ 11 ਕਰੋੜ ਲੋਕਾਂ ਦੇ ਨਾਮ ਉੱਕਰੇ ਹੋਏ ਹਨ। ਨਾਸਾ ਨੇ ਇਸ ਲਈ ਕੁਝ ਸਮਾਂ ਪਹਿਲਾਂ ਆਨਲਾਈਨ ਅਰਜ਼ੀਆਂ ਮੰਗੀਆਂ ਸਨ। ਸੋ ਜੇਕਰ ਤੁਸੀਂ ਵੀ ਅਰਜ਼ੀ ਦਿੱਤੀ ਸੀ ਤਾਂ ਹੁਣ ਤੁਹਾਡਾ ਨਾਮ ਮੰਗਲ ’ਤੇ ਪਹੁੰਚ ਚੁੱਕਾ ਹੈ।

ਨਾਸਾ ਅਤੇ ਈਸਾ (ESA, ਯੂਰੋਪੀਅਨ ਸਪੇਸ ਏਜੰਸੀ) ਦੀ ਭਵਿੱਖ ਵਿੱਚ ਮਿਲ ਕੇ ਮੰਗਲ ਤੋਂ ਮਿੱਟੀ ਅਤੇ ਚਟਾਨਾਂ ਦੇ ਨਮੂਨੇ ਧਰਤੀ ’ਤੇ ਲਿਆਉਣ ਦੀ ਯੋਜਨਾ ਹੈ। ਧਰਤੀ ’ਤੇ ਇਨ੍ਹਾਂ ਨਮੂਨਿਆਂ ਦੀ, ਸ਼ਕਤੀਸ਼ਾਲੀ ਉਪਕਰਣਾਂ ਨਾਲ, ਜ਼ਿਆਦਾ ਬਰੀਕੀ ਨਾਲ ਜਾਂਚ ਕੀਤੀ ਜਾ ਸਕਦੀ ਹੈ। ਜ਼ਿਆਦਾ ਭਾਰੇ ਅਤੇ ਵੱਡੇ ਹੋਣ ਕਰਕੇ ਇਹ ਉਪਕਰਣ ਮੰਗਲ ’ਤੇ ਲਿਜਾ ਸਕਣਾ ਸੰਭਵ ਨਹੀਂ ਹੈ। ਪਰਸਵੇਰੈਂਸ ਆਪਣੇ ਮਿਸ਼ਨ ਦੌਰਾਨ ਇਕੱਠੇ ਕੀਤੇ ਗਏ ਨਮੂਨਿਆਂ ਨੂੰ ਕੱਚ ਦੀਆਂ ਨਲੀਆਂ ਵਿੱਚ ਬੰਦ ਕਰਕੇ ਇੱਕ ਨਿਰਧਾਰਿਤ ਜਗ੍ਹਾ ’ਤੇ ਛੱਡ ਦੇਵੇਗਾ ਜਿਸਨੂੰ ਨਾਸਾ ਅਤੇ ਈਸਾ ਦਾ ਸਾਂਝਾ ਮਿਸ਼ਨ ਧਰਤੀ ’ਤੇ ਲੈ ਆਵੇਗਾ। ਜੇਕਰ ਸਭ ਕੁਝ ਆਸ ਅਨੁਸਾਰ ਰਿਹਾ ਤਾਂ ਮਾਰਸ-2020 ਆਉਣ ਵਾਲੇ ਸਮੇਂ ਵਿੱਚ ਮੰਗਲ ਤੋਂ ਨਮੂਨੇ ਲਿਆਉਣ ਵਾਲੇ ਮਿਸ਼ਨਾਂ ਦੀ ਪਿਰਤ ਪਾ ਸਕਦਾ ਹੈ ਜੋ ਕਿ ਅੱਗੇ ਜਾ ਕੇ ਇਨਸਾਨ ਦੇ ਮੰਗਲ ’ਤੇ ਪੈਰ ਰੱਖਣ ਵਿੱਚ ਵੀ ਸਹਾਈ ਹੋਵੇਗੀ।

ਨੋਟ: ਇਹ ਲੇਖ ਲਿਖਣ ਤੱਕ ਮਾਰਸ 2020 ਨੇ ਮੰਗਲ ’ਤੇ 200 ਤੋਂ ਵੱਧ ਮੰਗਲ-ਦਿਨ ਪੂਰੇ ਕਰ ਲਏ ਹਨ। ਪਰਸਵੇਰੈਂਸ ਨੇ ਪਹਿਲੇ ਨਮੂਨੇ ਲੈ ਕੇ ਸਫਲਤਾਪੂਰਵਕ ਕੱਚ ਦੀ ਨਲੀ ਵਿੱਚ ਸੰਭਾਲ ਲਏ ਹਨ। ਇੰਜੈਨੂਇਟੀ ਹੈਲੀਕਪਟਰ ਨੇ ਵੀ ਮੰਗਲ ਦੀ ਸਤ੍ਹਾ ’ਤੇ ਕਈ ਉਡਾਣਾਂ ਭਰ ਲਈਆਂ ਹਨ ਅਤੇ ਪੂਰਾ ਮਿਸ਼ਨ ਆਪਣੇ ਮਿਥੇ ਹੋਏ ਤਰੀਕੇ ਨਾਲ ਕੰਮ ਕਰ ਰਿਹਾ ਹੈ।

ਵਿਗਿਆਨੀ/ਇੰਜੀਨੀਅਰ (ISRO)
ਇਸਰੋ (Indian Space Research Organisation)
ਤ੍ਰਿਵੇਂਦ੍ਰਮ
99957-65095

ਹਿੰਦੀ ਕਹਾਣੀ

ਅੱਖਾਂ

ਰਾਜੇਸ਼ ਰਾਜਨ

ਦਸੰਬਰ ਦਾ ਮਹੀਨਾ। ਦਿੱਲੀ। ਸਰਦੀ ਦਾ ਮੌਸਮ ਸ਼ੁਰੂ ਹੋ ਚੁੱਕਾ ਸੀ ਜਾਂ ਇਹ ਕਹੋ ਕਿ ਪਾਲੇ ਨੇ ਆਪਣਾ ਅਸਰ ਵਿਖਾਉਣਾ ਸ਼ੁਰੂ ਕਰ ਦਿੱਤਾ ਸੀ। ਪਰ ਐਨਾ ਵੀ ਨਹੀਂ ਕਿ ਸਹਿਣ ਨਾ ਕੀਤਾ ਜਾ ਸਕੇ। ਅਜੇ ਤਾਂ ਦਸੰਬਰ ਦਾ ਦੂਸਰਾ ਹਫ਼ਤਾ ਹੀ ਸੀ। ਅਸਲੀ ਪਾਲਾ ਤਾਂ ਆਖ਼ਰੀ ਹਫ਼ਤੇ ਸ਼ੁਰੂ ਹੁੰਦਾ ਹੈ।

ਰਾਤ ਦੇ ਲਗਭਗ ਬਾਰ੍ਹਾਂ ਵਜ ਰਹੇ ਸੀ। ਯਮੁਨਾ ਬ੍ਰਿਜ ਤੋਂ ਦੋ ਕਿਲੋਮੀਟਰ ਦੂਰ ਇਕ ਰਿਹਾਇਸ਼ੀ ਕਾਲੋਨੀ। ਮੇਨ ਰੋਡ ਤੋਂ ਅੰਦਰ। ਸਟਰੀਟ ਲਾਇਟਾਂ ਜਲ ਰਹੀਆਂ ਸਨ। ਪਰ ਧੁੰਦਲੇ ਜਿਹੇ ਮੌਸਮ ਕਾਰਣ ਰੌਸ਼ਨੀ ਥੋੜ੍ਹੀ ਧੀਮੀ ਸੀ। ਕਾਲੋਨੀ ਦੇ ਵਿਚਕਾਰੋਂ ਇੱਕ ਸੜਕ ਅਤੇ ਦੋਵੇਂ ਪਾਸੇ ਰਿਹਾਇਸ਼ੀ ਫਲੈਟ। ਉੱਚੀਆਂ-ਉੱਚੀਆਂ ਬਾਰ੍ਹਾਂ ਤੋਂ ਪੰਦਰਾਂ ਮੰਜ਼ਿਲੀ ਇਮਾਰਤਾਂ। ਪੰਜਵੀਂ ਮੰਜ਼ਿਲ ਤੋਂ ਤਾਂ ਸੜਕ ਅਤੇ ਮੋੜ ਨੂੰ ਆਸਾਨੀ ਨਾਲ ਵੇਖਿਆ ਜਾ ਸਕਦਾ ਸੀ। ਮੋੜ ਦੇ ਕੋਲ ਹੀ ਛੇ ਫੁੱਟ ਦੀ ਕੰਧ ’ਤੇ ਲੱਗਾ ਇੱਕ ਲੈਂਪ ਪੋਸਟ। ਜਿਸ ਵਿਚ ਲੱਗਿਆਂ ਇੱਕ ਸੋਲਰ ਬਲਬ ਹੌਲੀ-ਹੌਲੀ ਰੌਸ਼ਨੀ ਦੇ ਰਿਹਾ ਸੀ।

ਰਾਤ ਦਾ ਸੰਨਾਟਾ। ਕੋਈ ਰੌਲਾ ਰੱਪਾ ਨਹੀਂ। ਸ਼ਾਇਦ ਫਲੈਟਸ ਵਿਚ ਲੋਕ ਸੌਂ ਚੁੱਕੇ ਸੀ। ਹਾਂ, ਸੜਕ ’ਤੇ ਕੁਝ ਕੁੱਤੇ ਇੱਧਰ-ਉੱਧਰ ਜ਼ਰੂਰ ਭਟਕ ਰਹੇ ਸੀ। ਇੱਕ ਦੂਸਰੇ ਨੂੰ ਭੌਂਕਦੇ ਹੋਏ।

ਗੌਰੀ ਨੂੰ ਨੀਂਦ ਨਹੀਂ ਆ ਰਹੀ ਸੀ। ਉਸ ਨੂੰ ਅੰਦਰੋਂ ਗਰਮੀ ਮਹਿਸੂਸ ਹੋਈ ਅਤੇ ਉਸਦਾ ਗਲਾ ਵੀ ਸੁੱਕਣ ਲੱਗਿਆ। ਪਲਟ ਕੇ ਵੇਖਿਆ, ਰਾਜੇਂਦ੍ਰ, ਉਸਦਾ ਪਤੀ, ਡੂੰਘੀ ਨੀਂਦ ਵਿਚ ਸੌਂ ਰਿਹਾ ਸੀ। ਗੌਰੀ ਉੱਠ ਕੇ ਬੈਠ ਗਈ। ਸੋਚਿਆ, ਰਾਜੇਂਦ੍ਰ ਨੂੰ ਜਗਾਵੇ। ਪਰ ਨਹੀਂ, ਕੰਬਲ ਹਟਾ ਕੇ ਬਿਸਤਰ ਤੋਂ ਹੇਠਾਂ ਉੱਤਰ ਆਈ। ਫਰਸ਼ ’ਤੇ ਕਾਲੀਨ ਵਿਛਿਆ ਹੋਇਆ ਸੀ। ਉਸ ਨੇ ਹਨੇਰੇ ਵਿਚ ਆਪਣੀ ਚੱਪਲ ਲੱਭੀ। ਬਿਨ੍ਹਾਂ ਆਵਾਜ਼ ਕਰੇ। ਬਾਹਰ ਦੀ ਹਲਕੀ ਰੌਸ਼ਨੀ ਨਾਲ ਉਸ ਨੂੰ ਚੱਪਲ ਦਿਖ ਗਈ। ਗੌਰੀ ਨੂੰ ਪੂਰੇ ਹਨੇਰੇ ਵਿਚ ਸੌਣਾ ਪਸੰਦ ਸੀ। ਇਸ ਗੱਲ ਨੂੰ ਲੈ ਕੇ ਕਈ ਬਾਰ ਰਾਜੇਂਦ੍ਰ ਨਾਲ ਉਸਦੀ ਤਲਖ ਕਲਾਮੀ ਵੀ ਹੋ ਜਾਂਦੀ। ਰਾਜੇਂਦ੍ਰ ਨੂੰ ਹਲਕੀ ਜਿਹੀ ਰੌਸ਼ਨੀ ਵਿਚ ਸੌਣਾ ਪਸੰਦ ਸੀ।

ਚੱਪਲ ਪਹਿਨ ਕੇ ਗੌਰੀ ਨੇ ਹੱਥ ਨਾਲ ਟਟੋਲ ਕੇ ਮੋਬਾਇਲ ਚੁੱਕ ਲਿਆ। ਉਸਦੀ ਰੌਸ਼ਨੀ ਨਾਲ ਉਹ ਡਰਾਇੰਗ ਰੂਮ ਵਿਚਲੀ ਡਾਈਨਿੰਗ ਟੇਬਲ ਵੱਲ ਵਧੀ। ਸਟੀਲ ਦੇ ਜੱਗ ਵਿਚ ਰੱਖੇ ਪਾਣੀ ਨੂੰ ਗਲਾਸ ਵਿਚ ਪਾ ਕੇ ਉਹ ਖੜ੍ਹੀ-ਖੜ੍ਹੀ ਪੀ ਗਈ। ਬਿਨ੍ਹਾਂ ਆਵਾਜ਼ ਕਰੇ ਗਿਲਾਸ ਨੂੰ ਵਾਪਸ ਟੇਬਲ ’ਤੇ ਰੱਖ ਕੇ ਉਹ ਕੁਰਸੀ ’ਤੇ ਬੈਠ ਗਈ। ਪਾਣੀ ਪੀਣ ਬਾਅਦ ਉਸ ਨੂੰ ਕਾਫੀ ਰਾਹਤ ਮਿਲੀ। ਮੋਬਾਇਲ ਹੱਥ ਵਿਚ ਹੀ ਸੀ। ਉਸਦਾ ਧਿਆਨ ਉਸ ’ਤੇ ਗਿਆ। ਆਨ ਕਰਕੇ ਵੇਖਿਆ — 01:30 ਕੁੱਝ ਮੈਸੇਜ ਸਨ - ਉਹਨਾਂ ਨੂੰ ਉਪਰ ਸਰਕਾਉਂਦੀ ਉਹ ਵੇਖਦੀ ਗਈ। ਮੋਬਾਇਲ ਨੂੰ ਬੰਦ ਕਰਕੇ ਗੌਰੀ ਉੱਠ ਕੇ ਖੜ੍ਹੀ ਹੋ ਗਈ - ਵਾਪਸ ਸੌਣ ਲਈ। ਡਰਾਇੰਗ ਰੂਮ ਦੀ ਖਿੜਕੀ ਦਾ ਪਰਦਾ ਖੁੱਲ੍ਹਾ ਰਹਿ ਗਿਆ ਸੀ। ਉਸਦੀ ਨਿਗਾਹ ਉਸ ’ਤੇ ਪਈ। ਗੌਰੀ ਖਿੜਕੀ ਵੱਲ ਵਧੀ, ਪਰਦਾ ਸਰਕਾਉਣ ਲਈ। ਖਿੜਕੀ ਕੋਲ ਆ ਕੇ ਉਹ ਖੜ੍ਹੀ ਹੋ ਗਈ, ਬਾਹਰ ਵੇਖਦੇ ਹੋਏ। ਸ਼ੀਸ਼ੇ ’ਤੇ ਹਲਕੀਆਂ-ਹਲਕੀਆਂ ਤਰੇਲ ਦੀਆਂ ਬੂੰਦਾਂ, ਪਰ ਜ਼ਿਆਦਾ ਗਹਿਰੀਆਂ ਨਹੀਂ। ਬਾਹਰ ਦਾ ਦ੍ਰਿਸ਼ ਸਪੱਸ਼ਟ ਨਜ਼ਰ ਆ ਰਿਹਾ ਸੀ।

ਗੌਰੀ ਖਿੜਕੀ ਦੇ ਕੋਲ ਖੜ੍ਹੀ ਹੋ ਗਈ। ਉੱਥੋਂ ਉਸ ਨੂੰ ਕਾਲੋਨੀ ਦੀ ਸੜਕ ਸਾਫ ਦਿਖ ਰਹੀ ਸੀ ਅਤੇ ਮੋੜ ਵਾਲੀ ਸਟਰੀਟ ਲਾਈਟ ਵੀ। ਉਸ ਤੋਂ ਅੱਗੇ ਕੁਝ ਨਹੀਂ। ਆਲੇ ਦੁਆਲੇ ਦੇ ਫਲੈਟਾਂ ਦੀਆਂ ਖਿੜਕੀਆਂ ਬੰਦ ਸਨ। ਇਕ ਦੋ ਘਰਾਂ ਵਿਚ ਹਲਕੀ ਰੌਸ਼ਨੀ ਦਿਖ ਰਹੀ ਸੀ। ਬਾਕੀ ਸਾਰਿਆਂ ਵਿਚ ਹਨੇਰਾ। ਕੋਈ ਆਵਾਜ਼ ਨਹੀਂ। ਲਗਭਗ ਦੋ ਮਿੰਟ ਤੱਕ ਗੌਰੀ ਉੱਥੇ ਖੜ੍ਹੀ ਰਹੀ। ਫਿਰ ਹੌਲੀ ਜਿਹੇ ਇੱਕ ਪਾਸੇ ਦਾ ਪਰਦਾ ਸਰਕਾ ਕੇ ਦੂਸਰੇ ਪਾਸੇ ਵਧੀ। ਦੂਸਰੇ ਪਰਦੇ ਨੂੰ ਫੜ ਕੇ ਖਿੱਚਣ ਹੀ ਵਾਲੀ ਸੀ ਕਿ ਇੱਕ ਗੱਡੀ ਦੀ ਰੌਸ਼ਨੀ ਵਿਖਾਈ ਦਿੱਤੀ। ਗੌਰੀ ਰੁਕ ਗਈ, ਇਹ ਵੇਖਣ ਲਈ ਕਿ ਗੱਡੀ ਕਿੱਧਰ ਜਾਂਦੀ ਹੈ। ਕੋਈ ਵੱਡੀ ਗੱਡੀ ਸੀ-ਵੈਨ ਟਾਇਪ। ਗੱਡੀ ਕਾਲੋਨੀ ਦੀ ਸੜਕ ’ਤੇ ਵਧਦੀ ਹੋਈ ਮੋੜ ਦੇ ਕੋਲ ਰੁਕ ਗਈ। ਗੌਰੀ ਖੜ੍ਹੀ ਵੇਖ ਰਹੀ ਸੀ — ‘ਕੌਣ ਹੋ ਸਕਦਾ ਹੈ?’ ਉਦੋਂ ਹੀ ਗੱਡੀ ਦੀ ਬੱਤੀ ਬੁਝ ਗਈ। ਗੌਰੀ ਗੱਡੀ ਵਿਚੋਂ ਕਿਸੇ ਦੇ ਨਿਕਲਣ ਦੀ ਉਡੀਕ ਕਰ ਰਹੀ ਸੀ। ਪਰ ਕੋਈ ਵੀ ਨਹੀਂ ਨਿਕਲ ਰਿਹਾ ਸੀ। ਗੱਡੀ ਦੀ ਅੰਦਰਲੀ ਬੱਤੀ ਬੰਦ ਸੀ; ਪਰ ਸਟਰੀਟ ਲਾਇਟ ਦੀ ਹਲਕੀ ਰੌਸ਼ਨੀ ਵਿਚ ਗੱਡੀ ਅੰਦਰ ਕੁੱਝ ਹਿੱਲ-ਜੁੱਲ ਹੁੰਦੀ ਲਗ ਰਹੀ ਸੀ। ਗੌਰੀ ਦਾ ਦਿਲ ਧਕ-ਧਕ ਕਰਨ ਲੱਗਿਆ। ਪਰ ਉਸ ਦੇ ਕੁਝ ਸਮਝ ਨਹੀਂ ਆ

ਰਿਹਾ ਸੀ। ਉਹ ਅੱਖਾਂ ਫਾੜ-ਫਾੜ ਵੇਖ ਰਹੀ ਸੀ। ਅਚਾਨਕ ਉਸ ਨੂੰ ਗੱਡੀ ਦੇ ਸ਼ੀਸ਼ੇ 'ਤੇ ਦੋ ਹੱਥ ਤਾਬੜ ਤੋੜ ਮਾਰੇ ਜਾਣ ਦਾ ਦ੍ਰਿਸ਼ ਦਿਖਿਆ। 'ਕੀ ਹੋ ਰਿਹਾ ਹੈ, ਗੱਡੀ ਦੇ ਅੰਦਰ?', ਉਸਦਾ ਦਿਲ ਜ਼ੋਰ ਨਾਲ ਧੜਕ ਰਿਹਾ ਸੀ। ਗੱਡੀ ਅੰਦਰ ਕਿਸੇ ਦੇ ਛਟਪਟਾਉਣ ਦਾ ਹੁਣ ਸਪੱਸ਼ਟ ਦ੍ਰਿਸ਼ ਉਸ ਨੂੰ ਦਿਖਣ ਲੱਗਿਆ।

ਗੌਰੀ ਹੱਕੀ ਬੱਕੀ ਰਹਿ ਗਈ — 'ਕੀ ਕੋਈ ...?'

ਗੌਰੀ ਹਨੇਰੇ ਵਿਚ ਤੁਰੰਤ ਚਲ ਕੇ ਬੈੱਡਰੂਮ ਵਿਚ ਪਹੁੰਚੀ ਅਤੇ ਜ਼ੋਰ-ਜ਼ੋਰ ਨਾਲ ਰਾਜੇਂਦ੍ਰ ਨੂੰ ਜਗਾਉਣ ਲੱਗੀ।

'ਕੀ ਹੈ... ਕੀ ਹੈ...?', ਰਾਜੇਂਦ੍ਰ ਹੜਬੜਾ ਕੇ ਉੱਠਿਆ।

'...ਹੌਲੀ...'

'ਕੀ ਹੋਇਆ?'

'ਇਧਰ ਆਵੋ, ਛੇਤੀ।'

ਰਾਜੇਂਦ੍ਰ ਅਤੇ ਗੌਰੀ ਡਰਾਇੰਗ ਰੂਮ ਵੱਲ ਵਧੇ। ਰਾਜੇਂਦ੍ਰ ਨੇ ਲਾਇਟ ਆਨ ਕਰਨੀ ਚਾਹੀ। ਪਰ ਗੌਰੀ ਨੇ ਉਸ ਨੂੰ ਰੋਕ ਦਿੱਤਾ। 'ਬੰਦ ਕਰੋ।' ਉਹ ਗਲ ਦਬਾ ਕੇ ਹੌਲੀ ਸੁਰ ਵਿਚ ਬੋਲੀ। ਰਾਜੇਂਦ੍ਰ ਲਾਇਟ ਬੰਦ ਕਰਕੇ ਗੌਰੀ ਦੇ ਪਿੱਛੇ-ਪਿੱਛੇ ਡਰਾਇੰਗ ਰੂਮ ਦੀ ਖਿੜਕੀ ਦੇ ਕੋਲ ਆਇਆ। ਗੌਰੀ ਨੇ ਰਾਜੇਂਦ੍ਰ ਦੀ ਬਾਂਹ ਫੜ ਕੇ ਗੱਡੀ ਵੱਲ ਇਸ਼ਾਰਾ ਕੀਤਾ।

'ਕੀ ਹੈ?', ਰਾਜੇਂਦ੍ਰ ਨੇ ਪੁੱਛਿਆ।

'ਹੌਲੀ! ਵੇਖੋ ਨਾ ਗੱਡੀ ਵਿੱਚ।'

'ਕੀ ਹੈ?', ਰਾਜੇਂਦ੍ਰ ਨੇ ਹੌਲੀ ਜਿਹੇ ਫਿਰ ਪੁੱਛਿਆ।

'ਤੁਹਾਨੂੰ ਕੁੱਝ ਨਹੀਂ ਦਿਖ ਰਿਹਾ।'

ਉਸ ਨੇ ਅੱਖਾਂ ਛੋਟੀਆਂ ਕਰ ਕੇ ਵੇਖਿਆ। ਗੱਡੀ ਵਿਚ ਕੁਝ ਲੋਕ ਅਤੇ ਕਿਸੇ ਦੇ ਛਟਪਟਾਉਣ ਦੀ ਪਰਛਾਈ। 'ਚੱਲ ਇੱਥੋਂ।', ਰਾਜੇਂਦ੍ਰ ਨੇ ਗੌਰੀ ਦੀ ਬਾਂਹ ਫੜ ਕੇ ਖਿੱਚੀ।

'ਨਹੀਂ! ਕੋਈ ਹੈ ਉਸ ਵਿਚ।'

'ਓਹ! ਚਲ ਨਾ।'

'ਰਾਜ! ਮੈਨੂੰ ਡਰ ਲਗ ਰਿਹਾ ਹੈ। ...ਕਿਤੇ ਕਿਸੇ ਨਾਲ...?'

'ਕੀ?' 'ਚੱਲ ਇੱਥੋ'

'ਨਹੀਂ ਰੁਕੋ, ਸਾਨੂੰ ਕੁਝ ਕਰਨਾ ਚਾਹੀਦਾ।'

'ਕੀ ਕਰੀਏ ਆਪਾਂ? ਕਿਹਾ ਨਾ ਚਲੋ।'

ਫਿਰ ਗੱਡੀ ਦਾ ਇੱਕ ਦਰਵਾਜਾ ਖੁੱਲ੍ਹਿਆ। ਕਿਸੇ ਦਾ ਇੱਕ ਪੈਰ ਬਾਹਰ ਆਇਆ। ਕਿਸੇ ਨੇ ਅੰਦਰੋਂ ਪੈਰ ਨੂੰ ਖਿੱਚ ਕੇ ਫਿਰ ਦਰਵਾਜ਼ਾ ਬੰਦ ਕਰ ਦਿੱਤਾ।'

'ਰਾਜ! ਰਾਜ!' ਗੌਰੀ ਨੇ ਉਸ ਨੂੰ ਕਸ ਕੇ ਫੜ੍ਹ ਲਿਆ।

'ਰਾਜੇਂਦ੍ਰ ਨੇ ਉਸ ਨੂੰ ਬਾਹਾਂ ਵਿਚ ਭਰ ਕੇ ਖਿੱਚਣਾ ਚਾਹਿਆ।

'ਨਹੀਂ ਰਾਜ! ਉਹੀ ਹੈ! ਉਹੀ ਹੈ!'

ਗੌਰੀ ਨੇ ਬਾਰ-ਬਾਰ ਰਾਜੇਂਦ੍ਰ ਨੂੰ ਪੁਲਿਸ ਨੂੰ ਫ਼ੋਨ ਕਰਨ ਲਈ ਕਿਹਾ ਪਰ ਰਾਜੇਂਦ੍ਰ ਉਸ ਨੂੰ ਜ਼ੋਰ ਨਾਲ ਖਿੱਚ ਕੇ ਬੈੱਡਰੂਮ ਵਿਚ ਲੈ ਆਇਆ ਅਤੇ ਦਰਵਾਜਾ ਬੰਦ ਕਰ ਦਿੱਤਾ।

ਉਸ ਸਮੇਂ ਗੌਰੀ ਦੇ ਫਲੈਟ ਦੀ ਉੱਪਰਲੀ ਮੰਜ਼ਿਲ 'ਤੇ ਵਿਵੇਕ ਬਾਲਕੋਨੀ ਵਿਚ ਹਨੇਰੇ ਵਿਚ ਮੋਬਾਇਲ 'ਤੇ ਕਿਸੇ ਨਾਲ ਗੱਲਾਂ ਕਰ ਰਿਹਾ ਸੀ – ਬਿਲਕੁਲ ਹੌਲੀ ਆਵਾਜ਼ ਵਿਚ। ਉਸਦੀ ਪਤਨੀ ਵਿਦਿਆ ਕਮਰੇ ਅੰਦਰ ਸੌਂ ਰਹੀ ਸੀ। 45 ਸਾਲਾਂ ਵਿਵੇਕ ਇੱਕ ਕਾਰੋਬਾਰੀ ਸੀ। ਵਿਦਿਆ ਨੇ ਸਖ਼ਤ ਮਨ੍ਹਾਂ ਕੀਤਾ ਹੋਇਆ ਸੀ – 'ਰਾਤ ਨੂੰ ਕਮਰੇ ਦੇ ਅੰਦਰ ਫ਼ੋਨ 'ਤੇ ਗੱਲਾਂ ਨਾ ਕਰਿਆ ਕਰੋ।' ਜਦ ਗੱਡੀ ਮੋੜ 'ਤੇ ਰੁਕੀ ਤਾਂ ਉਸ ਨੂੰ ਵਿਵੇਕ ਨੇ ਵੀ ਵੇਖਿਆ। ਉਹੀ ਸਾਰੇ ਦ੍ਰਿਸ਼। ਉਹ ਦੁਬਕ ਕੇ ਇੱਕ ਖੂੰਜੇ ਹੋ ਗਿਆ। ਮੋਬਾਇਲ ਬੰਦ ਕਰਕੇ। ਫਿਰ ਝਟਕੇ ਨਾਲ ਕਮਰੇ ਦੇ ਅੰਦਰ ਗਿਆ। ਹੜਬੜਾਉਂਦਾ ਹੋਇਆ। ਵਿਦਿਆ ਦੀ ਨੀਂਦ ਖੁੱਲ ਗਈ।

'ਕੀ ਹੋਇਆ?'

'ਬਾਹਰ! ਬਾਹਰ!... ਰੁਕੋ ਮੈਂ ਪਹਿਲਾਂ ਪੁਲਿਸ ਨੂੰ ਫ਼ੋਨ ਕਰਦਾ ਹਾਂ।'

'ਹੋਇਆ ਕੀ?', ਵਿਦਿਆ ਉੱਠ ਕੇ ਖੜ੍ਹੀ ਹੋ ਗਈ।

'ਬਾਹਰ... ਇੱਕ ਵੈਨ ਵਿਚ...'

'ਵੈਨ ਵਿਚ ਕੀ...'

'ਕਿਸੇ ਲੜਕੀ ਨਾਲ...'

'ਕੀ?', ਵਿਦਿਆ ਕੁੱਦ ਕੇ ਬਿਸਤਰ ਤੋਂ ਉਤਰੀ। ਉਸ ਨੇ ਕਮਰੇ ਦੀ ਖਿੜਕੀ ਦਾ ਪਰਦਾ ਹਲਕਾ ਜਿਹਾ ਉਠਾ ਕੇ ਵੇਖਿਆ। 'ਮਾਈ ਗੌਡ!'

'ਸਾਨੂੰ ਤੁਰੰਤ ਪੁਲਿਸ ਨੂੰ ਫ਼ੋਨ ਕਰਨਾ ਚਾਹੀਦਾ', ਵਿਵੇਕ ਨੇ ਕਿਹਾ।

'ਨੌਂ। ਵਿਵੇਕ ਨੌਂ!'

'ਕਿਉਂ?'

'ਮੈਂ ਕਿਹਾ... ਕੁੱਝ ਨਹੀਂ ਹੋਵੇਗਾ। ਤੁਸੀਂ ਚੱਕਰ ਕੱਢ ਦੇ ਰਹਿ ਜਾਵੋਗੇ।'

'ਪਰ...'

ਵਿਦਿਆ ਨੇ ਉਸ ਨੂੰ ਖਿੱਚ ਕੇ ਕਮਰੇ ਦਾ ਦਰਵਾਜਾ ਬੰਦ ਕਰ ਦਿੱਤਾ।

ਉਸ ਰਾਤ ਕਾਲੋਨੀ ਦੇ ਕਈ ਲੋਕਾਂ ਨੇ ਉਹ ਦ੍ਰਿਸ਼ ਵੇਖਿਆ। ਪਰ ਕਿਸੇ ਨੇ ਵੀ ਪੁਲਿਸ ਨੂੰ ਫ਼ੋਨ ਨਹੀਂ ਕੀਤਾ। ਕੋਈ ਵੀ ਸਹਾਇਤਾ ਲਈ ਫਲੈਟ ਤੋਂ ਬਾਹਰ ਨਹੀਂ ਆਇਆ।

ਬਾਕੀ ਪੰਨਾ 25 'ਤੇ

ਯੂ.ਐੱਨ.ਓ. ਵੱਲੋਂ ਅੰਧਵਿਸ਼ਵਾਸੀ ਪ੍ਰਥਾਵਾਂ ਖਿਲਾਫ਼ ਮਤਾ ਪਾਸ



ਜਸਵੰਤ ਮੋਹਾਲੀ

ਯੂ.ਐੱਨ.ਓ. ਦੀ ਮਨੁੱਖੀ ਅਧਿਕਾਰ ਕੌਂਸਲ (United Nations Human Rights Council) ਵੱਲੋਂ ਇਸ ਸਾਲ 21 ਜੂਨ ਤੋਂ 13 ਜੁਲਾਈ ਤੱਕ ਚੱਲੀ ਆਪਣੀ ਆਮ ਸਭਾ ਵਿੱਚ, 5 ਜੁਲਾਈ 2021 ਨੂੰ, ਔਰਤਾਂ ਉੱਤੇ ਡੈਣ (ਜਾਂ ਚੁੜੇਲ) ਹੋਣ ਦਾ ਦੋਸ਼ ਲਗਾ ਕੇ ਅਤੇ ਹੋਰ ਭੈੜੀਆਂ ਰਸਮਾਂ ਰਾਹੀਂ ਮਨੁੱਖਾਂ ਉੱਤੇ ਜੁਲਮ ਕਰਨ ਖਿਲਾਫ਼ ਮਤਾ ਪਾਸ ਕੀਤਾ ਗਿਆ ਹੈ। ਇਸ ਮਤੇ ਰਾਹੀਂ ਸਾਰੇ ਮੈਂਬਰ ਦੇਸ਼ਾਂ ਨੂੰ ਇਸ ਤਰ੍ਹਾਂ ਦੀਆਂ ਨੁਕਸਾਨਦੇਹ ਕਾਰਵਾਈਆਂ ਦੇ ਖਾਤਮੇ ਲਈ ਕਿਹਾ ਗਿਆ ਹੈ। ਇਹ ਮਤਾ ਵੱਖ ਵੱਖ ਦੇਸ਼ਾਂ ਵਿੱਚ ਕੰਮ ਕਰ ਰਹੀਆਂ ਤਰਕਸ਼ੀਲ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਵੱਲੋਂ ਇਸ ਮੁੱਦੇ ਨੂੰ ਲਗਾਤਾਰ ਉਠਾਉਂਦੇ ਰਹਿਣ ਦਾ ਸਿੱਟਾ ਹੈ। ਭਾਰਤ ਵਿਚੋਂ ਇਸ ਵਿੱਚ ਮਹਾਂਰਾਸ਼ਟਰਾ ਅੰਧਸ਼ਰਧਾ ਨਿਰਮੂਲਣ ਸੰਮਤੀ ਨੇ ਮਹੱਤਵਪੂਰਨ ਹਿੱਸਾ ਪਾਇਆ ਹੈ।

ਵਰਨਣਯੋਗ ਹੈ ਕਿ ਔਰਤਾਂ ਨੂੰ ਡੈਣ ਕਰਾਰ ਦੇ ਕੇ ਤਸੀਹੇ ਦੇਣ ਅਤੇ ਮਾਰਨ ਦੀਆਂ ਘਟਨਾਵਾਂ ਬਹੁਤ ਹੁੰਦੀਆਂ ਰਹੀਆਂ ਹਨ। ਯੌਰਪ ਵਿੱਚ ਵੀ ਵਿਗਿਆਨਕ ਸੋਚ ਦਾ ਬੋਲਬਾਲਾ ਹੋਣ ਤੋਂ ਪਹਿਲਾਂ ਹਜਾਰਾਂ ਔਰਤਾਂ ਨੂੰ ਹਰ ਸਾਲ ਡੈਣ ਕਰਾਰ ਦੇ ਕੇ ਕਤਲ ਕਰ ਦਿੱਤਾ ਜਾਂਦਾ ਸੀ। ਭਾਰਤ ਦੇ ਕੁਝ ਪਛੜੇ ਇਲਾਕਿਆਂ ਵਿੱਚ ਅਜੇ ਵੀ ਇਸ ਤਰ੍ਹਾਂ ਦੀਆਂ ਘਟਨਾਵਾਂ ਹੋ ਰਹੀਆਂ ਹਨ ਜਦ ਕਿਸੇ ਬੀਮਾਰੀ ਆਦਿ ਨੂੰ ਡੈਣ ਦਾ ਕੰਮ ਮੰਨ ਕੇ ਕਿਸੇ ਗਰੀਬ ਔਰਤ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਭਾਰਤ ਅਤੇ ਹੋਰ ਪਛੜੇ ਦੇਸ਼ਾਂ ਵਿੱਚ ਅੰਧਵਿਸ਼ਵਾਸੀ ਰੀਤੀਆਂ ਦੇ ਨਾਮ ਉੱਤੇ ਬਹੁਤ ਸਾਰੇ ਜੁਲਮ ਕੀਤੇ ਜਾਂਦੇ ਹਨ। ਯੂ.ਐੱਨ.ਓ. ਵੱਲੋਂ ਅਜਿਹਾ ਮਤਾ ਪਾਸ ਕਰਨ ਨਾਲ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਦਾ ਇਸ ਮਾੜੇ ਵਰਤਾਰੇ ਬਾਰੇ ਨੋਟਿਸ ਲੈਣ ਅਤੇ ਇਸ ਖਿਲਾਫ਼ ਕਾਰਵਾਈ ਕਰਨ ਵੱਲ ਰੁਝਾਨ ਬਣੇਗਾ। ਪੂਰੇ ਮਤੇ ਵਿੱਚ ਤਾਂ ਕਾਫੀ ਤਕਨੀਕੀ ਗੱਲਾਂ ਹਨ, ਉਨ੍ਹਾਂ ਨੂੰ ਛਡਦੇ ਹੋਏ ਅਸੀਂ ਇਸ ਮਤੇ ਦੇ ਵਿਸ਼ੇ ਨੂੰ ਸਿੱਧੇ ਸੰਬੋਧਿਤ ਹੁੰਦੇ ਕੁਝ ਮਹੱਤਵ ਪੂਰਨ ਪਹਿਰੇ ਤੁਹਾਡੇ ਨਾਲ ਸਾਂਝੇ ਕਰ ਰਹੇ ਹਾਂ।

ਮਤਾ - ਡਾਇਨ ਹੋਣ ਦੇ ਦੋਸ਼ ਹੇਠ ਅਤੇ ਹੋਰ ਅੰਧਵਿਸ਼ਵਾਸੀ ਰਸਮਾਂ ਨਾਲ ਸਬੰਧਿਤ ਹਾਨੀਕਾਰਕ ਕਾਰਵਾਈਆਂ ਦੇ ਖਾਤਮੇ ਬਾਰੇ

ਮਨੁੱਖੀ ਅਧਿਕਾਰ ਕੌਂਸਲ, ਯੂ.ਐੱਨ.ਓ. ਦੇ ਚਾਰਟਰ ਦੇ ਉਦੇਸ਼ਾਂ ਅਤੇ ਅਸੂਲਾਂ ਦੀ ਅਗਵਾਈ ਵਿੱਚ, ਮਨੁੱਖੀ ਮਾਣ, ਬਰਾਬਰੀ ਅਤੇ ਕੋਈ ਭੇਦ-ਭਾਵ ਨਾ ਹੋਣ ਦੇ ਬੁਨਿਆਦੀ ਅਸੂਲਾਂ ਨੂੰ ਮੁੜ ਦ੍ਰਿੜਾਉਂਦੀ ਹੈ।

ਇਹ ਕੌਂਸਲ ਜੇਨੇਵਾ ਵਿੱਚ 21-22 ਸਤੰਬਰ 2017 ਨੂੰ ਟੂਣੇ-ਟਾਮਣ ਅਤੇ ਮਨੁੱਖੀ ਅਧਿਕਾਰਾਂ ਦੇ ਮਾਮਲੇ ’ਤੇ ਹੋਈ ਮਾਹਿਰਾਂ ਦੀ ਵਰਕਸ਼ਾਪ ਵੱਲੋਂ ਕੱਢੇ ਸਿੱਟਿਆਂ ਅਤੇ ਕੀਤੀਆਂ ਸਿਫਾਰਸ਼ਾਂ ਦੇ ਮੱਦੇਨਜ਼ਰ ਇਸ ਮੁੱਦੇ ਪ੍ਰਤੀ ਫਿਕਰਮੰਦੀ ਜਾਹਿਰ ਕਰਦੀ ਹੈ ਕਿ ਜਾਦੂ-ਟੂਣਿਆਂ ਅਤੇ ਅੰਧਵਿਸ਼ਵਾਸੀ ਰਸਮਾਂ ਨਾਲ ਸਬੰਧਿਤ ਹਾਨੀਕਾਰਕ ਕਾਰਵਾਈਆਂ ਦਾ ਸਿੱਟਾ ਹਿੰਸਾ, ਕਤਲ, ਅੰਗ ਤੋੜਨੇ, ਸਾੜਨਾ, ਤਸ਼ੱਦਦ ਅਤੇ ਹੋਰ ਅਣਮਨੁੱਖੀ ਜ਼ੁਲਮ ਜਾਂ ਜਲੀਲ ਕਰਨ, ਕਲੰਕ ਲਾਉਣ ਵਿੱਚ ਨਿਕਲਦਾ ਹੈ ...ਅਤੇ ਇਹ ਹਿੰਸਾ ਬਗੈਰ ਕਿਸੇ ਸਜ਼ਾ ਦੇ ਡਰ ਤੋਂ ਕੀਤੀ ਜਾਂਦੀ ਹੈ। ਇਹ ਕੌਂਸਲ ਅੰਧਵਿਸ਼ਵਾਸੀ ਰਸਮਾਂ ਅਤੇ ਡੈਣ ਹੋਣ ਦੇ ਇਲਜ਼ਾਮਾਂ ਸਦਕਾ ਵੱਡੀ ਪੱਧਰ ’ਤੇ ਹੋਣ ਵਾਲੇ ਭੇਦ-ਭਾਵ, ਡੈਣ ਅਦਿ ਦੇ ਕਲੰਕ ਲਾਉਣ, ਸਮਾਜ ਵਿੱਚੋਂ ਛੇਕ ਦੇਣ ਅਤੇ ਧੱਕੇ ਨਾਲ ਜੱਦੀ ਵਸੇਬੇ ਤੋਂ ਕੱਢ ਦੇਣ ਦੀਆਂ ਘਟਨਾਵਾਂ ਉੱਤੇ ਚਿੰਤਾ ਪ੍ਰਗਟ ਕਰਦੀ ਹੋਈ :

1. ਸਾਰੇ ਦੇਸ਼ਾਂ ’ਤੇ ਜੋਰ ਦਿੰਦੀ ਹੈ ਕਿ ਉਹ ਡੈਣਪੁਣੇ ਦੇ ਇਲਜ਼ਾਮਾਂ ਅਤੇ ਰਸਮਾਂ ਦੇ ਨਾਂ ਉੱਤੇ ਹੁੰਦੇ ਮਾੜੇ ਵਿਹਾਰ ਸਦਕਾ ਮਨੁੱਖ ਅਧਿਕਾਰਾਂ ਦੀਆਂ ਉਲੰਘਨਾਵਾਂ ਦਾ ਵਿਰੋਧ ਕਰਨ।

2. ਇਸ ਗੱਲ ’ਤੇ ਵੀ ਜੋਰ ਦਿੰਦੀ ਹੈ ਕਿ ਦੇਸ਼ਾਂ ਦੀਆਂ ਸਰਕਾਰਾਂ ਇਸ ਤਰ੍ਹਾਂ ਦੀਆਂ ਜਾਦੂ-ਟੂਣੇ ਅਤੇ ਅੰਧਵਿਸ਼ਵਾਸੀ ਰਸਮਾਂ ਨਾਲ ਜੁੜੀਆਂ ਹਾਨੀਕਾਰਕ ਕਾਰਵਾਈਆਂ ਦੇ ਖਾਤਮੇ ਲਈ ਲੋੜੀਂਦੇ ਕਦਮ ਚੁੱਕਣ, ਜਵਾਬਦੇਹੀ ਨਿਸਚਿਤ ਕਰਨ ਅਤੇ ਸਾਰੇ ਵਿਅਕਤੀਆਂ, ਖਾਸ ਕਰ ਅਸੁਰੱਖਿਅਤ ਹਾਲਤਾਂ ਵਿੱਚ ਰਹਿੰਦੇ ਵਿਅਕਤੀਆਂ ਦੀ ਅਸਰਦਾਰ ਸੁਰੱਖਿਆ ਯਕੀਨੀ ਬਨਾਉਣ।

3. ਸਾਰੀਆਂ ਸਰਕਾਰਾਂ ਨੂੰ ਕਹਿੰਦੀ ਹੈ ਕਿ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਕਿਸੇ ਨੂੰ ਵੀ ਆਪਣੇ ਧਰਮ ਜਾਂ ਵਿਸ਼ਵਾਸਾਂ ਖਾਤਰ ਆਪਣੀ ਜਾਨ, ਆਜ਼ਾਦੀ ਜਾਂ ਸੁਰੱਖਿਆ ਨਾ ਗੁਆਉਣੀ ਪਵੇ ਅਤੇ ਨਾ ਹੀ ਇਨ੍ਹਾਂ ਕਾਰਣਾਂ ਕਰਕੇ

ਕਿਸੇ ਤਸ਼ੱਦਦ, ਕੈਦ ਜਾਂ ਕਿਸੇ ਹੋਰ ਮਾੜੇ ਵਰਤਾਅ ਦਾ ਸਾਹਮਣਾ ਕਰਨਾ ਪਵੇ।

4. ਸਰਕਾਰਾਂ ਨੂੰ ਸੱਦਾ ਦਿੰਦੀ ਹੈ ਕਿ ਉਹ ਸਬੰਧਿਤ ਸੰਸਥਾਵਾਂ ਨਾਲ ਸਹਿਯੋਗ ਕਰਕੇ ਜਾਦੂ ਟੂਣਿਆਂ ਅਤੇ ਅੰਧਵਿਸ਼ਵਾਸੀ ਰਸਮਾਂ ਦੇ ਸ਼ਿਕਾਰ ਬਣਨ ਦੀ ਸੰਭਾਵਨਾ ਰੱਖਣ ਵਾਲੇ ਲੋਕਾਂ ਦੀ ਸੁਰੱਖਿਆ ਲਈ ਕੀਤੀਆਂ ਜਾਣ ਵਾਲੀਆਂ ਪਹਿਲਕਦਮੀਆਂ ਨੂੰ ਉਤਸ਼ਾਹਿਤ ਕਰਨ।

5. ਸਰਕਾਰਾਂ ਨੂੰ ਸੱਦਾ ਦਿੰਦੀ ਹੈ ਕਿ ਉਹ ਧਿਆਨ ਵਿੱਚ ਰੱਖਣ ਤਾਂ ਕਿ ਇਸ ਮਸਲੇ ਦੀ ਸਮੇਂ ਸਮੇਂ 'ਤੇ ਘੋਖ ਪੜਤਾਲ ਹੁੰਦੀ ਰਹੇ।

6. ਇਸ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਸਰਕਾਰਾਂ ਵੱਲੋਂ ਜਾਦੂ-ਟੂਣਿਆਂ ਅਤੇ ਅੰਧਵਿਸ਼ਵਾਸੀ ਰਸਮਾਂ ਤਹਿਤ ਹੁੰਦੀਆਂ ਹਾਨੀਕਾਰਕ ਕਾਰਵਾਈਆਂ ਦਾ ਵੱਖੋ ਵੱਖਰੇ ਧਰਮਾਂ ਅਤੇ ਵਿਸ਼ਵਾਸਾਂ ਵੱਲੋਂ ਕੀਤੀਆਂ ਜਾਣ ਵਾਲੀਆਂ ਹੋਰ ਕਾਰਵਾਈਆਂ ਨਾਲੋਂ ਨਿਖੇੜਾ ਕਰ ਕੇ ਵੇਖਿਆ ਜਾਵੇ ਤਾਂ ਜੋ ਕਿਸੇ ਦੇ ਆਪਣੇ ਧਰਮ ਜਾਂ ਵਿਸ਼ਵਾਸ ਨੂੰ ਮੰਨਣ ਦੀ ਆਜ਼ਾਦੀ ਉੱਤੇ ਹਮਲਾ ਨਾ ਹੋਵੇ।

7. ਮਨੁੱਖੀ ਅਧਿਕਾਰਾਂ ਦੇ ਅਜਿਹੇ ਢਾਂਚੇ ਨੂੰ ਉਤਸ਼ਾਹਿਤ ਕਰਨ ਦੀ ਜਰੂਰਤ ਹੈ ਜੋ ਜਾਦੂ-ਟੂਣਿਆਂ ਅਤੇ ਅੰਧਵਿਸ਼ਵਾਸੀ ਰਸਮਾਂ ਨਾਲ ਸਬੰਧਿਤ ਦੋਸ਼ਪੂਰਣ ਕਾਰਵਾਈਆਂ ਅਤੇ ਇਨ੍ਹਾਂ ਦੇ ਮਨੁੱਖੀ ਅਧਿਕਾਰਾਂ ਨੂੰ ਮਾਨਣ ਉੱਤੇ ਪੈਂਦੇ ਮਾੜੇ ਅਸਰਾਂ ਬਾਰੇ ਸੂਚਨਾ ਇਕੱਠੀ ਅਤੇ ਸਾਂਝੀ ਕਰੇ।

8. ਇਹ ਕੌਂਸਲ, ਯੂ.ਐੱਨ.ਓ. ਦੇ ਮਨੁੱਖੀ ਅਧਿਕਾਰਾਂ ਦੇ ਹਾਈ ਕਮਿਸ਼ਨਰ ਨੂੰ ਬੇਨਤੀ ਕਰਦੀ ਹੈ ਕਿ ਉਹ ਸਰਕਾਰਾਂ ਅਤੇ ਸਬੰਧਤ ਜਥੇਬੰਦੀਆਂ (ਜਿੰਨਾਂ ਵਿੱਚ ਯੂ ਐਨ ਸਕੱਤਰੇਤ, ਰਾਸ਼ਟਰੀ ਤੇ ਅੰਤਰ ਰਾਸ਼ਟਰੀ ਮਨੁੱਖੀ ਅਧਿਕਾਰ ਸੰਸਥਾਵਾਂ ਤੇ ਹੋਰ ਗੈਰ ਸਰਕਾਰੀ ਸੰਸਥਾਵਾਂ ਆਦਿ ਸ਼ਾਮਲ ਹੋਣ) ਨਾਲ ਮਾਹਿਰਾਨਾਂ ਸਲਾਹ-ਮਸ਼ਵਰੇ ਦਾ ਪ੍ਰਬੰਧ ਕਰੇ, ਤਾਂ ਜੋ ਜਾਦੂ-ਟੂਣਿਆਂ ਅਤੇ ਅੰਧਵਿਸ਼ਵਾਸੀ ਰੀਤੀਆਂ ਕਾਰਣ ਹੁੰਦੀਆਂ ਹਾਨੀਕਾਰਕ ਕ੍ਰਿਆਵਾਂ ਰਾਹੀਂ ਮਨੁੱਖੀ ਅਧਿਕਾਰਾਂ ਦੀਆਂ ਉਲੰਘਨਾਵਾਂ ਦੀ ਸਥਿਤੀ ਬਾਰੇ ਅਧਿਐਨ ਕੀਤਾ ਜਾ ਸਕੇ ਅਤੇ ਯੂਨਾਈਟਿਡ ਨੇਸ਼ਨਜ਼ ਨੂੰ ਇਸ ਬਾਰੇ ਹੋਰ ਕਦਮ ਚੁੱਕਣ ਬਾਰੇ ਦੱਸਿਆ ਜਾ ਸਕੇ। ਇਸ ਬਾਰੇ ਇੱਕ ਰਿਪੋਰਟ ਤਿਆਰ ਕਰਕੇ ਮਨੁੱਖੀ ਅਧਿਕਾਰ ਕੌਂਸਿਲ ਦੇ 52ਵੇਂ ਸੈਸ਼ਨ ਵਿੱਚ ਪੇਸ਼ ਕੀਤੀ ਜਾਵੇ।

9. ਕੌਂਸਲ ਇਸ ਮਸਲੇ ਨਾਲ ਵਾਬਸਤਾ ਰੱਖਣ ਦਾ ਫੈਸਲਾ ਕਰਦੀ ਹੈ।

98555 30721

ਪੰਨਾ 10 ਦਾ ਬਾਕੀ...

1 ਰਸ

ਰਾਤ ਦਾ ਖਾਣਾ

2 ਰੋਟੀ (ਕਣਕ 3 ਹਿੱਸੇ ਅਤੇ ਸੋਇਆ ਆਟੇ ਦਾ 1 ਹਿੱਸਾ ਮਿਲਾ ਕੇ)

1 ਕੌਲੀ (ਦਾਲ/ਰਾਜਮਾ ਜਾਂ ਛੋਲੇ)

ਪੂਰੇ ਦਿਨ ਵਿੱਚ 2 ਤੋਂ 3 ਲੀਟਰ ਪਾਣੀ, 1 ਤੋਂ 2 ਚਮਚ ਤੇਲ/ਘਿਓ ਅਤੇ 2 ਛੋਟੀ ਪਲੇਟ ਸਲਾਦ

ਚਰਬੀ ਰਹਿਤ ਦੁੱਧ ਜਾਂ ਤਾਂ 'ਸਪਰੈਟਾ' ਦੁੱਧ (1.5% ਤੋਂ ਘੱਟ ਫੈਟ) ਨੂੰ ਕਹਿੰਦੇ ਹਨ ਜਾਂ ਜਦੋਂ ਕਿਸੇ ਵੀ ਦੁੱਧ ਨੂੰ ਪੂਰੀ ਤਰ੍ਹਾਂ ਉਬਾਲ ਕੇ ਉਸ ਤੋਂ ਮਲਾਈ ਉਤਾਰਨ ਤੋਂ ਬਾਦ ਵਾਲੇ ਦੁੱਧ ਨੂੰ ਕਹਿੰਦੇ ਹਨ। ਜੋ ਵੀ ਪਨੀਰ 'ਚਰਬੀ ਰਹਿਤ ਦੁੱਧ' ਵਿੱਚੋਂ ਘਰੇ ਹੀ ਕੱਢਿਆ ਜਾਵੇ ਉਸ ਨੂੰ 'ਚਰਬੀ ਰਹਿਤ ਪਨੀਰ' ਕਿਹਾ ਜਾਂਦਾ ਹੈ। ਇੱਕ ਕਿਲੋ ਚਰਬੀ ਰਹਿਤ ਦੁੱਧ ਵਿੱਚੋਂ 100 ਗ੍ਰਾਮ ਪਨੀਰ ਨਿਕਲ ਸਕਦਾ ਹੈ। ਤੁਸੀਂ ਇੱਕ ਵਾਰ 5 ਕਿਲੋ ਦੁੱਧ ਉਬਾਲ ਕੇ ਉਸਦਾ ਇੱਕਠਾ ਪਨੀਰ ਵੀ ਕੱਢ ਸਕਦੇ ਹੋ।

ਖੁਰਾਕ ਅਤੇ ਕਸਰਤ ਬਾਰੇ ਵਧੇਰੇ ਜਾਣਕਾਰੀ ਲਈ ਤੁਸੀਂ ਮੇਰੀ ਕਿਤਾਬ 'ਮੋਟਾਪੇ ਤੋਂ ਮੁਕਤੀ' ਪੜ੍ਹ ਸਕਦੇ ਹੋ ਜਿਸ ਦੇ ਵਿੱਚ ਉਮਰ, ਕੱਦ ਅਤੇ ਹੋਰ ਸਰੀਰਕ ਸਮੱਸਿਆਵਾਂ ਦੇ ਹਿਸਾਬ ਨਾਲ ਆਪਣਾ ਖ਼ੁਦ ਦਾ ਡਾਇਟ ਪਲਾਨ ਤਿਆਰ ਕਰਨ ਦੇ ਵਿਗਿਆਨਕ ਤਰੀਕੇ ਦੱਸੇ ਗਏ ਹਨ।

M.D. (Community Medicine)
(ਕਿਤਾਬ 'ਮੋਟਾਪੇ ਤੋਂ ਮੁਕਤੀ' ਦੇ ਲੇਖਕ)
99882 62849


ਨਵਾਂ ਕਾਲਮ ਸ਼ੁਰੂ ਕਰਨ ਸੰਬੰਧੀ ਸੂਚਨਾ

ਅਦਾਰਾ 'ਤਰਕਸ਼ੀਲ' ਵੱਲੋਂ 2022 ਵਿਚ ਵਿਦਿਆਰਥੀਆਂ/ਨੌਜਵਾਨਾਂ ਦੀਆਂ ਲਿਖਤਾਂ ਨੂੰ ਇਸ ਮੈਗਜ਼ੀਨ ਦਾ ਹਿੱਸਾ ਬਨਣ ਦਾ ਮੌਕਾ ਦੇਣ, ਉਹਨਾਂ ਵਿਚ ਰਚਨਾਤਮਕ ਰੁਚੀਆਂ ਉਭਾਰਨ ਅਤੇ ਸਮਾਜ ਦੇ ਸੰਜੀਦਾ ਮਸਲਿਆਂ 'ਤੇ ਸੰਵਾਦ ਰਚਾਉਣ ਲਈ ਇੱਕ ਵਿਸ਼ੇਸ਼ ਕਾਲਮ ਸ਼ੁਰੂ ਕੀਤਾ ਜਾ ਰਿਹਾ ਹੈ। ਸੰਪਾਦਕੀ ਬੋਰਡ ਵਲੋਂ ਇਸਦੀਆਂ ਸ਼ਰਤਾਂ ਦਾ ਨਿਰਧਾਰਨ ਕਰਨ ਬਾਅਦ ਪਹਿਲੇ ਵਿਸ਼ੇ ਦੀ ਸੂਚਨਾ ਅੰਕ ਜਨਵਰੀ-ਫਰਵਰੀ 2022 ਵਿਚ ਦਿੱਤੀ ਜਾਵੇਗੀ।

ਸੰਪਾਦਕ , 'ਤਰਕਸ਼ੀਲ'

ਡਾਇਨਾਸੋਰ ਕਾਲ ਦੇ ਅੰਗ-ਸੰਗ

ਵੁੱਡ ਫ਼ਾਸਿਲ (Wood-Fossil) ਪਾਰਕ



ਰਣਧੀਰ ਗਿੱਲਪੱਤੀ

ਪੱਛਮੀ ਰਾਜਸਥਾਨ ਦੇ ਇਤਿਹਾਸਕ ਸ਼ਹਿਰ ਜੈਸਲਮੇਰ ਤੋਂ 17 ਕਿਲੋਮੀਟਰ ਦੂਰ, ਜੈਸਲਮੇਰ- ਬਾੜਮੇਰ ਸੜਕ 'ਤੇ ਸਥਿਤ 'ਵੁੱਡ ਫ਼ਾਸਿਲ (ਰੁੱਖ-ਪਥਰਾਟ) ਪਾਰਕ, ਆਕਲ' ਭੂ-ਵਿਗਿਆਨ ਤੇ ਬਨਸਪਤੀ ਵਿਗਿਆਨ ਵਿੱਚ ਦਿਲਚਸਪੀ ਰੱਖਣ ਵਾਲੇ ਖੋਜੀ ਵਿਦਿਆਰਥੀਆਂ ਲਈ ਵਿਸ਼ੇਸ਼ ਅਹਿਮੀਅਤ ਵਾਲਾ ਸਥਾਨ ਹੈ, ਜਿੱਥੇ ਅੱਜ ਤੋਂ ਲਗਭਗ ਅਠਾਰਾਂ ਕਰੋੜ ਵਰ੍ਹੇ ਪਹਿਲਾਂ ਇਸ ਖੇਤਰ ਦੇ ਜੰਗਲ ਵਿੱਚ ਪੈਦਾ ਹੋਏ ਵਿਸ਼ਾਲ ਦਰਖ਼ਤ ਸਿਲ ਪੱਥਰ ਬਣੇ ਪਏ ਦੇਖੇ ਜਾ ਸਕਦੇ ਹਨ। ਇਹ ਉਹ ਸਮਾਂ ਸੀ ਜਦੋਂ ਅੱਜ ਦੇ ਸਾਰੇ ਮਹਾਂਦੀਪ, ਪ੍ਰਿਥਵੀ ਦੇ ਥਲ ਭਾਗ ਦੀ ਇੱਕ ਇਕਾਈ, "ਪੈਂਜੀਆ" ਦੇ ਰੂਪ ਵਿੱਚ ਆਪਸ ਵਿਚ ਜੁੜੇ ਹੋਏ ਸਨ ਤੇ ਇਸੇ ਕਾਲ ਦੌਰਾਨ, ਮਹਾਂਦੀਪਾਂ ਦੇ ਖਿਸਕਣ ਦੇ ਸਰਵ ਪ੍ਰਵਾਣਤ ਸਿਧਾਂਤ ਅਨੁਸਾਰ "ਪੈਂਜੀਆ" ਵਿੱਚ ਵੱਡੀਆਂ ਦਰਾੜਾਂ ਪੈ ਰਹੀਆਂ ਸਨ ਅਤੇ ਇਸਦੇ ਵੱਡੇ ਭੂ-ਭਾਗ ਇੱਕ ਦੂਜੇ ਤੋਂ ਦੂਰ ਖਿਸਕਦੇ ਹੋਏ ਮੌਜੂਦਾਂ ਮਹਾਂਦੀਪਾਂ ਦਾ ਮੁੱਢਲਾ ਰੂਪ ਲੈ ਰਹੇ ਸਨ। ਇਹ ਸਮਾਂ ਮੈਸੋਜ਼ੋਇਕ ਯੁੱਗ ਦੇ ਜੁਰਾਸਿਕ ਕਾਲ ਨਾਲ ਜਾਣਿਆ ਜਾਂਦਾ ਹੈ। ਇਹ ਉਹ ਸਮਾਂ ਸੀ ਜਦੋਂ ਸਾਰੀ ਪ੍ਰਿਥਵੀ ਉਪਰ ਵਿਸ਼ਾਲ ਆਕਾਰੀ ਜੀਵਾਂ ਡਾਇਨਾਸੋਰਾਂ ਦਾ ਰਾਜ ਸੀ ਤੇ ਹੱਡ ਮਾਸ ਦੇ ਇਹ 'ਪਹਾੜ' ਧਰਤੀ ਦੇ ਹਰ ਕੋਨੇ ਵਿੱਚ ਦਨਦਨਾਉਂਦੇ ਫਿਰਦੇ ਸਨ। ਇਹ ਵੀ ਕਿਹਾ ਜਾ ਸਕਦਾ ਹੈ ਕਿ ਉਮਰ ਦੇ ਲਿਹਾਜ਼ ਨਾਲ ਇਹ ਪਥਰਾਟ ਡਾਇਨਾਸੋਰਾਂ ਦੇ ਹਾਣੀ ਹਨ। ਸੰਸਾਰ ਪ੍ਰਸਿੱਧ ਜੀਵ ਵਿਗਿਆਨੀ ਚਾਰਲਸ ਰਾਬਰਟ ਡਾਰਵਿਨ ਦੀ, ਪ੍ਰਿਥਵੀ ਉਪਰ ਜੀਵਨ ਦੇ ਵਿਕਾਸ ਬਾਰੇ ਖੋਜ ਅਨੁਸਾਰ ਇਸ ਕਾਲ ਤੋਂ ਕਰੀਬ ਸਵਾ ਸਤਾਰਾਂ ਕਰੋੜ ਸਾਲ ਬਾਅਦ ਪ੍ਰਿਥਵੀ ਉਪਰ ਪ੍ਰਾਈਮੇਟ ਸ਼੍ਰੇਣੀ ਦੀਆਂ ਪ੍ਰਜਾਤੀਆਂ ਹੋਂਦ ਵਿੱਚ ਆਈਆਂ। ਜਿਨ੍ਹਾਂ ਵਿੱਚੋਂ ਅੱਗੇ ਚੱਲ ਕੇ ਆਧੁਨਿਕ ਮਨੁੱਖ ਪ੍ਰਜਾਤੀ ਦੀ ਆਮਦ ਹੋਈ।

ਵਿਗਿਆਨਕ ਲੱਭਤਾਂ ਦੇ ਨਜ਼ਰੀਏ ਤੋਂ ਅਤੀ ਮਹੱਤਵਪੂਰਨ ਇਹ ਅਦਭੁਤ ਪਾਰਕ ਰਾਜਸਥਾਨ ਦੇ ਮਾਰੂਥਲੀ ਖੇਤਰ ਦੇ 3162 ਵਰਗ ਕਿਲੋਮੀਟਰ ਵਿੱਚ ਫੈਲੇ 'ਡੈਜ਼ਰਟ ਨੈਸ਼ਨਲ ਪਾਰਕ' ਦੇ ਅੰਦਰ 10 ਵਰਗ ਕਿਲੋਮੀਟਰ ਰਕਬੇ ਵਿੱਚ ਸਥਿਤ ਹੈ। ਅਠਾਰਾਂ ਕਰੋੜ ਸਾਲ ਪਹਿਲਾਂ ਦੀਆਂ ਪ੍ਰਸਥਿਤੀਆਂ 'ਤੇ ਝਾਤ ਪਵਾਉਂਦੇ ਅਤੇ ਕੁਦਰਤੀ ਅਜੂਬਿਆਂ ਨਾਲ ਭਰਪੂਰ ਵੁੱਡ ਫ਼ਾਸਿਲ ਪਾਰਕ ਨੂੰ ਰਾਜਸਥਾਨ ਦੇ ਜੰਗਲਾਤ ਵਿਭਾਗ ਨੇ 1979 ਵਿੱਚ ਆਪਣੇ ਅਧਿਕਾਰ ਹੇਠ ਲੈ ਲਿਆ ਸੀ। ਬਾਅਦ ਵਿੱਚ ਰਾਜ ਸਰਕਾਰ ਦੁਆਰਾ 1980 ਵਿੱਚ ਇਸਨੂੰ ਸੁਰੱਖਿਅਤ ਰੱਖ ਅਤੇ 1981 ਵਿੱਚ ਨੈਸ਼ਨਲ ਪਾਰਕ ਐਲਾਨ ਦਿੱਤਾ ਗਿਆ। ਵਿਗਿਆਨਕ ਨਜ਼ਰੀਏ ਤੋਂ ਇਸਦੀ ਮਹੱਤਤਾ ਨੂੰ ਦੇਖਦੇ ਹੋਏ ਕੁੱਝ ਵਰ੍ਹਿਆਂ ਪਿੱਛੋਂ ਇਸ ਪਾਰਕ ਨੂੰ 'ਜੁਆਲੋਜੀਕਲ ਸਰਵੇ ਆਫ਼ ਇੰਡੀਆ' ਦੇ ਹਵਾਲੇ ਕਰ ਦਿੱਤਾ ਗਿਆ। ਇਸ ਵਿਭਾਗ ਨੇ ਹੀ ਇੱਥੇ ਅਠਾਰਾਂ ਕਰੋੜ ਵਰ੍ਹੇ ਪੁਰਾਣੇ ਤੇ ਪਥਰਾਟ ਬਣ ਚੁੱਕੇ ਦਰਖਤਾਂ ਦੇ ਭਾਰੀ ਤਣਿਆਂ ਦੀ ਖੋਜ ਕੀਤੀ ਤੇ ਇਹਨਾਂ ਪਥਰਾਟਾਂ ਨੂੰ ਫਾਈਬਰ ਗਲਾਸ ਦੀਆਂ ਪਾਰਦਰਸ਼ੀ ਝੌਂਪੜੀਆਂ ਅੰਦਰ ਸੁਰੱਖਿਅਤ ਕਰ ਲਿਆ। ਇਹਨਾਂ ਪਥਰਾਟਾਂ ਵਿੱਚ ਦਰਖ਼ਤਾਂ ਦੇ ਸਖ਼ਤ ਤਣਿਆਂ ਦੀਆਂ ਸੂਖਮ ਤੋਂ ਸੂਖਮ ਕੋਸ਼ਿਕਾਵਾਂ ਦੀ ਮਹੀਨ ਬਣਤਰ ਖ਼ੁਰਦਬੀਨ ਨਾਲ ਵੀ ਸਾਫ਼ ਦੇਖੀ ਜਾ ਸਕਦੀ ਹੈ। ਇਹਨਾਂ ਕੋਸ਼ਿਕਾਵਾਂ ਦੀ ਨਿਰਖ ਪਰਖ ਤੋਂ ਹੀ ਵਿਗਿਆਨੀਆਂ ਨੇ ਪਥਰਾਟ ਬਣੇ ਦਰਖਤਾਂ ਦੀ ਸਹੀ ਉਮਰ ਅਤੇ ਇਸ ਖੇਤਰ ਦੀ ਉਸ ਸਮੇਂ ਦੀ ਭੂਗੋਲਿਕ ਸਥਿਤੀ ਤੇ ਜਲਵਾਯੂ ਦਾ ਪਤਾ ਲਾਇਆ ਹੈ।

ਵੁੱਡ ਫ਼ਾਸਿਲ ਪਾਰਕ ਵਿੱਚ ਪਹਿਲੀ ਨਜ਼ਰੇ 'ਪਾਰਕ' ਵਰਗੀ ਕੋਈ ਚੀਜ਼ ਦਿਖਾਈ ਨਹੀਂ ਦਿੰਦੀ। ਇਧਰ ਉਧਰ ਬਿਖਰੀਆਂ ਬੰਜਰ ਚਟਾਨਾਂ ਵਾਲੀ ਰੋਹੀ ਬੀਆਬਾਨ ਜ਼ਮੀਨ ਵਿੱਚ ਗ਼ਜ਼ਬ ਦੀ ਚੁੱਪ, ਸ਼ਾਂਤੀ ਤੇ ਸੰਨਾਟਾ ਪਸਰਿਆ ਹੋਇਆ ਹੈ। ਇਉਂ ਜਾਪਦਾ ਹੈ ਜਿਵੇਂ ਇਸ ਭੂ ਭਾਗ ਵਿੱਚ ਜ਼ਿੰਦਗੀ ਦੀ ਧੜਕਣ ਹੀ ਰੁਕ ਗਈ ਹੋਵੇ। ਜਿਵੇਂ ਚਿੜੀ ਜਨੌਰ ਵੀ ਇਹ ਸੋਚ ਕੇ ਖੰਭ ਨਾ ਫੜਫੜਾ ਰਹੇ ਹੋਣ ਕਿ ਉਹਨਾਂ ਦੀ ਆਵਾਜ਼ ਨਾਲ ਮਿੱਟੀ ਦੀਆਂ ਗਹਿਰੀਆਂ ਪਰਤਾਂ ਅੰਦਰ ਕਰੋੜਾਂ ਸਾਲਾਂ ਤੋਂ ਸੌਂ ਰਹੇ ਦਰਖ਼ਤਾਂ ਦੀ ਨੀਂਦ ਨਾ ਟੁੱਟ ਜਾਵੇ। ਸਿਰਫ਼ ਮੌਜਮਸਤੀ ਦੇ ਨਜ਼ਰੀਏ ਨਾਲ ਘੁੰਮਣ ਵਾਲੇ ਸੈਲਾਨੀਆਂ ਲਈ ਇੱਥੇ ਦੇਖਣ ਤੇ ਮਾਣਨ ਵਾਲਾ ਕੁੱਝ ਵੀ ਨਹੀਂ ਹੈ। ਇਹੀ ਕਾਰਣ ਹੈ ਕਿ ਅਕਸਰ ਹੀ ਇੱਥੇ ਕਈ-ਕਈ ਦਿਨ ਇੱਕ ਵੀ ਸੈਲਾਨੀ ਨਜ਼ਰ ਨਹੀਂ ਆਉਂਦਾ ਅਤੇ ਬਹੁਤੇ ਘੁਮੱਕੜਾਂ ਨੂੰ ਜਾਂ ਤਾਂ ਇਸ ਪਾਰਕ ਬਾਰੇ ਜਾਣਕਾਰੀ ਹੀ ਨਹੀਂ ਹੁੰਦੀ ਤੇ ਜਾਂ ਫਿਰ ਉਹ "ਉੱਥੇ ਕੁੱਝ ਨਹੀਂ ਦੇਖਣ ਵਾਲ਼ਾ" ਦੀ ਪ੍ਰਚਲਿਤ ਧਾਰਨਾ 'ਤੇ

ਯਕੀਨ ਕਰਕੇ ਇਸ ਨੂੰ ਨਜ਼ਰਅੰਦਾਜ਼ ਹੀ ਕਰ ਦਿੰਦੇ ਹਨ। ਸਿਰਫ਼ ਭੂ-ਵਿਗਿਆਨ ਤੇ ਬਨਸਪਤੀ ਵਿਗਿਆਨ ਵਿੱਚ ਦਿਲਚਸਪੀ ਰੱਖਣ ਵਾਲੇ 'ਜੌਹਰੀਆਂ' ਨੂੰ ਹੀ ਪਤਾ ਹੈ ਕਿ ਸਾਧਾਰਣ 'ਮਣਕਾ' ਜਾਪਦਾ ਇਹ ਪਾਰਕ ਅਸਲ ਵਿੱਚ ਬੇਸ਼ਕੀਮਤੀ 'ਮੋਤੀ' ਹੈ।

ਵਿਗਿਆਨਕ ਖੋਜਾਂ ਤੋਂ ਪਤਾ ਲੱਗਾ ਹੈ ਕਿ ਅੱਜ ਦਾ ਇਹ ਮਾਰੂਥਲੀ ਖੇਤਰ ਕਰੋੜਾਂ ਸਾਲ ਪਹਿਲਾਂ ਅਤਿਅੰਤ ਨਮ ਜਲਵਾਯੂ ਵਾਲਾ, ਚੀੜ ਤੇ ਦਿਉਦਾਰ ਵਰਗੇ ਦਿਉਕੱਦ ਦਰਖ਼ਤਾਂ ਵਾਲੇ ਸੰਘਣੇ ਜੰਗਲਾਂ ਨਾਲ ਭਰਪੂਰ ਖੇਤਰ ਸੀ। ਵਿਗਿਆਨੀਆਂ ਦਾ ਕਹਿਣਾ ਹੈ ਕਿ 'ਪੈਂਜੀਆ' ਵਿੱਚ ਪੈ ਰਹੀਆਂ ਦਰਾੜਾਂ ਵਿੱਚ ਤੇਜ਼ੀ ਨਾਲ ਸਮੁੰਦਰ ਦਾ ਪਾਣੀ ਭਰ ਜਾਂਦਾ ਰਿਹਾ ਹੈ। ਉਹਨਾਂ ਨੇ ਅਨੁਮਾਨ ਲਗਾਇਆ ਹੈ ਕਿ ਅਜਿਹੀ ਹੀ ਕਿਸੇ ਦਰਾੜ ਵਿੱਚ ਤੇਜ਼ੀ ਨਾਲ ਭਰਿਆ ਪਾਣੀ ਆਪਣੇ ਨਾਲ ਭਾਰੀ ਮਾਤਰਾ ਵਿੱਚ ਚਿੱਕੜ ਤੇ ਗਾਰਾ ਲੈ ਕੇ ਆਇਆ ਤੇ ਇਸ ਖੇਤਰ ਦਾ ਸੰਘਣਾ ਜੰਗਲ ਮਿੱਟੀ ਤੇ ਗਾਰੇ ਦੀਆਂ ਮੋਟੀਆਂ ਭਾਰੀ ਪਰਤਾਂ ਹੇਠਾਂ ਦੱਬਿਆ ਗਿਆ। ਦਰਖ਼ਤਾਂ ਦੇ ਨਰਮ ਹਿੱਸੇ ਤਾਂ ਗਲ ਸੜ ਗਏ ਪਰ ਸਖ਼ਤ ਤਣੇ ਆਪਣੀਆਂ ਸੂਖਮ ਕੋਸ਼ਿਕਾਵਾਂ ਦੀ ਬਣਤਰ ਨੂੰ ਕਾਇਮ ਰੱਖਦੇ ਹੋਏ ਮਿੱਟੀ ਤੇ ਚਿੱਕੜ ਤੋ ਓੜਕਾਂ ਦੇ ਦਬਾਅ ਹੇਠ ਸਿਲ ਪੱਥਰ ਬਣ ਗਏ। ਦੂਜੇ ਲਫ਼ਜ਼ਾਂ ਵਿੱਚ ਕਿਹਾ ਜਾ ਸਕਦਾ ਹੈ ਕਿ ਦਰਖ਼ਤਾਂ ਦਾ ਜੈਵਿਕ (ਆਰਗੈਨਿਕ) ਮਾਦਾ ਸਿਲਿਕਾ ਵਰਗੇ ਖਣਿਜ (ਮਿਨਰਲ) ਮਾਦੇ ਵਿੱਚ ਬਦਲ ਗਿਆ। ਇਸ ਪ੍ਰਕ੍ਰਿਆ ਨੂੰ ਬਨਸਪਤੀ ਵਿਗਿਆਨ ਦੀ ਸ਼ਬਦਾਵਲੀ ਵਿੱਚ ਪੈਟਰੀਫਿਕੇਸ਼ਨ (ਜੈਵਿਕ ਮਾਦੇ ਦੇ ਪਥਰਾਉਣ ਦੀ ਕਿਰਿਆ) ਕਿਹਾ ਜਾਂਦਾ ਹੈ।

ਇਸ ਪਾਰਕ ਵਿੱਚ ਅਠਾਰਾਂ ਕਰੋੜ ਵਰ੍ਹੇ ਪਹਿਲਾਂ ਦੇ ਦਰਖ਼ਤਾਂ ਦੇ ਪਥਰਾਟ ਬਣੇ ਹੋਏ 18 ਤਣੇ ਫਾਈਬਰ ਦੀਆਂ ਪਾਰਦਰਸ਼ੀ ਝੌਂਪੜੀਆਂ ਵਿੱਚ ਸੁਰੱਖਿਅਤ ਕਰਕੇ ਨੁਮਾਇਸ਼ ਕੀਤੇ ਦੇਖੇ ਜਾ ਸਕਦੇ ਹਨ। ਇਹਨਾਂ ਵਿਚੋਂ ਸਭ ਤੋਂ ਵੱਡੇ ਪਥਰਾਟ ਦੀ ਲੰਬਾਈ 13.40 ਮੀਟਰ ਤੇ ਚੌੜਾਈ 40 ਸੈਂਟੀਮੀਟਰ ਹੈ। ਪਥਰਾਟ ਬਣੇ ਤਣਿਆਂ ਵਿੱਚ ਲੋਹੇ, ਕੈਲਸ਼ੀਅਮ ਅਤੇ ਮੈਗਨੀਸ਼ੀਅਮ ਵਰਗੇ ਖਣਿਜਾਂ ਦੀ ਮੌਜੂਦਗੀ ਕਾਰਣ ਇਹ ਲਾਲ, ਭੂਰੇ, ਸਲੇਟੀ, ਪੀਲੇ ਆਦਿ ਰੰਗਾਂ ਵਿੱਚ ਵਟ ਗਏ ਹਨ। ਵਿਗਿਆਨੀਆਂ ਦਾ ਮੰਨਣਾ ਹੈ ਕਿ ਇਸ ਥਾਂ ਉੱਪਰ ਮਿੱਟੀ ਦੀਆਂ ਪਰਤਾਂ ਹੇਠ ਅਜਿਹੇ ਹੋਰ ਵੀ ਬੇਸ਼ੁਮਾਰ ਦਰਖ਼ਤ ਹੋ ਸਕਦੇ ਹਨ ਜੋ ਪਥਰਾਟਾਂ ਦਾ ਰੂਪਧਾਰਣ ਕਰ ਚੁੱਕੇ ਹਨ ਜਿਨ੍ਹਾਂ ਨੂੰ ਸਾਵਧਾਨੀ ਨਾਲ ਕੀਤੀ ਖੁਦਾਈ ਰਾਹੀਂ ਧਰਾਤਲ 'ਤੇ ਲਿਆਂਦਾ ਜਾ ਸਕਦਾ ਹੈ। ਇਸ 'ਖ਼ਜ਼ਾਨੇ' ਨੂੰ ਅਜੇ ਹੋਰ ਫਰੋਲਣ ਦੀ ਲੋੜ ਹੈ ਜਿਸ ਨਾਲ ਕਈ ਹੋਰ ਤੱਥ ਉਜਾਗਰ ਹੋ ਸਕਦੇ ਹਨ। ਭਾਵੇਂ ਸੱਤਾ ਪੱਖ ਵੱਲੋਂ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਇਹਨਾਂ ਪਥਰਾਟਾਂ ਨੂੰ ਸੁਰੱਖਿਅਤ ਸਾਂਭ ਲਿਆ ਗਿਆ ਹੈ ਪਰ ਅਸਲੀਅਤ ਇਹ ਹੈ ਕਿ ਸਰਕਾਰੀ ਤੰਤਰ ਦੀ ਨਿਗਾਹ ਤੋਂ ਪਹਿਲਾਂ ਹੀ ਇਸ 'ਖਜ਼ਾਨੇ' ਦੇ ਕਈ ਕੀਮਤੀ 'ਨਗ' ਗੁਆਚ ਚੁੱਕੇ ਹਨ। ਕੁੱਝ ਦਹਾਕੇ ਪਹਿਲਾਂ ਜਿਉਂ ਹੀ ਕੁਝ ਲੋਕਾਂ ਨੂੰ ਇਸਦੀ ਮਹੱਤਤਾ ਦਾ ਪਤਾ ਲੱਗਾ ਤਾਂ ਉਹਨਾਂ ਨੇ ਵਿਗਿਆਨਕ ਨਜ਼ਰੀਏ ਤੋਂ ਕੀਮਤੀ ਕਈ ਪਥਰਾਟ ਚੁਰਾ ਕੇ ਜਾਂ ਤਾਂ ਵੇਚ ਦਿੱਤੇ ਤੇ ਜਾਂ ਫਿਰ ਆਪਣੇ ਘਰਾਂ ਵਿੱਚ ਸਜਾ ਲਏ। ਕੁੱਝ ਕੁ ਬਚੇ ਖੁਚੇ ਨਮੂਨੇ ਜੈਸਲਮੇਰ ਦੀ ਮਿਊਜ਼ੀਅਮ ਵਿੱਚ ਵੀ ਰੱਖੇ ਮਿਲਦੇ ਹਨ। ਭੂ-ਵਿਗਿਆਨ ਤੇ ਬਨਸਪਤੀ ਵਿਗਿਆਨ ਦੇ ਵਿਦਿਆਰਥੀਆਂ ਤੇ ਖੋਜੀਆਂ ਅਤੇ ਵਿਗਿਆਨਕ ਲੱਭਤਾਂ ਵਿੱਚ ਦਿਲਚਸਪੀ ਰੱਖਣ ਵਾਲੇ ਸੈਲਾਨੀਆਂ ਨੂੰ ਇਸ ਪਾਰਕ ਦੀ ਯਾਤਰਾ ਜ਼ਰੂਰ ਕਰਨੀ ਚਾਹੀਦੀ ਹੈ।

98556-56156

ਪੰਨਾ 21 ਦਾ ਬਾਕੀ...

ਨਾ ਕਿਸੇ ਨੇ ਕਿਸੇ ਨੂੰ ਇਸ ਬਾਰੇ ਦੱਸਿਆ। ਗੌਰੀ ਨੂੰ ਲੱਗਿਆ ਕਿ ਸਿਰਫ਼ ਉਹ ਹੀ ਉਸ ਸਮੇਂ ਜਾਗੀ ਹੋਈ ਸੀ। ਪਰ ਉਸ ਸਮੇਂ ਕਈ ਫਲੈਟਾਂ ਦੀਆਂ ਖਿੜਕੀਆਂ ਵਿਚੋਂ ਕਈ ਅੱਖਾਂ ਝਾਕ ਰਹੀਆਂ ਸਨ।

ਪੰਦਰਾਂ ਮਿੰਟ ਬਾਅਦ ਗੱਡੀ ਦੇ ਮੁੜ ਸਟਾਰਟ ਹੋਣ ਦੀ ਆਵਾਜ਼ ਸੁਣਾਈ ਦਿੱਤੀ। ਤੇਜ਼ ਰਫ਼ਤਾਰ ਨਾਲ ਗੱਡੀ ਦੂਰ ਚਲੀ ਗਈ। ਜੋ-ਜੋ ਅੱਖਾਂ ਖੁੱਲ੍ਹੀਆਂ ਸਨ, ਉਹ ਬੰਦ ਹੋ ਗਈਆਂ। ਹੁਣ ਸਚਮੁਚ ਸਾਰੇ ਲੋਕ ਸੌਂ ਰਹੇ ਸੀ।

ਸਵੇਰੇ ਕਾਲੋਨੀ ਤੋਂ ਇਕ ਕਿਲੋਮੀਟਰ ਦੂਰ ਇਕ ਨੌਜਵਾਨ ਲੜਕੀ ਦੀ ਲਾਸ਼ ਮਿਲੀ। ਪੂਰੀ ਤਰ੍ਹਾਂ ਨੋਚੀ। ਪੂਰੀ ਤਰ੍ਹਾਂ ਨੰਗੀ। ਮੀਡੀਆ ਵਾਲਿਆਂ ਦੀ ਭੀੜ! ਪੁਲਿਸ ਤੋਂ ਤਰ੍ਹਾਂ-ਤਰ੍ਹਾਂ ਦੇ ਸਵਾਲ। ਲੋਕ ਇਕੱਠੇ ਹੋਣ ਲੱਗੇ।

ਕਲੋਨੀ ਨਿਵਾਸੀ ਵੀ ਆ ਗਏ। ਕਈ ਸੰਸਥਾਵਾਂ ਵੀ। ਆਵਾਜ਼ਾਂ ਉੱਠਣ ਲੱਗੀਆਂ - ' ਕੀ ਇਹ ਸਭ ਕੁੱਝ ਕਦੇ ਨਹੀਂ ਰੁਕੇਗਾ ? ਦੋਸ਼ੀਆਂ ਨੂੰ ਸਜ਼ਾ ਕਦ ਮਿਲਣ ਲੱਗੇਗੀ ?'

ਸ਼ਾਮ ਨੂੰ ਇੱਕ ਕੈਂਡਲ ਮਾਰਚ ਕੱਢਿਆ ਗਿਆ। ਉਸ ਵਿਚ ਕਾਲੋਨੀ ਨਿਵਾਸੀ ਵੀ ਸ਼ਾਮਲ ਹੋਏ।... ਅਤੇ ਉਸ ਵਿਚ ਸ਼ਾਮਲ ਸਨ ਉਹ ਅੱਖਾਂ ਵੀ ਜੋ ਕੱਲ੍ਹ ਰਾਤ ਜਾਗ ਰਹੀਆਂ ਸਨ।

ਭਾਗਲਪੁਰ (ਬਿਹਾਰ)

ਪੰਜਾਬੀ ਅਨੁਵਾਦ - ਬਲਬੀਰ ਲੌਂਗੋਵਾਲ

ਨੇਰ੍ਹੇ ਕੋਲੋਂ ਡਰਕੇ 'ਰਾਣੇ' ਹੋਰਾਂ ਵਾਂਗੂੰ ਚੁੱਪ ਨਾ ਕਰਨਾ

ਸਿਹਰਾ



ਇਹ ਕਿਤਾਬਾਂ ਹੀ ਹਨ ਜਿਹਨਾਂ ਨੂੰ ਮੈਂ ਆਪਣੇ ਅੰਦਰਲੀ ਹਰ ਚੰਗਿਆਈ ਦਾ ਸਿਹਰਾ ਦਿੰਦਾ ਹਾਂ। ਮੈਂ ਆਪਣੀ ਜਵਾਨੀ ਦੇ ਦਿਨਾਂ ਵਿੱਚ ਹੀ ਇਹ ਮਹਿਸੂਸ ਕਰ ਲਿਆ ਸੀ ਕਿ ਕਲਾ ਲੋਕਾਂ ਨਾਲੋਂ ਜ਼ਿਆਦਾ ਖੁੱਲਦਿਲੀ ਹੁੰਦੀ ਹੈ। ਮੈਂ ਪੁਸਤਕ-ਪ੍ਰੇਮੀ ਹਾਂ; ਹਰ ਕਿਤਾਬ ਮੈਨੂੰ ਇੱਕ ਚਮਤਕਾਰ ਜਾਪਦੀ ਹੈ, ਅਤੇ ਲੇਖਕ ਇੱਕ ਜਾਦੂਗਰ। ਕਿਤਾਬਾਂ ਬਾਰੇ ਮੈਂ ਡੂੰਘੀਆਂ ਭਾਵਨਾਵਾਂ ਅਤੇ ਹੁਲਾਸ-ਪੂਰਨ ਉਤਸ਼ਾਹ ਤੋਂ ਬਿਨਾਂ ਹੋਰ ਕਿਸੇ ਢੰਗ ਨਾਲ਼ ਗੱਲ ਹੀ ਨਹੀਂ ਕਰ ਸਕਦਾ। ਇਹ ਹਾਸੋਹੀਣਾ ਜਾਪ ਸਕਦਾ ਹੈ ਪਰ ਇਹੀ ਸੱਚਾਈ ਹੈ। **ਮੈਕਸਿਮ ਗੋਰਕੀ**

ਸ਼ਹੀਦ - ਏ - ਆਜਮ ਦਾ ਸ਼ੌਕ



ਭਗਤ ਸਿੰਘ ਮੇਰੇ ਕਮਰੇ ਵਿੱਚ ਜਿਆਦਾ ਸਮਾਂ ਪੜ੍ਹਨ ਵਿੱਚ ਹੀ ਬਿਤਾਉਂਦਾ ਸੀ। ਵਿਕਟਰ ਹਿਊਗੋ, ਹਾਲਕੇਨ, ਟਾਲਸਟਾਏ, ਦੋਸਤੋਵਸਕੀ, ਗੋਰਕੀ, ਬਰਨਾਅਡ ਸਾਅ ਤੇ ਡਿਕਨਜ ਉਸ ਦੇ ਮਨਪਸੰਦ ਲੇਖਕ ਸਨ। ਜਦ ਉਹ ਪੜ੍ਹਨ ਤੋਂ ਥੱਕ ਜਾਂਦਾ ਤਾਂ ਹੋਸਟਲ ਦੇ ਪਿੱਛੇ ਗੰਗਾ ਕਿਨਾਰੇ ਬੈਠ ਜਾਂਦਾ। ਜਾਂ ਜਦ ਮੈਨੂੰ ਤੇ ਜੈ ਦੇਵ ਨੂੰ ਕਾਲਿਜ ਤੋਂ ਫ਼ੁਰਸਤ ਹੁੰਦੀ ਤਾਂ ਸਾਡੇ ਨਾਲ ਗੱਲਬਾਤ ਕਰਦਾ। ਉਸਦੀ ਗੱਲਬਾਤ ਦਾ ਵਿਸ਼ਾ ਜਿਆਦਾ ਕਰਕੇ ਉਸਦੀਆਂ ਪੜ੍ਹੀਆਂ ਕਿਤਾਬਾਂ ਹੀ ਹੁੰਦੀਆਂ ਸਨ। ਉਨ੍ਹਾਂ ਬਾਰੇ ਦੱਸਦਾ ਤੇ ਜੋਰ ਦਿੰਦਾ ਕਿ ਅਸੀਂ ਵੀ ਉਨ੍ਹਾਂ ਨੂੰ ਪੜ੍ਹੀਏ। ਕਦੇ ਕਦੇ ਪੁਰਾਣੇ ਇਨਕਲਾਬੀਆਂ ਦੀਆਂ ਕਹਾਣੀਆਂ ਵੀ ਸੁਣਾਉਂਦਾ। ਕੂਕਾ ਲਹਿਰ, ਗ਼ਦਰ ਪਾਰਟੀ ਦਾ ਇਤਿਹਾਸ, ਕਰਤਾਰ ਸਿੰਘ ਸਰਾਭਾ, ਸੂਫੀ ਅੰਬਾ ਪ੍ਰਸਾਦ ਆਦਿ ਦੀਆਂ ਜੀਵਨੀਆਂ, ਅਤੇ ਬੱਬਰ ਅਕਾਲੀਆਂ ਦੀਆਂ ਬਹਾਦਰੀ ਦੀਆਂ ਕਹਾਣੀਆਂ ਦੱਸਦੇ ਦੱਸਦੇ ਉਹ ਖ਼ੁਦ ਵੀ ਭਾਵੁਕ ਹੋ ਉੱਠਦਾ। ਉਸਦੀ ਬਿਆਨ ਕਰਨ ਦੀ ਸ਼ੈਲੀ ਵਿੱਚ ਇੱਕ ਅਜੀਬ ਖਿੱਚ ਸੀ। ਜਿਸ ਸਦਕਾ ਮੈਂ ਤੇ ਜੈ ਦੇਵ ਦੋਵੇਂ ਜਣੇ ਹਰ ਰੋਜ ਕਾਲਿਜ ਵਿੱਚੋਂ ਬਹੁਤ ਪਹਿਲਾਂ ਹੀ ਭੱਜ ਆਉਂਦੇ। **ਸ਼ਿਵ ਵਰਮਾ**

ਅਮਰ ਕਵਿਤਾ

"ਸ਼ਾਇਰ ਓਹੀ ਜਹਾਨ 'ਤੇ ਹੋ ਸਕਦਾ,
ਜੋ ਸੋਨਾ ਸੋਨੇ ਨੂੰ, ਕੱਚ ਨੂੰ ਕੱਚ ਆਖੇ।
ਕਰੇ ਲੋਕਾਂ ਦੇ ਦਿਲਾਂ ਦੀ ਤਰਜ਼ਮਾਨੀ,
ਠੀਕ ਠੀਕ ਤੇ, ਖ਼ੱਚ ਨੂੰ ਖ਼ਚ ਆਖੇ।
ਜੋ ਕੁਝ ਕਹਿਣਾ ਉਹ ਕਵ੍ਹੇ ਨਧੜਕ ਹੋ ਕੇ ,
ਟੱਪ ਟੱਪ ਆਖੇ, ਨੱਚ ਨੱਚ ਆਖੇ।
'ਆਲਮ' ਓਸੇ ਦੀ ਰਹੇਗੀ ਅਮਰ ਕਵਿਤਾ,
ਜੋ ਝੂਠ ਨੂੰ ਝੂਠ, ਤੇ ਸੱਚ ਨੂੰ ਸੱਚ ਆਖੇ।"



ਗੁਰਦਾਸ ਰਾਮ ਆਲਮ

ਜ਼ਿੰਦਗੀ ਨਾਮਾ

ਆਪਣੇ ਆਪ ਨੂੰ ਤੰਦਰੁਸਤ ਰੱਖਣ ਲਈ ਸੰਤੁਲਿਤ ਭੋਜਨ ਤੇ ਕਸਰਤ ਦੀ ਬਜਾਏ ਸਿਰਫ ਪ੍ਰਾਰਥਨਾਵਾਂ ਹੀ ਕੀਤੀਆਂ ਜਾਂਦੀਆਂ ਹਨ। ਜੇਕਰ ਪ੍ਰਾਰਥਨਾ ਕਰਨ ਨਾਲ ਉਮਰ ਵਧਦੀ ਜਾਂ ਤੰਦਰੁਸਤੀ ਮਿਲਦੀ ਹੁੰਦੀ ਤਾਂ ਪ੍ਰਾਰਥਨਾ ਕਰਨ ਵਾਲੇ ਨਾ ਹੀ ਕਦੇ ਮਰਦੇ ਅਤੇ ਨਾ ਹੀ ਬਿਮਾਰ ਹੁੰਦੇ।

ਆਪਣੀ ਉਮਰ ਵਧਾਉਣ ਦੇ ਲਾਲਚ ਦੇ ਨਾਮ 'ਤੇ ਹੀ ਵਿਅਕਤੀ ਨੂੰ ਦੂਜੇ ਜਨਮ ਦੇ ਲਾਰੇ ਲਾ ਕੇ ਠੱਗਿਆ ਜਾਂਦਾ ਹੈ ਜਦਕਿ ਦੂਜਾ ਜਨਮ ਕਿਸੇ ਦਾ ਹੋਇਆ ਹੀ ਨਹੀਂ। ਇਸੇ ਲਾਲਚ ਦੇ ਅਧੀਨ ਮਰਨ ਤੋਂ ਬਾਅਦ ਸਵਰਗ ਦੇ ਲਾਰੇ ਲਾਏ ਜਾਂਦੇ ਹਨ। ਵਿਅਕਤੀ ਨੂੰ ਯਕੀਨ ਦੁਆ ਦਿੱਤਾ ਜਾਂਦਾ ਹੈ ਕਿ ਅਸੀਂ ਤੈਨੂੰ ਸਵਰਗ ਦੀ ਚਾਬੀ ਪੱਕੇ ਤੌਰ 'ਤੇ ਦੇ ਦੇਣੀ ਹੈ। ਇਸੇ ਲਾਲਚ ਵਿੱਚ ਵਿਅਕਤੀ ਇਸ ਮਿਲੇ ਹੋਏ ਜਨਮ ਨੂੰ ਵੀ ਸਾਰੀ ਉਮਰ ਨਰਕ ਬਣਾਉਂਦਾ ਰਹਿੰਦਾ ਹੈ।

ਆਪਣੀ ਜ਼ਿੰਦਗੀ ਦੇ ਮਿਲੇ ਸਾਲਾਂ ਨੂੰ ਵਧਾਉਣਾ ਜਾਂ ਘਟਾਉਣਾ, ਤੰਦਰੁਸਤ ਰਹਿਣਾ ਜਾਂ ਨਾ ਰਹਿਣਾ ਵਿਅਕਤੀ ਦੇ ਆਪਣੇ ਕੀਤੇ ਫੈਸਲਿਆਂ ਤੇ ਪ੍ਰਬੰਧ ਉੱਪਰ ਨਿਰਭਰ ਕਰਦਾ ਹੈ। ਜ਼ਿੰਦਗੀ ਅਣਮੁੱਲੀ ਹੈ। ਇਹ ਆਪਣੇ ਹਿਸਾਬ ਨਾਲ ਜੀਣੀ ਚਾਹੀਦੀ ਹੈ, ਕਿਸੇ ਹੋਰ ਦੇ ਹਿਸਾਬ ਨਾਲ ਨਹੀਂ। ਜ਼ਿੰਦਗੀ ਵਿੱਚ ਅਗਲੇ ਜਨਮ ਦੇ ਲਾਰਿਆਂ ਨੂੰ ਛੱਡ ਕੇ ਇਸੇ ਧਰਤੀ 'ਤੇ ਸਵਰਗ ਬਣਾਉਣ ਦੀਆਂ ਕੋਸ਼ਿਸ਼ਾਂ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ, ਤਾਂ ਹੀ ਆਉਣ ਵਾਲੀਆਂ ਪੀੜ੍ਹੀਆਂ ਸਾਡੇ 'ਤੇ ਮਾਣ ਕਰ ਸਕਣਗੀਆਂ।

ਅਵਤਾਰ ਤਰਕਸ਼ੀਲ ਨਿਊਜ਼ੀਲੈਂਡ

ਚਾਨਣ ਨੂੰ ਹੁਣ ਆਪਣੀ ਢਾਲ ਬਣਾਵਾਂਗੇ ਵਕਤ ਅਸਾਡਾ ਹੈ।...ਰਣਬੀਰ ਰਾਣਾ

ਯਾਦ ਸਦੀਵੀ

ਗ਼ਦਰੀ ਜਰਨੈਲ

ਫਾਂਸੀ ਦੀ ਸਜ਼ਾ ਸੁਣਾਏ ਜਾਣ ਉਪਰੰਤ ਪਿੰਡ ਤੋਂ ਦਾਦਾ ਜੀ ਅਤੇ ਪਰਿਵਾਰ ਆ ਕੇ ਅਫਸੋਸ ਕਰਨ ਲੱਗਿਆ ਕਿ ਏਨੀ ਛੋਟੀ ਉਮਰ ਵਿੱਚ ਜੀਵਨ ਤਿਆਗ ਦੇਵੇਂਗਾ।

ਸਰਾਭਾ ਨੇ ਆਪਣੇ ਦਾਦੇ ਤੋਂ ਪੁੱਛਿਆ, ਆਪਣੇ ਪਿੰਡ ਦੇ........ ਸਿੰਘ ਦਾ ਕੀ ਹਾਲ ਹੈ ?



ਸ਼ਹਾਦਤ
16 ਨਵੰਬਰ 1915

ਉਹ ਤਾਂ ਕਦੋਂ ਦਾ ਪਲੇਗ ਨਾਲ ਮਰ ਗਿਆ। ਦਾਦੇ ਨੇ ਦੱਸਿਆ।

ਤੇ ਉਸ ਬਜ਼ੁਰਗ........ ਸਿੰਘ ਦਾ ਕੀ ਹਾਲ ਹੈ ?

ਉਹ ਵੀ ਪਿਛਲੀ ਸਰਦੀ ਵਿੱਚ ਚੱਲ ਵਸਿਆ। ਦਾਦੇ ਨੇ ਮੁੜ ਦੱਸਿਆ।

ਸਰਾਭਾ ਨੇ ਮੁੜ ਪੁੱਛਿਆ, ਕੀ ਉਨ੍ਹਾਂ ਨੂੰ ਕੋਈ ਯਾਦ ਕਰਦਾ ਹੈ ?

ਕੋਈ ਪਲੇਗ ਨਾਲ ਮਰਦਾ ਹੈ, ਕੋਈ ਬੁਢਾਪੇ ਨਾਲ। ਪਰ ਮੈਂ ਦੇਸ਼ ਲਈ ਸ਼ੇਰਾਂ ਦੀ ਮੌਤ ਮਰ ਰਿਹਾ ਹਾਂ। ਜਿਸ 'ਤੇ ਮੁਲਕ ਫ਼ਖਰ ਕਰੇਗਾ। ਤੁਹਾਨੂੰ ਵੀ ਇਸ 'ਤੇ ਫਖਰ ਕਰਨਾ ਚਾਹੀਦਾ ਹੈ। ਇਹ ਸੁਣ ਕੇ ਦਾਦੇ ਦੀ ਤਸੱਲੀ ਹੋ ਗਈ।

ਬਾਬਾ ਸੋਹਣ ਸਿੰਘ ਭਕਨਾ ਦੀਆਂ ਯਾਦਾਂ ਵਿੱਚ ਵੀ ਇੱਕ ਅਜਿਹਾ ਜਿਕਰ ਮਿਲਦਾ ਹੈ। ਸਰਾਭਾ ਨੇ ਜੇਲ੍ਹ ਦੀ ਕੰਧ 'ਤੇ ਲਿਖ ਦਿੱਤਾ ਸੀ, 'ਸ਼ਹੀਦ ਦਾ ਖੂਨ ਵਿਅਰਥ ਨਹੀਂ ਜਾਂਦਾ। ਆਖਰ ਇਹ ਰੰਗ ਲਿਆਵੇਗਾ।'

ਬਾਬਾ ਭਕਨਾ ਨੇ ਕਿਹਾ, ਕਰਤਾਰ ਸਿੰਘ, ਇੱਥੇ ਜੇਲ੍ਹ ਵਿੱਚ ਤਾਂ ਹੱਡੀਆਂ ਵੀ ਗਲ ਜਾਂਦੀਆਂ ਹਨ। ਬਾਹਰ ਖਬਰ ਕਿਵੇਂ ਜਾਵੇਗੀ ਤੇ ਸ਼ਹੀਦਾਂ ਦਾ ਖੂਨ ਫਿਰ ਕਿਵੇਂ ਰੰਗ ਲਿਆਵੇਗਾ ?

ਸਰਾਭਾ ਦਾ ਜਵਾਬ ਸੀ, ਪ੍ਰਧਾਨ ਜੀ, ਅੱਜ ਨਹੀਂ ਤਾਂ ਕੱਲ੍ਹ ਜਾਂ ਪਰਸੋਂ ਬਾਹਰ ਜਾ ਕੇ ਖੂਨ ਰੰਗ ਲਿਆਵੇਗਾ ਹੀ।

ਜਦ ਸਰਾਭਾ ਨੂੰ ਫਾਂਸੀ ਲਈ ਲਿਜਾਇਆ ਜਾ ਰਿਹਾ ਸੀ ਤਾਂ ਦਰੋਗਾ ਕਲਹਨ ਖਾਨ ਨੂੰ ਜੋ ਸ਼ਬਦ ਉਸ ਨੇ ਕਹੇ, ਉਹ ਉਸ ਨੇ ਜਾ ਕੇ ਭਾਈ ਰਣਧੀਰ ਸਿੰਘ ਅਤੇ ਗਿਆਨੀ ਨਾਹਰ ਸਿੰਘ ਨੂੰ ਦੱਸੇ,

'ਦਰੋਗਾ! ਯੇਹ ਨਾ ਸਮਝਨਾ ਕਿ ਕਰਤਾਰ ਸਿੰਘ ਮਰ ਗਿਆ ਹੈ। ਮੇਰੇ ਖੂਨ ਕੇ ਜਿਤਨੇ ਕਤਰੇ ਹੈਂ। ਉਤਨੇ ਹੀ ਕਰਤਾਰ ਸਿੰਘ ਔਰ ਪੈਦਾ ਹੋਂਗੇ। ਔਰ ਮੁਲਕ ਕੀ ਆਜਾਦੀ ਕੇ ਲੀਏ ਕਾਮ ਕਰੇਂਗੇ।'

ਪ੍ਰੋ. ਚਮਨ ਲਾਲ

ਨਸ਼ਤਰਾਂ

ਸਿਰ ਪਾੜ ਦਿਓ ਹਕੂਮਤ ਨੇ ਆਖਿਆ
ਲੋਕੋ ਤੁਰੋ ਸਿਰ ਜੋੜ ਕੇ।

***

ਫ਼ੋਨ ਕਾਲ ਦੀ ਬੇਸ਼ਰਮਾ ਦੂਰੀ,
ਮਹਿੰਗੇ ਮੁੱਲ ਪੈਣੇ ਤਾਰਨੇ।

***

ਦੀਵੇ ਬਾਲਾਂਗੇ ਹਨੇਰਿਆਂ ਦੀ ਹਿੱਕ 'ਤੇ,
ਝੱਖੜਾ ਤੂੰ ਝੂਲਦਾ ਰਹੀਂ।

***

ਗਲਾ ਘੁੱਟ ਕੇ ਵਿਚਾਰਾਂ ਦੀ ਆਜ਼ਾਦੀ ਦਾ
ਹਿੱਕ 'ਤੇ ਤਿਰੰਗਾ ਗੱਡੀਏ।

***

ਲਾਰੇ ਐਨਕਾਂ ਦੇਣ ਦੇ ਲਾਉਂਦੇ ਆ,
ਅਕਲ ਤੋਂ ਅੰਨ੍ਹੇ ਰੱਖ ਕੇ।

***



ਰਾਜਨੀਤੀ ਨੇ ਸਾਡੇ 'ਤੇ ਡੇਗੀ ਬਿਜਲੀ
ਵੋਟਾਂ ਵਾਲੇ ਲਾਉਣ ਕੁੰਡੀਆਂ।

***

ਜਗਸੀਰ ਜੀਦਾ (94173 33203)

ਤਾਂਘ

ਉੱਠ ਜਾਗ ਗੂੜ੍ਹੀ ਲੰਮੇਰੀ ਨੀਂਦ 'ਚੋਂ,
ਤੇ ਕਹਿ ਦੇ ਅਲਵਿਦਾ ਹਨੇਰੀ ਰਾਤ ਨੂੰ।


ਸੁਪਨਿਆਂ ਅੰਦਰ ਹੈ ਰੰਗ ਜਿਸ ਭਰਨਾ,
ਜੀ-ਆਇਆਂ ਕਹੁ ਸੁਹਣੇਰੀ ਪ੍ਰਭਾਤ ਨੂੰ

ਡਾ. ਹਰਵਿੰਦਰ ਸਿੰਘ ਸਿਰਸਾ

ਹੌਂਸਲੇ ਪਏ ਖੇਡਦੇ ਨੇ, ਕਾਲੀਆਂ ਰਾਤਾਂ ਦੇ ਨਾਲ।
ਇਹ ਭਰੋਸਾ ਹੈ ਮੇਰਾ, ਰੌਸ਼ਨ ਸਵੇਰੇ ਆਉਣਗੇ

ਹਰਭਜਨ ਹਲਵਾਰਵੀ

ਬੋਲ ਸਦੀਵੀਂ



ਰਾਵਣ

ਕੁਲਵੰਤ ਕੌਰ 'ਨਗਰ'

ਚਿਰਾਂ ਮਗਰੋਂ ਹੋਸ਼ ਆਇਆ
ਸੁੱਤੀ ਲੋਕਾਈ ਨੂੰ
ਕਿ, ਪੁਤਲੇ ਕਿਸ ਦੇ ਫੂਕੇ ਜਾਂਦੇ ਨੇ!
ਜਿਸ ਰਾਜ ਅੰਦਰ ਸੰਭੂਕਾਂ ਦੇ ਕਤਲ ਹੋਣ
ਬਲਾਤਕਾਰ, ਲੁੱਟਾਂ, ਖੋਹਾਂ, ਭੁੱਖਮਰੀ, ਗਰੀਬੀ
ਜਾਤਪਾਤ, ਬੇਰੁਜ਼ਗਾਰੀ, ਮਹਿੰਗਾਈ
ਗਰੀਬੀ, ਅਨਪੜ੍ਹਤਾ, ਬਿਮਾਰੀ ਦੇ ਦੈਂਤ
ਮੂੰਹ ਅੱਡੀ ਖੜ੍ਹੇ ਹੋਣ
ਲੋਕਾਈ ਵਿਲਕਦੀ ਹੋਵੇ,
ਹਾਕਮ ਬੰਸਰੀ ਬਜਾਵੇ
ਧੀਆਂ ਦੇ ਕਤਲਾਂ ਨਾਲ
ਧਰਤੀ ਕੰਬ ਉੱਠੀ ਹੋਵੇ
ਨਿੱਕੇ ਬਾਲ ਤੇ ਬਿਰਧ ਸੜਕਾਂ 'ਤੇ
ਹੱਕ ਮੰਗਦੇ ਹੋਣ
ਉਸ 'ਰਾਮ ਰਾਜ' ਅੰਦਰ
ਪੁਤਲੇ ਕਿਸ ਦੇ ਫੂਕੇ ਜਾਣ
ਚਿਰਾਂ ਮਗਰੋਂ ਰਾਵਣ ਦੇ ਬੁੱਤ
ਉੱਤੇ ਮੁਸਕਾਨ ਆਈ ਹੈ!
ਕਿਉਂ ਕਿ,
ਸਦੀਆ ਤੋਂ ਹਨੇਰਾ ਢੋਹ ਰਹੇ ਲੋਕ
ਸੱਚ ਤੋਂ ਪਰਦੇ ਲਾਹ ਰਹੇ ਨੇ....!

ਵਰਤਮਾਨ

ਸਗਤੇ ਦਾ ਸੌ , ਸੱਤੀ ਵੀਹੀਂ ,
ਐਥੇ ਨਿੱਤ ਹੀ ਹੁੰਦਾ ਹੈ ,
ਬੈਂਕ ਲੁੱਟੀਦੇ ਸ਼ਰੇ ਬਾਜ਼ਾਰੀਂ,
ਧਨੀ ਇਹਨਾਂ ਨੂੰ ਠੱਗਦੇ ਨੇ ..
ਮਨ ਕੀ ਬਾਤ ਹੈ ਲੋਕਾਂ ਲਈ ਤੇ ,
ਧਨ ਕੀ ਬਾਤ ਧਨਾਢਾਂ ਲਈ ,
ਮੁਲਕ ਰੱਖਤਾ ਗਹਿਣੇ ਸਿੱਧੂਆ .
ਦਿਨ ਨੂੰ ਦੀਵੇ ਜਗਦੇ ਨੇ।

ਜਸਬੀਰ ਸਿੰਘ ਸਿੱਧੂ

ਜਿਉਣ ਮਰਨ

ਹੁਣ ਉਹ ਘੁੰਮਣ ਨਹੀਂ ਜਾਂਦਾ
ਹੁਣ ਉਸਨੂੰ ਪਹਾੜ ਚੰਗੇ ਨਹੀਂ ਲਗਦੇ
ਹੁਣ ਉਸਨੂੰ ਪਾਣੀ ਦੀ ਕਲ ਕਲ ਨਹੀਂ ਸੁਣਦੀ
ਉਹ ਫੁੱਲਾਂ ਨਾਲ ਬੋਲਣਾ ਭੁੱਲ ਗਿਆ ਹੈ
ਉਸਦੀਆਂ ਕਿਤਾਬਾਂ ਖੂੰਝੇ ਰੁਲ ਰਹੀਆਂ ਹਨ
ਉਸ ਲਈ ਕਵਿਤਾ ਮਹਿਜ ਅੱਖਰ ਹਨ
ਉਹ ਖਲੀਲ ਜਿਬਰਾਨ ਨੂੰ ਪਹਿਚਾਣਦਾ ਨਹੀਂ
ਸੁਰਜੀਤ ਪਾਤਰ ਉਸ ਲਈ ਵਿਹਲਾ ਬੁੱਢਾ ਹੈ
ਵਾਨ ਦੀ ਪੇਂਟਿੰਗ ਕਾਗਜ 'ਤੇ ਝਰੀਟਾਂ ਹਨ
ਨੁਸਰਤ ਦੀ ਕਵਾਲੀ ਉਸਨੂੰ ਚੀਕਾਂ ਲਗਦੀ ਹੈ
ਹੁਣ ਉਹ ਪ੍ਰਾਈਵੇਟ ਨੌਕਰੀ ਕਰਦਾ ਹੈ
ਫੌਰਮਲ ਕੱਪੜੇ ਪਾਉਂਦਾ ਹੈ
ਕਾਰ ਸਾਫ ਕਰਦਾ ਹੈ
ਦਿਨ ਵਿੱਚ ਕਈ ਵਾਰ ਲੜਦਾ ਹੈ
ਉੱਚਾ ਮਿਊਜ਼ਿਕ ਸੁਣਦਾ ਹੈ
ਪਰਿਵਾਰ ਚ ਬੈਠ ਚੁਗਲੀਆਂ ਕਰਦਾ ਹੈ
ਪੈਸਿਆਂ ਦੀ ਸੇਵਿੰਗ ਦਾ ਫਿਕਰ ਹੈ
ਰੈਲੀਆਂ ਚ ਜਾਂਦਾ ਹੈ
ਬੂਥਿੰਗ ਏਜੰਟ ਬਣਦਾ ਹੈ
ਅਮੀਰ ਲੋਕ ਮਿਲਣ ਆਉਂਦੇ ਹਨ
ਮਹਿੰਗਾ ਮੋਬਾਇਲ ਖਰੀਦ ਲਿਆ ਹੈ
ਉਸਦੇ ਘਰਦੇ ਖੁਸ ਹਨ ਕਿ
ਉਹਨਾਂ ਦਾ ਮੁੰਡਾ ਜਿਉਣਾ ਸਿੱਖ ਗਿਆ
ਕਿਸੇ ਨੂੰ ਉਸਦਾ ਨਹੀਂ ਪਤਾ
ਜੋ ਉਸਦੇ ਅੰਦਰ ਮਰ ਗਿਆ ਹੈ।।

ਬਲਦੇਵ ਸਿੰਘ

ਆਜ਼ਾਦੀ

ਮੁੱਕ ਜਾਵਣ ਜਿੱਥੇ ਪਗਡੰਡੀਆਂ,
ਰਹਿਣ ਨਾ ਮੁਲਕਾਂ ਦੀਆਂ ਵੰਡੀਆਂ,
ਦਿੱਸਣ ਨਾ ਜਿੱਥੇ ਹੱਦਾਂ ਪਾੜੇ
ਤੇਰ ਮੇਰ ਦੇ ਖਾਖੋਵਾੜੇ
ਪਹੁੰਚ ਨਾ ਸਕਣ ਜਿੱਥੇ ਚਾਂਘਾਂ,
ਬਾਂਗ ਟੱਲਾਂ ਤੇ ਸੰਖਾਂ ਦੀਆਂ
ਚਾਰੇ ਤਰਫ਼ ਆਜ਼ਾਦੀ ਹੋਵੇ,
ਮੂਲ ਨਾ ਕੋਈ ਮੁਥਾਜੀ ਹੋਵੇ...

ਪ੍ਰੋ. ਮੋਹਣ ਸਿੰਘ

ਨਵੀਨੀਕਰਨ ਤੇ ਸੁੰਦਰੀਕਰਨ ਦੇ ਨਾਮ ਹੇਠ

ਇਤਿਹਾਸ ਨੂੰ ਬਦਲਣ ਦੀ ਕੋਝੀ ਚਾਲ



ਛਿੰਦਰ ਪਾਲ

ਭਾਰਤ ਸਰਕਾਰ ਵੱਲੋਂ ਜਲਿਆਂ ਵਾਲਾ ਬਾਗ ਯਾਦਗਾਰ ਦੇ ਨਵੀਨੀਕਰਨ ਦੇ ਨਾਂ ’ਤੇ ਕੀਤੀਆਂ ਤਬਦੀਲੀਆਂ ਨੇ ਅੱਜ ਤੋਂ ਸੌ ਸਾਲ ਪਹਿਲਾਂ ਦੇ ਕਤਲੇਆਮ ਦੀ ਦਰਦਭਰੀ ਯਾਦ ਨੂੰ ਇੱਥੇ ਆਉਣ ਵਾਲੀਆਂ ਪੀੜ੍ਹੀਆਂ ਦੇ ਮਨਾਂ ’ਚੋਂ ਮੇਟਣ ਦਾ ਕੰਮ ਕੀਤਾ ਹੈ। ਪਹਿਲੀ ਤਬਦੀਲੀ, ਬਾਗ ਵਿੱਚ ਦਾਖਲ ਹੋਣ ਲਈ ਸਿਰਫ਼ ਇੱਕ ਪਤਲੀ ਜਿਹੀ ਗਲੀ, ਜਿਸ ਵਿੱਚ ਜਨਰਲ ਡਾਇਰ ਆਵਦੇ 50 ਸਿਪਾਹੀਆਂ ਸਮੇਤ ਦਾਖਲ ਹੋਇਆ ਸੀ, ਦੀ ਦਿੱਖ ਬਦਲ ਕੇ ਕੰਧਾਂ ’ਤੇ ਹੱਸਦੇ-ਖੇਡਦੇ ਮਸਤੀ ਵਿੱਚ ਜਾਂਦੇ ਲੋਕਾਂ ਦੇ ਬੁੱਤ ਦੋਵੇਂ-ਪਾਸੇ ਲਗਾ ਦਿੱਤੇ ਹਨ। ਇਹਨਾਂ ਬੁੱਤਾਂ ਰਾਹੀਂ ਇਹ ਪ੍ਰਭਾਵ ਜਾਂਦਾ ਹੈ ਕਿ ਜਿਵੇਂ ਕਿ ਲੋਕੀਂ ਵਿਸਾਖੀ ਦੇ ਤਿਉਹਾਰ ’ਤੇ ਜਾਣ ਲਈ ਜਲਿਆਂ ਵਾਲੇ ਬਾਗ ਵਿਚ ਇਕੱਠੇ ਹੋਏ ਸਨ। ਜਦਕਿ ਇਤਿਹਾਸਕ ਤੱਥ ਹੈ ਕਿ ਲੋਕੀਂ ਇਸ ਲਈ ਨਹੀਂ, ਸਗੋਂ ਅੰਗਰੇਜ਼ਾਂ ਵੱਲੋਂ ਪਾਸ ਕੀਤੇ ਕਾਲ਼ੇ ਕਾਨੂੰਨ ਰੋਲੈਟ ਐਕਟ ਵਿਰੁੱਧ ਚੱਲ ਰਹੇ ਸੰਘਰਸ਼ ਤਹਿਤ ਅਤੇ ਆਪਣੇ ਆਗੂਆਂ ਸੈਫੂਦੀਨ ਕਿਚਲੂ ਅਤੇ ਸੱਤਿਆਪਾਲ ਦੀ ਗ੍ਰਿਫਤਾਰੀ ਵਿਰੁੱਧ ਰੋਸ-ਮੁਜ਼ਾਹਰੇ ਲਈ ਇਕੱਠੇ ਹੋਏ ਸਨ। ਅੱਗੇ ਤੁਰਨ ਤੋਂ ਪਹਿਲਾਂ ਜਲਿਆਂ ਵਾਲਾ ਬਾਗ ਦੇ ਖ਼ੂਨੀ ਸਾਕੇ ਦੀ ਇਤਿਹਾਸਕ ਪਿੱਠਭੂਮੀ ਦਾ ਜਿਕਰ ਕਰਨਾ ਕੁਥਾਂ ਨਹੀਂ ਹੋਵੇਗਾ।



ਗ਼ਦਰ ਲਹਿਰ ਤੋਂ ਮਗਰੋਂ ਪਹਿਲੀ ਸੰਸਾਰ ਜੰਗ ਤੋਂ ਬਾਅਦ ਦੇਸ਼ ਦੇ ਲੋਕਾਂ ਅੰਦਰ ਅੰਗਰੇਜ਼ ਹਕੂਮਤ ਪ੍ਰਤੀ ਰੋਹ ਅੰਗੜਾਈਆਂ ਭਰਨ ਲੱਗਾ ਸੀ। ਪੰਜਾਬ ਨਾ-ਮਿਲਵਰਤਨ ਲਹਿਰ ਦਾ ਗੜ੍ਹ ਬਣ ਗਿਆ ਸੀ। ਇਸੇ ਲੋਕ ਰੋਹ ਤੋਂ ਡਰਦਿਆਂ ਲੋਕਾਂ ਦੀ ਆਵਾਜ਼ ਨੂੰ ਕੁਚਲਣ ਲਈ ਅੰਗਰੇਜ਼ ਬਸਤੀਵਾਦੀਆਂ ਵੱਲੋਂ 18 ਮਾਰਚ, 1919 ਨੂੰ ਰੋਲੈਟ ਐਕਟ ਨਾਂ ਦਾ ਕਾਲਾ ਕਾਨੂੰਨ ਲਾਗੂ ਕੀਤਾ ਗਿਆ ਜਿਸਦੇ ਵਿਰੋਧ ਵਿੱਚ ਪੂਰੇ ਮੁਲਕ ਪੱਧਰ ’ਤੇ 6 ਅਪ੍ਰੈਲ ਦਾ ਦਿਨ ਇਸ ਦੇ ਵਿਰੋਧ ਲਈ ਮਿਥਿਆ ਗਿਆ। ਇਸੇ ਤਹਿਤ 30 ਮਾਰਚ ਨੂੰ ਹੀ ਅੰਮ੍ਰਿਤਸਰ ਵਿੱਚ ਇਸ ਐਕਟ ਦਾ ਜ਼ਬਰਦਸਤ ਵਿਰੋਧ ਵੇਖਣ ਨੂੰ ਮਿਲ਼ਿਆ, ਜਦੋਂ ਰੈਲੀ ਵਿੱਚ ਤੀਹ ਹਜ਼ਾਰ ਤੋਂ ਵੱਧ ਲੋਕਾਂ ਨੇ ਮੁਜ਼ਾਹਰਿਆਂ ਵਿੱਚ ਸ਼ਮੂਲੀਅਤ ਕੀਤੀ। ਇਹਨਾਂ ਮੁਜ਼ਾਹਰਿਆਂ ਵਿੱਚ ਵੱਡੀ ਗਿਣਤੀ ਔਰਤਾਂ ਵੀ ਸ਼ਾਮਲ ਹੋਈਆਂ। 6 ਅਪ੍ਰੈਲ ਦੇ ਦਿਨ ਨੂੰ ਵੀ ਲਾਹੌਰ ਅਤੇ ਨੇੜੇ ਪੈਂਦੇ ਅੰਮ੍ਰਿਤਸਰ ਸ਼ਹਿਰ ਦੋਹਾਂ ਵਿੱਚ ਹੀ ਲੋਕਾਂ ਦੀ ਲਾਮਿਸਾਲ ਇਕੱਠ ਹੋਇਆ। ਇਸ ਤੋਂ ਇਲਾਵਾ ਰਾਵਲਪਿੰਡੀ, ਗੁੱਜਰਾਂਵਾਲਾ, ਸਿਆਲਕੋਟ, ਜਲੰਧਰ, ਲੁਧਿਆਣਾ, ਅੰਬਾਲਾ ਆਦਿ ਸ਼ਹਿਰਾਂ ਵਿੱਚ ਵੀ ਵੱਡੀਆਂ ਰੈਲੀਆਂ ਹੋਈਆਂ। ਰੋਲੈਟ ਐਕਟ ਦਾ ਵਿਰੋਧ ਬਹੁਤ ਵਿਆਪਕ ਸੀ। ਇਹਨਾਂ ਮੁਜ਼ਾਹਰਿਆਂ ਵਿੱਚ ਸਿੱਖ, ਹਿੰਦੂ, ਮੁਸਲਮਾਨ ਦਰਮਿਆਨ ਜਿਹੜੀ ਭਾਈਚਾਰਕ ਸਾਂਝ ਪਈ ਉਹ ਮਿਸਾਲੀ ਸੀ। ਇਸ ਤੋਂ ਬਾਅਦ 9 ਅਪ੍ਰੈਲ ਨੂੰ ਰਾਮਨੌਮੀ ਦੇ ਦਿਹਾੜੇ ਮੌਕੇ ਫਿਰਕਿਆਂ ਦੀ ਇਹੀ ਸਾਂਝ ਹੋਰ ਪੀਡੀ ਹੋਈ, ਜਦੋਂ ਇੱਕ ਹਿੰਦੂ ਤਿਉਹਾਰ ਵਿੱਚ ਵੱਡੀ ਗਿਣਤੀ ਮੁਸਲਮਾਨਾਂ ਅਤੇ ਸਿੱਖਾਂ ਨੇ ਸ਼ਮੂਲੀਅਤ ਕੀਤੀ ਅਤੇ ਇੱਕ ਦੂਜੇ ਦੇ ਭਾਂਡਿਆਂ ਵਿੱਚ ਪਾਣੀ ਵੀ ਪੀਤਾ ਅਤੇ ਪੱਗਾਂ ਵੀ ਵਟਾਈਆਂ। ਲਾਹੌਰ ਦੀ ਬਾਦਸ਼ਾਹੀ ਮਸਜਿਦ ਤੋਂ ਵੀ ਭਾਰੀ ਇਕੱਠ ਨੂੰ ਪਹਿਲੀ ਵਾਰ ਕਿਸੇ ਹਿੰਦੂ ਹਰਕਿਸ਼ਨ ਲਾਲ ਨੇ ਸੰਬੋਧਨ ਕੀਤਾ। ਲੋਕਾਂ ਦਰਮਿਆਨ ਇਸ ਲਾਮਿਸਾਲ ਫਿਰਕੂ ਏਕੇ ਨੇ ਅੰਗਰੇਜ਼ਾਂ ਨੂੰ ਧੁੜਤੜੀ ਛੇੜ ਦਿੱਤੀ ਅਤੇ ਉਹਨਾਂ ਨੇ ਹਰ ਹਾਲਤ ਇਸ ਲਹਿਰ ਨੂੰ ਅੱਗੇ ਵੱਧਣ ਤੋਂ ਰੋਕਣ ਲਈ ਕੋਸ਼ਿਸ਼ਾਂ ਵਿੱਢ ਦਿੱਤੀਆਂ।

ਅੰਮ੍ਰਿਤਸਰ ਰੈਲੀ ਦੇ ਆਗੂਆਂ ਡਾਕਟਰ ਸੈਫੂਦੀਨ ਕਿਚਲੂ ਅਤੇ ਡਾਕਟਰ ਸਤਪਾਲ ਨੂੰ ਗ੍ਰਿਫਤਾਰ ਕਰਕੇ ਧਰਮਸ਼ਾਲਾ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਇਹਨਾਂ ਗ੍ਰਿਫਤਾਰੀਆਂ ਦੀ ਖ਼ਬਰ ਮਿਲਦੇ ਸਾਰ ਲਾਹੌਰ ਅਤੇ ਅੰਮ੍ਰਿਤਸਰ ਦੇ ਲੋਕਾਂ ਨੇ ਉਸੇ ਦਿਨ ਹੜਤਾਲ ਦਾ ਐਲਾਨ ਕਰ ਦਿੱਤਾ। ਐਨਾ ਵੱਡਾ ਹੁੰਗਾਰਾ ਵੇਖਕੇ ਅੰਗਰੇਜ਼ ਘਾਬਰ ਗਿਆ ਤੇ ਉਸ ਨੇ ਇਕੱਠ ’ਤੇ ਗੋਲੀਆਂ ਚਲਾਉਣ ਦੇ ਹੁਕਮ ਦੇ ਦਿੱਤੇ। ਤਕਰੀਬਨ 25 ਲੋਕ ਮਾਰੇ ਗਏ, ਜਿਹਨਾਂ ਵਿਚੋਂ ਪੰਜ ਅੰਗਰੇਜ਼ ਵੀ ਲੋਕਾਂ ਦੇ ਇਕੱਠ ਨੇ ਮਾਰ ਸੁੱਟੇ। ਹੜਤਾਲੀਆਂ ਨੇ ਅੰਗਰੇਜ਼ਾਂ ਦੇ ਜ਼ੁਲਮ ਦੀ ਅੱਤ ਦਾ ਜਵਾਬ ਦਿੰਦੇ ਹੋਏ ਬੈਂਕ, ਡਾਕਖਾਨੇ

ਅਤੇ ਰੇਲਵੇ ਸਟੇਸ਼ਨ 'ਤੇ ਹਮਲੇ ਕੀਤੇ। 10 ਅਪ੍ਰੈਲ ਦੀਆਂ ਇਹਨਾਂ ਘਟਨਾਵਾਂ ਤੋਂ ਬਾਅਦ ਇਹ ਸਾਫ਼ ਹੋ ਗਿਆ ਸੀ ਕਿ ਪੰਜਾਬ ਦੇ ਲੋਕ ਗਾਂਧੀ ਦੇ ਸੱਤਿਆਗ੍ਰਹਿ ਦੀਆਂ ਹੱਦਾਂ ਤੋਂ ਪਾਰ ਜਾ ਚੁੱਕੇ ਹਨ। ਇਸੇ ਦਿਨ ਹੀ ਲਾਹੌਰ ਵਿੱਚ ਚੰਨਣ ਦੀਨ ਦੀ ਅਗਵਾਈ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਵੱਲੋਂ ਕੀਤਾ ਗਿਆ ਡੰਡਾ ਮਾਰਚ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਲੋਕਾਂ ਨੇ ਅੰਗਰੇਜ਼ਾਂ ਦੇ ਸ਼ਾਂਤਮਈ ਵਿਰੋਧ ਨਾਲੋਂ ਅੱਗੇ ਵਧਕੇ ਰਾਜ-ਕਾਜ ਅਤੇ ਪ੍ਰਸ਼ਾਸਨ ਦੇ ਸਵਾਲਾਂ ਨੂੰ ਵਿਚਾਰਨਾ ਸ਼ੁਰੂ ਕੀਤਾ ਸੀ। ਹੜਤਾਲੀਆਂ ਦੀ ਹਮਾਇਤ ਵਿੱਚ ਲਾਹੌਰ ਦੇ ਚਾਰ ਹਜ਼ਾਰ ਤੋਂ ਵੀ ਵੱਧ ਰੇਲ ਮੁਲਾਜ਼ਮ ਹੜਤਾਲ 'ਤੇ ਚਲੇ ਗਏ ਅਤੇ ਕਨਸੋਆਂ ਸਨ ਕਿ ਛਾਉਣੀ ਤੋਂ ਵੀ ਫੌਜੀਆਂ ਨੇ ਬਗਾਵਤ ਕਰ ਦਿੱਤੀ ਹੈ। ਪੂਰੇ ਚਾਰ ਦਿਨ, 10 ਅਪ੍ਰੈਲ ਤੋਂ 13 ਅਪ੍ਰੈਲ ਤੱਕ ਲਾਹੌਰ ਵਿੱਚ ਅੰਗਰੇਜ਼ਾਂ ਦਾ ਹੁਕਮ ਨਹੀਂ ਸੀ ਚੱਲਿਆ।

ਹਾਲਤਾਂ ਉੱਤੇ ਕਾਬੂ ਪਾਉਣ ਲਈ ਅੰਗਰੇਜ਼ ਗਵਰਨਰ ਮਾਇਕਲ ਓਡਵਾਇਰ ਨੇ 11 ਅਪ੍ਰੈਲ ਨੂੰ ਜਲੰਧਰ ਛਾਉਣੀ ਤੋਂ ਜਨਰਲ ਡਾਇਰ ਨੂੰ ਸੱਦਿਆ ਅਤੇ 12 ਤਰੀਕ ਨੂੰ ਪੂਰੇ ਲਾਹੌਰ ਅਤੇ ਅੰਮ੍ਰਿਤਸਰ ਵਿੱਚ ਮਾਰਸ਼ਲ ਲਾਅ ਲਾ ਦਿੱਤਾ ਗਿਆ। 13 ਅਪ੍ਰੈਲ ਨੂੰ ਸਵੇਰੇ ਅੰਗਰੇਜ਼ਾਂ ਵੱਲੋਂ ਕਿਸੇ ਕਿਸਮ ਦੇ ਇਕੱਠ ਕਰਨ ਦੀ ਮਨਾਹੀ ਕਰਦੀ ਮੁਨਾਦੀ ਕਰਵਾ ਦਿੱਤੀ ਗਈ। ਇਸ ਦਿਨ ਜਨਰਲ ਡਾਇਰ ਜਲਿਆਂ ਵਾਲਾ ਬਾਗ ਵਿਖੇ ਆਪਣੇ ਪੰਜਾਹ ਫੌਜੀਆਂ ਨਾਲ ਭੀੜੀ ਗਲ਼ੀ ਵਿੱਚੋਂ ਦਾਖਲ ਹੋਇਆ ਅਤੇ ਕਾਲ਼ੇ ਕਾਨੂੰਨ ਵਿਰੁੱਧ ਚੱਲ ਰਹੀ ਮੀਟਿੰਗ ਨੂੰ ਸ਼ਾਂਤੀ ਨਾਲ ਸੁਣ ਰਹੇ ਨਿਹੱਥੇ ਲੋਕਾਂ ਦੇ ਇਕੱਠ 'ਤੇ ਬੇਰਹਿਮੀ ਨਾਲ ਗੋਲੀਆਂ ਚਲਾਉਣ ਦਾ ਹੁਕਮ ਦੇ ਦਿੱਤਾ ਗਿਆ। ਕੁੱਲ 1650 ਗੋਲੀਆਂ ਵਰ੍ਹਾਈਆਂ ਗਈਆਂ। ਡਾਇਰ ਨੇ ਆਪਣੇ ਹਲਫ਼ਨਾਮੇ ਵਿੱਚ ਇਹ ਕਬੂਲਿਆ ਕਿ ਜੇ ਮਸ਼ੀਨ ਗੰਨਾਂ ਨਾਲ ਲੱਦੀਆਂ ਗੱਡੀਆਂ ਅੰਦਰ ਆ ਸਕਦੀਆਂ ਤਾਂ ਉਹ ਉਹਨਾਂ ਨੂੰ ਵੀ ਵਰਤਦਾ, ਉਸ ਦਾ ਮਕਸਦ ਸਿਰਫ਼ ਇਕੱਠੇ ਹੋਏ ਲੋਕਾਂ ਨੂੰ ਮਾਰਨਾ ਨਹੀਂ ਸਗੋਂ ਸਮੁੱਚੇ ਪੰਜਾਬ ਦੇ ਲੋਕਾਂ ਅੰਦਰ ਦਹਿਸ਼ਤ ਭਰਨਾ ਸੀ। ਇਸ ਦਿਨ ਹਜ਼ਾਰਾਂ ਜਾਨਾਂ ਗਈਆਂ ਅਤੇ ਹੋਰ ਸੈਂਕੜੇ ਲੋਕੀਂ ਜ਼ਖ਼ਮੀ ਹੋਏ।

ਇਸ ਇਤਿਹਾਸ ਨੂੰ ਜਾਣਦੇ ਵਿਅਕਤੀ ਲਈ ਇਹ ਬੁੱਝਣਾ ਔਖਾ ਨਹੀਂ ਕਿ ਇਹਨਾਂ ਬੁੱਤਾਂ ਨਾਲ ਇਸ ਇਤਿਹਾਸਕ ਪਿੱਠਭੂਮੀ ਨੂੰ ਪੂਰੀ ਤਰ੍ਹਾਂ ਮਿੱਟੀ ਵਿੱਚ ਰੋਲ਼ਣ ਦੀ ਕੋਸ਼ਿਸ਼ ਕੀਤੀ ਗਈ ਹੈ। ਜਿੱਥੇ ਇਸਦੇ ਅੰਦਰ ਜਾਣ ਦਾ ਰਸਤਾ ਸਾਡੇ ਮਨਾਂ ਅੰਦਰ ਅੰਗਰੇਜ਼ ਹਾਕਮਾਂ ਵਿਰੁੱਧ ਇੱਕ ਰੋਹ ਭਰਦਾ ਹੈ, ਕਾਲ਼ੇ ਕਾਨੂੰਨਾਂ ਤੇ ਅਨਿਆ ਵਿਰੁੱਧ ਜੂਝ-ਮਰਨ ਦਾ ਮਾਦਾ ਭਰਦਾ ਹੈ, ਅੱਜ ਉੱਥੇ ਮੌਜ-ਮੇਲਾ ਕਰਦੇ ਜਾਂਦੇ ਲੋਕਾਂ ਨੂੰ ਵਿਖਾਕੇ ਇਸ ਭਾਵ ਨੂੰ ਖੇਹ ਕਰ ਦਿੱਤਾ ਗਿਆ ਹੈ। ਇਹ ਵੀ ਜ਼ਿਕਰਯੋਗ ਹੈ ਕਿ ਖ਼ੂਨੀ ਸਾਕੇ ਵੇਲੇ ਬਾਗ ਨੂੰ ਅੰਦਰ ਆਉਣ ਅਤੇ ਬਾਹਰ ਜਾਣ ਦਾ ਸਿਰਫ਼ ਇੱਕ ਹੀ ਰਾਹ ਸੀ। ਇਹੀ ਵਜਾਹ ਸੀ ਕਿ ਲੋਕੀਂ ਬੁੱਚੜ ਡਾਇਰ ਦੀਆਂ ਗੋਲੀਆਂ ਤੋਂ ਨਹੀਂ ਬਚ ਸਕੇ, ਪਰ ਹੁਣ ਅੰਦਰ ਆਉਣ ਅਤੇ ਬਾਹਰ ਜਾਣ ਦੇ ਵੱਖੋ-ਵੱਖਰੇ ਰਾਹ ਬਣਾਕੇ ਇਸ ਇਤਿਹਾਸ ਨੂੰ ਹੀ ਖਤਮ ਕਰ ਦਿੱਤਾ ਗਿਆ ਹੈ। ਸ਼ਹੀਦੀ ਖੂਹ ਦਾ ਮੁਹਾਂਦਰਾ ਵੀ ਬਦਲ ਦਿੱਤਾ ਗਿਆ ਹੈ। ਸ਼ਹੀਦੀ ਖੂਹ, ਜਿਸ ਵਿੱਚ ਜ਼ਾਲਮ ਅੰਗਰੇਜ਼ ਤੇ ਉਸਦੇ ਸਿਪਾਹੀਆਂ ਦੀਆਂ ਗੋਲੀਆਂ ਤੋਂ ਬਚਣ ਲਈ ਲੋਕਾਂ ਨੇ ਛਾਲਾਂ ਮਾਰ ਦਿੱਤੀਆਂ ਸਨ, ਨੂੰ ਚਾਰੇ ਪਾਸਿਆਂ ਤੋਂ ਸ਼ੀਸ਼ੇ ਲਗਾਕੇ ਬੰਦ ਕਰ ਦਿਤਾ ਗਿਆ। ਜਿਸ ਚਬੂਤਰੇ ਉੱਤੇ ਰੱਖ ਕੇ ਜਨਰਲ ਡਾਇਰ ਨੇ ਮਸ਼ੀਨਗੰਨ ਚਲਵਾਈ ਸੀ, ਉਸ ਚਬੂਤਰੇ ਨੂੰ ਵੀ ਢਾਹਕੇ, ਫਰਸ਼ ਉੱਤੇ ਮਹਿਜ ਇੱਕ ਨਿਸ਼ਾਨਦੇਹੀ ਕਰ ਦਿੱਤੀ ਹੈ। ਸਾਕੇ ਵਾਲੇ ਦਿਨ ਅੰਨ੍ਹੇਵਾਹ ਚਲਾਈਆਂ ਗੋਲੀਆਂ, ਜਿਸ ਵਿੱਚ ਤਕਰੀਬਨ 1800 ਲੋਕੀਂ ਸ਼ਹੀਦ ਹੋਏ ਸਨ, ਕੰਧਾਂ ਵਿੱਚ ਜਾ ਕੇ ਲੱਗੀਆਂ ਸਨ। ਜਿਸ ਨਾਲ ਕੰਧਾਂ 'ਚ ਬਣੇ ਗੋਲੀਆਂ ਦੇ ਨਿਸ਼ਾਨ ਬਸਤੀਵਾਦੀ ਹਕੂਮਤ ਦੇ ਜ਼ੁਲਮ ਦੀ ਅੱਤ ਨੂੰ ਪੇਸ਼ ਕਰਦੇ ਸਨ। ਪਰ ਨਵੀਨੀਕਰਨ ਦੇ ਪ੍ਰੋਜੈਕਟ ਹੇਠ ਸਿਰਫ ਦੋ ਕੰਧਾਂ 'ਤੇ ਨਿਸ਼ਾਨਾਂ ਨੂੰ ਸੰਭਾਲਿਆ ਗਿਆ ਅਤੇ ਉਹਨਾਂ ਦੀ ਪੁਰਾਤਨ ਦਿੱਖ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਗਿਆ ਹੈ।

ਰਾਤ ਦੇ ਕੀਤੇ ਜਾਂਦੇ ਲਾਈਟ ਅਤੇ ਸਾਊਂਡ ਸ਼ੋਅ ਰਾਹੀਂ ਵੀ ਜਲਿਆਂ ਵਾਲਾ ਬਾਗ ਦੇ ਖ਼ੂਨੀ ਸਾਕੇ ਦੇ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕੀਤਾ ਜਾਂਦਾ ਹੈ। ਇਹ ਸ਼ੋਅ 13 ਅਪ੍ਰੈਲ 1919 ਨੂੰ ਵਾਪਰੇ ਖ਼ੂਨੀ ਸਾਕੇ ਦਾ ਜਸ਼ਨ ਮਨਾਉਂਦਾ ਪ੍ਰਤੀਤ ਹੁੰਦਾ ਹੈ। ਪੀੜ, ਦਰਦ, ਗੁੱਸਾ ਅਤੇ ਹੱਕ-ਸੱਚ ਲਈ ਲੜਨ-ਜੂਝਣ ਦਾ ਜਜਬਾ ਸਿਰਜਣ ਦੀ ਬਜਾਏ, ਇੱਥੇ ਅੰਨ੍ਹੇ ਕੌਮਪ੍ਰਸਤ ਗੀਤਾਂ ਦੀ ਪੇਸ਼ਕਾਰੀ ਜ਼ਰੀਏ ਕਤਲੇਆਮ ਦਾ ਜਸ਼ਨ ਮਨਾਇਆ ਜਾਂਦਾ ਹੈ। ਇਸਤੋਂ ਇਲਾਵਾ ਰਾਸ਼ਟਰੀ ਸਵੈਸੇਵਕ ਸੰਘ ਦੀ ਭਾਜਪਾ ਸਰਕਾਰ ਦੇ ਸੌੜੇ ਤੇ ਕੋਝੇ ਹਿਤ ਪੂਰਨ ਲਈ ਇਸ ਸ਼ੋਅ ਵਿੱਚ ਅੰਨ੍ਹੀ ਕੌਮ ਪ੍ਰਸਤੀ ਨੂੰ ਪ੍ਰਚਾਰਿਆ ਜਾਂਦਾ ਹੈ। ਪਰ ਬਸਤੀਵਾਦ ਵਿਰੋਧੀ ਸੁਰ ਇਸ ਵਿੱਚੋਂ ਬਿਲਕੁਲ ਗਾਇਬ ਹੈ। ਬਾਗ਼ ਦੇ ਮੈਦਾਨਾਂ ਦੀ ਵੀ ਕੁੱਲ ਪੁਰਾਤਨ ਦਿੱਖ ਬਦਲਕੇ ਇਸਨੂੰ ਆਧੁਨਿਕ ਅਤਿ ਸੁੰਦਰ ਪਾਰਕਾਂ ਵਿੱਚ ਬਦਲਕੇ ਇੱਕ ਸੈਰਗਾਹ ਬਣਾ ਦਿੱਤਾ ਗਿਆ ਹੈ। ਲਿਸ਼ਕਦੀਆਂ ਨਵੀਆਂ ਫਰਸ਼ਾਂ ਖ਼ੂਨੀ ਸਾਕੇ ਨੂੰ "ਆਲੀਸ਼ਾਨ" ਦਿੱਖ ਦਿੰਦੀਆਂ ਹਨ। ਇਹ ਸਾਰੀਆਂ ਤਬਦੀਲੀਆਂ ਸਾਕੇ ਦੇ ਡਰਾਉਣੇ ਦ੍ਰਿਸ਼ ਦਾ

ਜਸ਼ਨ ਮਨਾਉਣਾ ਨਹੀਂ ਤਾਂ ਹੋਰ ਕੀ ਹੈ?

ਇਸ ਦੇ ਸਮੇਤ ਹੋਰ ਵੀ ਕਈ ਤਬਦੀਲੀਆਂ ਜਰੀਏ ਇਸ ਬਾਗ ਦੇ ਇਤਿਹਾਸ ਨੂੰ ਬਦਲਣ ਅਤੇ ਮਿਟਾਉਣ ਦੀਆਂ ਗੁੱਝੀਆਂ ਕੋਸ਼ਿਸ਼ਾਂ ਦੇ ਸਬੂਤ ਮਿਲਦੇ ਹਨ। ਜਿਵੇਂ ਸ਼ਹੀਦੀ ਸਮਾਰਕ ਕੋਲ ਪਾਣੀ ਦੇ ਤਲਾਅ ਵਿੱਚ ਕਮਲ ਦੇ ਫੁੱਲ ਲਗਾਕੇ ਭਾਜਪਾ ਨੇ ਆਵਦੇ ਕੋਝੇ ਮਨਸ਼ਿਆਂ ਨੂੰ ਪੇਸ਼ ਕੀਤਾ ਹੈ ਅਤੇ ਇਹ ਸ਼ਹੀਦਾਂ ਦੀ ਸਤਿਕਾਰਤ ਯਾਦਗਾਰ ਨੂੰ ਭਾਜਪਾ/ਆਰ.ਐਸ.ਐਸ. ਦੀ ਫਿਰਕੂ ਸਿਆਸਤ ਨਾਲ ਜੋੜਨ ਦੀ ਕੋਸ਼ਿਸ਼ ਹੈ। ਸ਼ਹੀਦਾਂ ਦੀ ਯਾਦ ਵਿੱਚ ਸਥਾਪਤ ਸ਼ਹੀਦੀ ਲਾਟ ਵੀ ਢੁਕਵੀਂ ਥਾਂ ਤੋਂ ਬਦਲਕੇ ਹੋਰ ਪਿੱਛੇ ਕਰ ਦਿੱਤੀ ਹੈ। ਬਾਗ ਵਿੱਚ ਸਥਾਪਤ ਮਿਊਜੀਅਮਾਂ ਵਿੱਚ ਅਜ਼ਾਦੀ ਦੀ ਲੜਾਈ ਵਿੱਚ ਸ਼ਹੀਦ ਹੋਏ ਕਈ ਸ਼ਹੀਦਾਂ ਦੇ ਨਾਂ ਹੀ ਗਾਇਬ ਹਨ ਜਾਂ ਕਈਆਂ ਦੇ ਨਾਮ ਗਲਤ ਲਿਖੇ ਹੋਏ ਹਨ। ਖਾਸ ਕਰਕੇ ਮੁਸਲਿਮ ਸ਼ਹੀਦਾਂ ਨੂੰ ਜਾਣ ਬੁੱਝ ਕੇ ਨਜ਼ਰਅੰਦਾਜ਼ ਕੀਤਾ ਗਿਆ ਹੈ। ਗ਼ਦਰ ਪਾਰਟੀ ਦੇ ਬਾਨੀ ਮੀਤ ਪ੍ਰਧਾਨ ਪ੍ਰੋ. ਬਰਕਤ ਉੱਲਾ ਅਤੇ ਸ਼ਹੀਦ ਡਾ. ਹਾਫਿਜ ਮੁਹੰਮਦ ਬਸ਼ੀਰ ਦੇ ਨਾਂ ਵੀ ਨਹੀਂ ਹਨ। ਨਾ ਹੀ ਸ਼ਹੀਦ ਊਧਮ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਸ਼ਹੀਦ ਭਗਤ ਸਿੰਘ ਦੇ ਨਾਮ ਅੱਗੇ 'ਸ਼ਹੀਦ' ਸ਼ਬਦ ਲਗਾਇਆ ਗਿਆ ਹੈ।

ਕਈ ਲੋਕੀਂ ਜਾਣੇ-ਅਣਜਾਣੇ ਹਾਕਮਾਂ ਦੇ ਪਿੱਠੂ ਮੀਡੀਆ ਤੋਂ ਪ੍ਰਭਾਵਿਤ ਹੋ ਕੇ ਇਹਨਾਂ ਤਬਦੀਲੀਆਂ 'ਤੇ ਉੱਠੇ ਇਤਰਾਜਾਂ ਨੂੰ ਗੈਰ ਜ਼ਰੂਰੀ ਦੱਸ ਰਹੇ ਹਨ ਅਤੇ ਯਾਦਗਾਰ ਦੀ ਮੁਰੰਮਤ ਦੀ ਲੋੜ ਦੀ ਗੱਲ ਕਰਦੇ ਹਨ। ਭਾਵੇਂ ਅਜਿਹੀਆਂ ਯਾਦਗਾਰਾਂ ਦੀ ਮੁਰੰਮਤ ਅਤੇ ਸਾਂਭ-ਸੰਭਾਲ ਲਾਜ਼ਮੀ ਹੀ ਜ਼ਿੰਮੇਵਾਰੀ ਨਾਲ ਕੀਤੀ ਜਾਣੀ ਚਾਹੀਦੀ ਹੈ, ਪਰ ਜਲਿਆਂ ਵਾਲਾ ਬਾਗ ਵਿਖੇ ਤਾਂ ਮੁਰੰਮਤ ਨਹੀਂ, ਸਗੋਂ ਸਮੁੱਚੀ ਦਿੱਖ ਹੀ ਮੁੱਢੋਂ ਬਦਲ ਦਿੱਤੀ ਗਈ ਹੈ ਅਤੇ ਇਹ ਬਾਗ ਹੁਣ ਇਤਿਹਾਸ ਦੀ ਇੱਕ ਖਾਸ ਘਟਨਾ ਦਾ ਪ੍ਰਤੀਕ ਨਾ ਰਹਿ ਕੇ ਇੱਕ ਥੀਮ ਪਾਰਕ ਵਧੇਰੇ ਲੱਗਣ ਲੱਗ ਪਿਆ ਹੈ। ਇਹ ਉਸ ਖੂਨੀ ਸਾਕੇ ਦੇ ਸ਼ਹੀਦਾਂ ਨਾਲ ਅਨਿਆ ਹੈ। ਦੁਨੀਆਂ ਦੇ ਕਈ ਮੁਲਕਾਂ ਵਿੱਚ ਅਜਿਹੀਆਂ ਉਦਾਹਰਣਾਂ ਮਿਲਦੀਆਂ ਹਨ, ਜਦੋਂ ਕਿਸੇ ਇਤਿਹਾਸਕ ਘਟਨਾ ਨਾਲ ਸਬੰਧਿਤ ਥਾਵਾਂ ਦੀ ਸਾਂਭ-ਸੰਭਾਲ ਮੁਰੰਮਤ ਵੇਲੇ ਉਸਦੇ ਸਾਂਵੇ ਮੁਹਾਂਦਰੇ ਰੂਪ ਨੂੰ ਕਾਇਮ ਰੱਖਿਆ ਗਿਆ ਤਾਂ ਕਿ ਅੱਜ ਵੀ ਵੇਖਣ 'ਤੇ ਉਹ ਸਥਾਨ ਉਹੀ ਪ੍ਰਭਾਵ ਸਿਰਜੇ। ਬਰਲਿਨ ਵਿਚਲਾ ਯਹੂਦੀ ਮਿਊਜ਼ੀਅਮ ਇਸਦੀ ਜਾਗਦੀ ਮਿਸਾਲ ਹੈ, ਜਿੱਥੇ ਉਸਦੇ ਇਤਿਹਾਸਕ ਰੂਪ ਨੂੰ ਕਾਇਮ ਰੱਖਿਆ ਗਿਆ ਹੈ, ਜੋ ਉਸ ਵੇਲੇ ਦੇ ਦਰਦ ਨੂੰ ਮੁੜ ਚਿਤਵਦਾ ਹੈ। ਪਰ ਭਾਰਤ ਦੀ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਇਹ ਕੋਈ ਅਚੇਤ ਹੋਈ ਭੁੱਲ ਨਹੀਂ ਹੈ, ਸਗੋਂ ਇਹ ਸਭ ਸੋਚੀ ਸਮਝੀ ਸਾਜ਼ਿਸ਼ ਤਹਿਤ ਕੀਤਾ ਗਿਆ ਹੈ। ਜਿਸ ਵਿਚ ਆਜ਼ਾਦੀ ਦੀ ਲੜਾਈ ਦੀ ਇੱਕ ਧਾਰਾ, ਜੋ ਸਿਰਫ਼ ਅੰਗਰੇਜ਼ਾਂ ਤੋਂ ਹੀ ਨਹੀਂ ਸਗੋਂ ਹਰ ਤਰ੍ਹਾਂ ਦੀ ਲੁੱਟ-ਖਸੁੱਟ ਤੋਂ ਆਜ਼ਾਦੀ ਦੀ ਗੱਲ ਕਰਦੀ ਸੀ, ਮਨੁੱਖ ਦੀ ਲੁੱਟ ਦੇ ਖਾਤਮੇ ਦੀ ਗੱਲ ਕਰਦੀ ਸੀ ਅਤੇ ਕਿਰਤੀ ਲੋਕਾਂ ਦੀ ਪੁੱਗਤ ਵਾਲੇ ਸਮਾਜ ਦੀ ਉਸਾਰੀ ਲਈ ਸੰਘਰਸ਼ ਕਰਨ ਦਾ ਸੱਦਾ ਦਿੰਦੀ ਸੀ, ਦੇ ਵਿਚਾਰਾਂ ਅਤੇ ਉਹਨਾਂ ਦੀਆਂ ਯਾਦਗਾਰਾਂ ਨੂੰ ਲੋਕਮਨਾਂ 'ਚੋਂ ਮਿਟਾਉਣ ਦੀ ਕੋਝੀ ਸਿਆਸਤ ਦਾ ਅੰਗ ਹੈ।

ਇਸ ਕਰਕੇ ਜਾਂ ਤਾਂ ਇਸ ਤਰ੍ਹਾਂ ਦੀਆਂ ਯਾਦਗਾਰਾਂ ਨੂੰ ਬਿਲਕੁਲ ਸਾਂਭਿਆਂ ਹੀ ਨਹੀਂ ਜਾਂਦਾ ਅਤੇ ਸਮੇਂ ਨਾਲ ਉਹ ਆਪਣੇ ਆਪ ਢਹਿ ਜਾਂਦੀਆਂ, ਖ਼ਤਮ ਹੋ ਜਾਂਦੀਆਂ ਤੇ ਲੋਕਮਨਾਂ 'ਚੋਂ ਵਿਸਰ ਜਾਂਦੀਆਂ ਹਨ ਜਾਂ ਫਿਰ ਉਹਨਾਂ ਨੂੰ ਨਵੀਨੀਕਰਨ, ਸੁੰਦਰੀਕਰਨ ਦੇ ਨਾਂ ਉੱਤੇ ਉਹਨਾਂ ਦੇ ਅਸਲ ਇਤਿਹਾਸ ਨਾਲੋਂ ਹੀ ਤੋੜ ਦਿੱਤਾ ਜਾਂਦਾ ਹੈ। ਕੇਂਦਰ ਦੀ ਭਾਜਪਾ ਸਰਕਾਰ ਨੇ ਤਾਂ ਹੋਰ ਬੇਸ਼ਰਮੀ ਨਾਲ ਇਸ ਤਰ੍ਹਾਂ ਦੀਆਂ ਯਾਦਗਾਰਾਂ ਜਾਂ ਇਤਿਹਾਸਕ ਸਥਾਨਾਂ ਨੂੰ ਸਰਮਾਏਦਾਰਾਂ ਦੀ ਕਮਾਈ ਦਾ ਸਾਧਨ ਹੀ ਬਣਾ ਦਿੱਤਾ ਹੈ। ਇਤਿਹਾਸਕ ਯਾਦਗਾਰਾਂ ਨੂੰ ਸਾਂਭਣ ਤੋਂ ਕੇਂਦਰ ਸਰਕਾਰ ਆਵਦੇ ਹੱਥ ਖੜ੍ਹੇ ਕਰ ਚੁੱਕੀ ਹੈ, ਜਿਸ ਕਰਕੇ ਬਜਟ ਵਿਚੋਂ ਇਸ ਮਦ ਹੇਠ ਕੋਈ ਰਕਮ ਰਾਖਵੀਂ ਨਹੀਂ ਰੱਖੀ ਜਾਂਦੀ। ਨਿੱਜੀਕਰਨ ਦੀ ਨੀਤੀ ਤਹਿਤ ਕੇਂਦਰ ਸਰਕਾਰ ਕਈ ਇਤਿਹਾਸਕ ਯਾਦਗਾਰਾਂ ਨੂੰ ਸਰਮਾਏਦਾਰਾਂ ਦੀ ਝੋਲੀ ਗਹਿਣੇ ਪਾ ਚੁੱਕੀ ਹੈ। ਸਾਲ 2017 ਵਿੱਚ ਭਾਜਪਾ ਸਰਕਾਰ ਨੇ "ਇੱਕ ਵਿਰਾਸਤ ਗੋਦ ਲਓ" ਦੀ ਨੀਤੀ ਬਣਾਈ। ਜਿਸ ਤਹਿਤ ਸਰਮਾਏਦਾਰਾਂ ਅੱਗੇ ਯਾਦਗਾਰਾਂ ਸਾਂਭਣ ਦੀ ਪੇਸ਼ਕਸ਼ ਕੀਤੀ ਗਈ ਅਤੇ ਇਹਦੇ ਬਦਲੇ ਸਰਮਾਏਦਾਰਾਂ ਨੂੰ ਇਹਨਾਂ ਯਾਦਗਾਰਾਂ ਨੂੰ ਸੈਰ-ਸਪਾਟੇ ਦੀ ਥਾਂ ਵਜੋਂ ਵਿਕਸਤ ਕਰਕੇ ਕਮਾਈਆਂ ਕਰਨ ਦੀ ਖੁੱਲ੍ਹੀ ਛੁੱਟੀ ਦਿੱਤੀ ਗਈ। ਭਾਵੇਂ ਜਲਿਆਂ ਵਾਲਾ ਬਾਗ ਦੀ ਦਿੱਖ ਸਬੰਧੀ ਉੱਠੇ ਵਿਵਾਦ ਮਗਰੋਂ ਕਿਹਾ ਜਾ ਰਿਹਾ ਹੈ ਕਿ ਇਹ ਨਵੀਨੀਕਰਨ ਪੁਰਾਤੱਤਵ ਸਰਵੇਖਣ ਸੰਸਥਾ ਅਤੇ ਕੌਮੀ ਇਮਾਰਤ ਉਸਾਰੀ ਕਾਰਪੋਰੇਸ਼ਨ ਲਿਮਟਿਡ ਦੀ ਦੇਖ-ਰੇਖ ਵਿੱਚ ਹੋਇਆ ਹੈ, ਪਰ ਅਸਲ ਵਿੱਚ ਇਸਦਾ ਟੈਂਡਰ ਗੁਜਰਾਤੀ ਮੂਲ ਦੀ ਇੱਕ ਕੰਪਨੀ ਵਾਮਾ ਕੰਮਿਊਨੀਕੇਸ਼ਨ ਨੂੰ ਮਿਲਿਆ ਸੀ ਅਤੇ ਸਾਰਾ ਕੰਮ ਇਸ ਕੰਪਨੀ ਨੇ ਹੀ ਕਰਵਾਇਆ ਹੈ। ਇਸੇ ਲਈ ਬਾਗ ਦੇ ਬਾਹਰ ਫੀਸ ਵਸੂਲੀ ਦੀਆਂ ਅਤਿ ਆਧੁਨਿਕ ਮਸ਼ੀਨਾਂ ਭਵਿੱਖ ਵਿੱਚ ਇਸੇ ਕੰਪਨੀ ਦੀ ਆਮਦਨੀ ਖਾਤਰ ਹਨ।

ਬਾਕੀ ਪੰਨਾ 49 'ਤੇ




ਬਾਲ ਪੰਨਾ

-ਬੂਟਾ ਸਿੰਘ ਵਾਕਫ਼

ਛੋਟਾ ਪਰ ਖ਼ਤਰਨਾਕ ਜੀਵ : ਮੱਛਰ

ਜਦ ਕਦੀ ਵੀ ਸਾਡੇ ਮਨ-ਮਸਤਕ ਵਿਚ ਖ਼ਤਰਨਾਕ ਜਾਨਵਰਾਂ ਦੀ ਗੱਲ ਆਉਂਦੀ ਹੈ ਤਾਂ ਦਿਮਾਗ ਅੰਦਰ ਸਭ ਤੋਂ ਜਹਿਰੀਲੇ ਅਤੇ ਖ਼ੂੰ-ਖਾਰ ਜਾਨਵਰਾਂ ਦੀ ਤਸਵੀਰ ਹੀ ਉਭਰਦੀ ਹੈ। ਅਸੀਂ ਆਮ ਤੌਰ ਤੇ ਸ਼ੇਰ, ਚੀਤੇ, ਸੱਪਾਂ ਤੇ ਹੋਰ ਜੰਗਲੀ ਜਾਨਵਰਾਂ ਨੂੰ ਬੇਹੱਦ ਖ਼ਤਰਨਾਕ ਜਾਨਵਰ ਸਮਝਦੇ ਹਾਂ। ਕਈ ਵਾਰ ਸਾਡੇ ਪਾਲਤੂ ਜਾਨਵਰ ਵੀ ਕਿਸੇ ਹੱਦ ਤੱਕ ਖ਼ਤਰਨਾਕ ਸਾਬਤ ਹੋ ਸਕਦੇ ਹਨ। ਸ਼ਾਇਦ ਅਸੀਂ ਹਾਲੇ ਵੀ ਇਸ ਗੱਲ ਤੋਂ ਅਣਜਾਣ ਹੋਵਾਂਗੇ ਕਿ ਉਕਤ ਦਰਸਾਏ ਜਾਨਵਰਾਂ ਤੋਂ ਵੀ ਵਧੇਰੇ ਖ਼ਤਰਨਾਕ ਇੱਕ ਹੋਰ ਜੀਵ ਹੈ। ਇਹ ਛੋਟਾ ਜੀਵ ਹੈ-ਮੱਛਰ। ਮੱਛਰ ਸੰਸਾਰ ਭਰ ਵਿਚ ਸਭ ਤੋਂ ਵੱਧ ਬਿਮਾਰੀਆਂ ਫੈਲਾਉਣ ਵਾਲਾ ਅਤੇ ਵੱਧ ਮੌਤਾਂ ਲਈ ਜ਼ਿੰਮੇਵਾਰ ਹੈ। ਇਹ ਦੁਨੀਆਂ ਦਾ ਸਭ ਤੋਂ ਘਾਤਕ ਜੀਵ ਮੰਨਿਆ ਜਾ ਸਕਦਾ ਹੈ। Mosquito ਸਪੈਨਿਸ਼ ਭਾਸ਼ਾ ਤੋਂ ਲਿਆ ਗਿਆ ਸ਼ਬਦ ਹੈ ਜਿਸ ਦਾ ਭਾਵ ਹੈ 'ਛੋਟੀ ਮੱਖੀ'।




ਮੱਛਰ ਹੋਰਨਾਂ ਖ਼ੂੰ-ਖਾਰ ਜਾਨਵਰਾਂ ਵਾਂਗ ਮਨੁੱਖ 'ਤੇ ਸਿੱਧਾ ਹਮਲਾ ਕਰਕੇ ਉਨ੍ਹਾਂ ਨੂੰ ਆਪਣਾ ਸ਼ਿਕਾਰ ਨਹੀਂ ਬਣਾਉਂਦਾ। ਮੱਛਰ ਕੋਲ ਇੱਕ ਸਭ ਤੋਂ ਸ਼ਕਤੀਸ਼ਾਲੀ ਹਥਿਆਰ ਹੈ। ਇਸ ਹਥਿਆਰ ਦਾ ਨਾਮ ਹੈ 'ਬਿਮਾਰੀਆਂ।' ਜੀ, ਹਾਂ, ਮੱਛਰ ਮਨੁੱਖਾਂ ਅੰਦਰ ਬਿਮਾਰੀਆਂ ਫੈਲਾ ਕੇ ਪਹਿਲਾਂ ਉਨ੍ਹਾਂ ਨੂੰ ਬਿਮਾਰ ਕਰਦਾ ਹੈ, ਤੇ ਫਿਰ ਜੇਕਰ ਮਨੁੱਖ ਸਮੇਂ ਸਿਰ ਇਲਾਜ ਨਹੀਂ ਕਰਵਾਉਂਦਾ ਤਾਂ ਉਸ ਦਾ ਨਤੀਜਾ ਮੌਤ ਹੁੰਦਾ ਹੈ। ਇਸ ਤਰ੍ਹਾਂ ਸੰਸਾਰ ਦੇ ਸਭ ਤੋਂ ਵੱਧ ਲੋਕ ਮੱਛਰਾਂ ਦੇ ਸ਼ਿਕਾਰ ਬਣਦੇ ਹਨ।

ਮੱਛਰ ਇੱਕ ਖ਼ਤਰਨਾਕ ਜੀਵ : ਮੱਛਰ ਸਿਰਫ਼ ਸਾਡਾ ਖ਼ੂਨ ਚੂਸਣ ਵਾਲੇ ਜੀਵ ਹੀ ਨਹੀਂ ਹਨ। ਇਹ ਨਾ ਸਿਰਫ਼ ਕੱਟਣ ਕਾਰਣ ਕੁਝ ਸਮੇਂ ਲਈ ਸਾਡੀ ਚਮੜੀ 'ਤੇ ਖਾਰਸ਼ ਦਾ ਕਾਰਣ ਬਣਦੇ ਹਨ, ਸਗੋਂ ਵੱਡੇ ਪੱਧਰ 'ਤੇ ਬਿਮਾਰੀਆਂ ਫੈਲਾਉਣ ਦਾ ਕਾਰਣ ਬਣਦੇ ਹਨ। ਵਾਇਰਸ (Viruses) ਤੇ ਪਰਜੀਵੀਆਂ (Parasites) ਰਾਹੀਂ ਹੋਣ ਵਾਲੀਆਂ ਅਨੇਕਾਂ ਬਿਮਾਰੀਆਂ ਨੂੰ ਮਨੁੱਖ ਤੋਂ ਮਨੁੱਖ ਵਿਚ ਫੈਲਾਉਣ ਲਈ ਮੱਛਰ ਮੁੱਖ ਤੌਰ 'ਤੇ ਜ਼ਿੰਮੇਵਾਰ ਹੁੰਦੇ ਹਨ। ਜੇਕਰ ਇੱਕ ਮਾਦਾ ਮੱਛਰ ਬਿਮਾਰੀ ਤੋਂ ਪੀੜਤ ਕਿਸੇ ਮਨੁੱਖ ਜਾਂ ਜਾਨਵਰ ਦਾ ਖ਼ੂਨ ਚੂਸ ਲੈਂਦਾ ਹੈ ਤਾਂ ਇਹ ਮੱਛਰ ਤੰਦਰੁਸਤ ਮਨੁੱਖਾਂ/ਜੀਵਾਂ ਵਿਚ ਵੀ ਆਸਾਨੀ ਨਾਲ ਬਿਮਾਰੀਆਂ ਪੈਦਾ ਕਰਨ ਦੇ ਸਮਰੱਥ ਹੁੰਦਾ ਹੈ। ਮੱਛਰ ਭਾਵੇਂ ਖ਼ੂੰ-ਖਾਰ ਜਾਨਵਰਾਂ ਵਾਂਗ ਕਿਸੇ ਮਨੁੱਖ ਜਾਂ ਜਾਨਵਰ ਨੂੰ ਸਿੱਧੇ ਤੌਰ 'ਤੇ ਨਹੀਂ ਨਿਗਲਦਾ ਪਰ ਇਹ ਸਿੱਧੇ ਤੌਰ 'ਤੇ ਨਿਗਲਣ ਵਾਲੇ ਜਾਨਵਰਾਂ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੈ। ਇਹ ਸਭ ਤੋਂ ਜ਼ਿਆਦਾ ਵਾਇਰਲ ਇਨਫੈਕਸ਼ਨ ਫੈਲਾਉਂਦਾ ਹੈ। ਇਹੀ ਕਾਰਣ ਹੈ ਜਿਸ ਕਰਕੇ ਮੱਛਰ ਸਭ ਤੋਂ ਖਤਰਨਾਕ ਜੀਵ ਦੇ ਰੂਪ ਵਿਚ ਸਾਡੇ ਸਾਹਮਣੇ ਆਉਂਦਾ ਹੈ।




ਮੱਛਰਾਂ ਦੀਆਂ ਕਿਸਮਾਂ : ਸੰਸਾਰ ਭਰ ਵਿਚ ਮੱਛਰਾਂ ਦੀਆਂ 3500 ਦੇ ਕਰੀਬ ਕਿਸਮਾਂ ਪਾਈਆਂ ਜਾਂਦੀਆਂ ਹਨ। ਇਨ੍ਹਾਂ ਵਿਚੋਂ 200 ਕਿਸਮਾਂ ਅਜਿਹੀਆਂ ਹਨ ਜਿਹੜੀਆਂ ਮਨੁੱਖਾਂ 'ਤੇ ਹਮਲਾ ਕਰਨ ਲਈ ਜ਼ਿੰਮੇਵਾਰ ਬਣਦੀਆਂ ਹਨ। ਅੱਗੇ ਇਨ੍ਹਾਂ ਵਿਚੋਂ ਤਿੰਨ ਵਿਸ਼ੇਸ਼ ਪ੍ਰਜਾਤੀਆਂ ਹਨ ਜਿਹੜੀਆਂ ਮਨੁੱਖਾਂ ਵਿਚ ਖ਼ਤਰਨਾਕ ਬਿਮਾਰੀਆਂ ਜਿਵੇਂ ਮਲੇਰੀਆ, ਪੀਲਾ ਬੁਖ਼ਾਰ ਆਦਿ ਫੈਲਾਉਣ ਲਈ ਜਾਣੀਆਂ ਜਾਂਦੀਆਂ ਹਨ। ਇਨ੍ਹਾਂ ਤਿੰਨ ਪ੍ਰਜਾਤੀਆਂ ਦੇ ਨਾਮ ਹਨ - ਏਨਾਫਲੀਜ਼ (Anopheles), ਕੁਲੇਅਕਸ (Culex) ਤੇ ਏਡੀਜ਼ (Aedes)



ਮੱਛਰਾਂ ਦਾ ਖਾਤਮਾ ਇੱਕ ਮੁਸ਼ਕਿਲ ਕਾਰਜ : ਵੱਡੀਆਂ ਬਿਮਾਰੀਆਂ ਫੈਲਾਉਣ ਵਾਲੇ ਇਨ੍ਹਾਂ ਮੱਛਰਾਂ ਨੂੰ ਖਤਮ ਕਰਨਾ ਹਾਲੇ ਸੰਭਵ ਨਹੀਂ। ਤੁਸੀਂ ਚਾਹੇ ਕਿੰਨੀਆਂ ਵੀ ਮੱਛਰਮਾਰ ਦਵਾਈਆਂ ਦਾ ਸਪਰੇ ਕਰਦੇ ਹੋਵੋਗੇ। ਮੱਛਰ ਮਾਰਨ ਵਾਲੇ ਇਲੈਕਟ੍ਰਾਨਿਕ

ਯੰਤਰਾਂ ਦੀ ਵਰਤੋਂ ਵੀ ਕਰਦੇ ਹੋਵੋਗੇ। ਹਰ ਰੋਜ਼ ਸੌਣ ਵਾਲੇ ਕਮਰਿਆਂ ਨੂੰ ਮੱਖੀ-ਮੱਛਰ ਰਹਿਤ ਰੱਖਣ ਦੀ ਪੂਰੀ ਕੋਸ਼ਿਸ਼ ਕਰਦੇ ਹੋਵੋਗੇ ਪਰ ਮੱਛਰਾਂ ਦੀ ਫੌਜ਼ ਦਾ ਅੰਤ ਹਾਲੇ ਸੰਭਵ ਨਹੀਂ। ਪ੍ਰਜਨਣ ਕਿਰਿਆ ਦੇ ਸਮੇਂ ਦੌਰਾਨ ਮੱਛਰਾਂ ਦੀ ਆਬਾਦੀ ਕੀੜੀਆਂ ਦੀ ਆਬਾਦੀ ਨੂੰ ਛੱਡ ਕੇ ਸਾਰੇ ਹੋਰਨਾਂ ਜੀਵਾਂ ਤੋਂ ਵਧੇਰੇ ਹੁੰਦੀ ਹੈ। ਕੁਦਰਤ ਵੀ ਇਨ੍ਹਾਂ ਛੋਟੇ ਜੀਵਾਂ ਦਾ ਸਫ਼ਾਇਆ ਅਚਾਨਕ ਹੀ ਨਹੀਂ ਕਰ ਸਕਦੀ।

ਮੱਛਰ ਹਰ ਜਗਾਹ ਮੌਜੂਦ : ਭੂ ਮੱਧ ਰੇਖਾ ਦੇ ਤਾਪ-ਖੰਡੀ ਤੇ ਨਮੀ ਵਾਲੇ ਖੇਤਰਾਂ ਵਿਚ ਮੱਛਰਾਂ ਦੀ ਸੰਘਣੀ ਆਬਾਦੀ ਪਾਈ ਜਾਂਦੀ ਹੈ। ਇਸ ਦਾ ਇਹ ਮਤਲਬ ਨਹੀਂ ਕਿ ਧਰਤੀ ਦੇ ਗਰਮ ਤੇ



ਖ਼ੁਸ਼ਕ ਖੇਤਰਾਂ ਵਿਚ ਮੱਛਰ ਨਹੀਂ ਮਿਲਦੇ। ਮੱਛਰ ਕੈਨੇਡਾ ਦੇ ਠੰਡੇ ਤਾਪ ਖੇਤਰਾਂ ਵਿਚ ਵੀ ਮਿਲਦੇ ਹਨ। ਇਹ ਕਾਫ਼ੀ ਹੱਦ ਤੱਕ ਖ਼ੁਦ ਨੂੰ ਠੰਡ ਤੇ ਗਰਮੀ ਤੋਂ ਬਚਾਉਣ ਦੇ ਸਮਰੱਥ ਵੀ ਹਨ। ਮੱਛਰਾਂ ਨੇ ਅੰਟਾਰਕਟਿਕਾ ਤੇ ਇਸ ਦੇ ਲਾਗਲੇ ਕੁਝ ਟਾਪੂਆਂ ਅਤੇ ਆਈਸਲੈਂਡ ਦੇ ਟਾਪੂ ਨੂੰ ਛੱਡ ਕੇ ਦੁਨੀਆਂ ਦੇ ਹਰ ਮਹਾਂਦੀਪ ’ਤੇ ਆਪਣਾ ਕਬਜ਼ਾ ਜਮਾਇਆ ਹੋਇਆ ਹੈ ਤੇ ਆਪਣੀ ਦਹਿਸ਼ਤ ਮਚਾਈ ਹੋਈ ਹੈ। ਅਸੀਂ ਆਪਣੇ ਕਮਰਿਆਂ ਵਿਚ ਰਾਤ ਸਮੇਂ ਮੱਛਰ ਮਾਰਨ ਵਾਲੇ ਆਰਜ਼ੀ ਪ੍ਰਬੰਧਾਂ ਰਾਹੀਂ ਭਾਵੇਂ ਮੱਛਰਾਂ ’ਤੇ ਕਾਬੂ ਪਾ ਸਕਦੇ ਹਾਂ ਪਰ ਧਰਤੀ ਨੂੰ ਹਾਲ ਦੀ ਘੜੀ ਮੱਛਰਾਂ ਤੋਂ ਮੁਕਤ ਕਰਨ ਦੇ ਸਮਰੱਥ ਨਹੀਂ ਹਾਂ।

ਆਈਸਲੈਂਡ ਦਾ ਨਕਸ਼ਾ



ਬਿਮਾਰੀਆਂ ਦੇ ਫੈਲਾਅ ਲਈ ਵੱਧ ਜ਼ਿੰਮੇਵਾਰ : ਮੱਛਰ ਇਨਸਾਨਾਂ ਤੇ ਹੋਰਨਾਂ ਜੀਵਾਂ ਵਿਚ ਬਿਮਾਰੀਆਂ ਫੈਲਾਉਣ ਲਈ ਸਭ ਤੋਂ ਵੱਧ ਜ਼ਿੰਮੇਵਾਰ ਜੀਵ ਹੈ। ਜਿਵੇਂ ਕਿ ਉਪਰ ਦੱਸਿਆ ਗਿਆ ਹੈ ਕਿ ਇਹ ਅਨੇਕਾਂ ਵਾਇਰਸਾਂ ਅਤੇ ਪਰਜੀਵੀਆਂ ਲਈ ਬਿਮਾਰੀਆਂ ਫੈਲਾਉਣ ਵਿਚ ਸਭ ਤੋਂ ਵੱਧ ਮਦਦਗਾਰ ਸਾਬਤ ਹੁੰਦਾ ਹੈ। ਬਿਮਾਰੀਆਂ ਦੇ ਵਾਹਕ ਹੋਣ ਕਰਕੇ ਮੱਛਰ ਆਬਾਦੀ ਦੇ ਇੱਕ ਮਹੱਤਵਪੂਰਨ ਹਿੱਸੇ ਨੂੰ ਬਿਮਾਰੀਆਂ ਦਾ ਸ਼ਿਕਾਰ ਬਣਉਂਦੇ ਹਨ। ਹਰ ਸਾਲ ਅਨੇਕਾਂ ਮਨੁੱਖ ਮੱਛਰ ਦੇ ਇਸ ਰੋਲ ਸਦਕਾ ਮੌਤ ਦੇ ਮੂੰਹ ਵਿਚ ਚਲੇ ਜਾਂਦੇ ਹਨ। ਇਹ ਛੋਟੇ ਜੀਵ ਸਭ ਤੋਂ ਵੱਧ ਬਿਮਾਰੀਆਂ ਦੇ ਵਾਹਕ ਬਣਦੇ ਹਨ। ਇਹ ਬਹੁਤ ਸਾਰੀਆਂ ਬਿਮਾਰੀਆਂ ਜਿਵੇਂ ਚਿਕਨਗੁਨੀਆ (Chikungunya), ਪੀਲਾ ਬੁਖ਼ਾਰ (Yellow fever), ਪੱਛਮੀ ਨੀਲ ਵਾਇਰਸ (Western Nile Virus), ਡੇਂਗੂ ਬੁਖ਼ਾਰ (Dengue fever), ਫਾਈਲਾਰੀਆਸਿਸ (Filariasis), ਐਲੀਫੈਂਥਿਆਸਿਸ (Elephantiasis), ਜੀਕਾ ਵਾਇਰਸ (Zika virus) ਤੇ ਖਾਸ ਕਰਕੇ ਮਲੇਰੀਆ (Malaria) ਵਰਗੀਆਂ ਬਿਮਾਰੀਆਂ ਫੈਲਾਉਣ ਲਈ ਜ਼ਿੰਮੇਵਾਰ ਹੁੰਦੇ ਹਨ। ਇਨਾਂ ਬਿਮਾਰੀਆਂ ਨਾਲ ਪੀੜਤ ਲੱਖਾਂ ਲੋਕ ਹਰ ਸਾਲ ਮੌਤ ਦੇ ਮੂੰਹ ਵਿਚ ਜਾ ਡਿਗਦੇ ਹਨ।

ਮੱਛਰ ਸਭ ਤੋਂ ਵੱਧ ਮੌਤਾਂ ਦਾ ਕਾਰਣ ਬਣਦੇ ਹਨ : ਸੰਸਾਰ ਭਰ ਵਿਚ ਜੇਕਰ ਸਿਰਫ਼ ਤੁਲਨਾ ਕਰਨ ਦੇ ਨਜ਼ਰੀਏ ਨਾਲ ਵੇਖੀਏ ਤਾਂ



ਸਭ ਤੋਂ ਘਾਤਕ ਮੰਨੇ ਜਾਣ ਵਾਲੇ ਜਾਨਵਰ ਗ੍ਰੇਟ ਵਾਈਟ ਸ਼ਾਰਕ ਦੀ ਲਪੇਟ ਵਿਚ ਹਰ ਸਾਲ ਦੁਨੀਆਂ ਦੇ ਲਗਭਗ ਇੱਕ ਡੇਢ ਦਰਜਨ ਲੋਕ ਹੀ ਆਉਂਦੇ ਹਨ। ਸਭ ਤੋਂ ਖ਼ਤਰਨਾਕ ਹਿੱਪੋ ਸਾਲ ਭਰ ਵਿਚ ਕਰੀਬ 500 ਮਨੁੱਖਾਂ ਦੀ ਜਾਨ ਲੈਣ ਦਾ ਕਾਰਣ ਬਣਦਾ ਹੈ। ਮਗਰਮੱਛਾਂ ਦੀ ਸਭ ਤੋਂ ਖ਼ਤਰਨਾਕ ਪ੍ਰਜਾਤੀ ਜਿਹੜੀ ਕਿ ਸੰਸਾਰ ਭਰ ਦੇ ਖਾਰੇ ਪਾਣੀਆਂ ਵਿਚ ਪਾਈ ਜਾਂਦੀ ਹੈ, ਹਰ ਸਾਲ ਕਰੀਬ 800 ਤੋਂ 1000 ਮਨੁੱਖਾਂ ਦੀ ਮੌਤ ਦਾ ਕਾਰਣ ਬਣਦੀ ਹੈ। ਜ਼ਹਿਰੀਲੇ ਸੱਪ ਵੀ ਕਿਸੇ ਹੱਦ ਤੱਕ ਇਨਸਾਨੀ ਜਾਨ ਲੈਣ ਦਾ ਕਾਰਣ ਬਣਦੇ ਹਨ। ਇਹ ਗਿਣਤੀ ਸੰਸਾਰ ਪੱਧਰ ਤੇ ਹਰ ਸਾਲ ਔਸਤਨ ਇੱਕ ਲੱਖ ਦੇ ਕਰੀਬ ਬਣਦੀ ਹੈ। ਪਰ ਜੇਕਰ ਇਨ੍ਹਾਂ ਮੌਤਾਂ ਦੀ ਤੁਲਨਾ ਮੱਛਰਾਂ ਦੁਆਰਾ ਹੋਣ ਵਾਲੀਆਂ ਮੌਤਾਂ ਨਾਲ ਕੀਤੀ ਜਾਵੇ ਤਾਂ ਇਹ ਗਿਣਤੀ ਬੇਹੱਦ ਤੁੱਛ ਨਜ਼ਰ ਆਵੇਗੀ। ਮੱਛਰ ਅਜਿਹੇ ਰਿਕਾਰਡ ਦਾ ਮਜ਼ਾਕ ਉਡਾਉਂਦੇ ਨਜ਼ਰ ਆਉਂਦੇ ਹਨ। ਮਾਹਿਰਾਂ ਵੱਲੋਂ ਲਗਾਏ ਗਏ ਅੰਦਾਜ਼ਿਆਂ ਅਨੁਸਾਰ ਮੱਛਰ ਹਰ ਸਾਲ ਸੰਸਾਰ ਭਰ ਦੇ ਲਗਭਗ 70 ਕਰੋੜ ਲੋਕਾਂ ਨੂੰ ਬਿਮਾਰੀਆਂ ਦਾ

ਬਾਕੀ ਪੰਨਾ 44 ’ਤੇ

ਬਾਤਾਂ ਉਮਰ ਅਤੇ ਸਿਹਤਮੰਦ ਬੁਢਾਪੇ ਦੀਆਂ-8



ਬੁਢਾਪਾ ਅਤੇ ਫਰੀ ਰੈਡੀਕਲ

ਡਾ. ਸੁਰੇਸ਼ ਰਤਨ

ਡਾਕਟਰ ਸੁਰੇਸ਼ ਰਤਨ ਇਕ ਜੀਵ-ਵਿਗਿਆਨੀ ਹਨ ਜੋ ਮਨੁੱਖੀ ਉਮਰ ਤੇ ਬੁਢਾਪੇ ਬਾਰੇ ਆਪਣੀਆਂ ਵਿਗਿਆਨਕ ਖੋਜਾਂ ਕਰਕੇ ਸੰਸਾਰ ਪ੍ਰਸਿੱਧ ਹਨ। ਉਹ ਅੱਜ ਕੱਲ੍ਹ ਡੈਨਮਾਰਕ ਵਿਖੇ ਰਹਿ ਰਹੇ ਹਨ। ਇਹ ਲੇਖ ਉਨ੍ਹਾਂ ਦੇ ਕਰੋਨਾ ਵਾਇਰਸ ਕਰਕੇ ਲੌਕ-ਡਾਊਨ ਦਰਮਿਆਨ, ਅਪ੍ਰੈਲ-ਮਈ 2020 ਵਿੱਚ ਕੀਤੀ ਹੋਈ ਇਕ ਅਠੱਤੀ ਗੱਲਾਂ ਬਾਤਾਂ ਦੀ ਫੇਸਬੁੱਕ ਦੀ ਲੜੀ ਜੋ ਯੂ-ਟਿਊਬ 'ਤੇ ਵੀ ਸੁਣੀ ਜਾ ਸਕਦੀ ਹੈ, ਦਾ ਲਿਖਤੀ ਰੂਪਾਂਤਰਣ ਹੈ, ਜਿਸਨੂੰ ਅਸੀਂ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। ਇਸ ਵਾਰ ਪੇਸ਼ ਹੈ ਲੜੀ ਨੰਬਰ 19 ਤੇ 20। – ਸੰਪਾਦਕ

ਕੌਸਮੈਟਿਕਸ ਬਾਰੇ ਪਹਿਲਾਂ ਇਹ ਹੀ ਪ੍ਰਚਾਰ ਰਹਿੰਦਾ ਸੀ ਕਿ ਇਹ ਸਿਰਫ ਔਰਤਾਂ ਦੀ ਹੀ ਜ਼ਰੂਰਤ ਹੈ ਜਾਂ ਖੂਬਸੂਰਤ ਲਗਣਾ, ਜੁਆਨ ਲਗਣਾ ਸਿਰਫ ਔਰਤਾਂ ਹੀ ਚਾਹੁੰਦੀਆਂ ਹਨ। ਫਿਰ ਕੌਸਮੈਟਿਕ ਕੰਪਨੀਆਂ ਨੂੰ ਲੱਗਿਆ ਕਿ ਮਰਦਾਂ ਦੀ ਆਬਾਦੀ ਤਾਂ ਅਸੀਂ ਛੱਡੀ ਹੀ ਬੈਠੇ ਹਾਂ। ਇਹ ਵੀ ਸਾਹਮਣੇ ਆਇਆ ਕਿ ਦੋ ਗੱਲਾਂ ਲਈ ਮਰਦਾਂ ਨੂੰ ਜਿਹੜਾ ਮਰਜ਼ੀ ਕੌਸਮੈਟਿਕ ਵੇਚ ਦਿਉ: ਇਕ ਗੰਜੇਪਣ ਦਾ ਇਲਾਜ ਤੇ ਦੂਜਾ ਮਰਦਾਨਗੀ ਤਾਕਤ ਦੀ ਦਵਾ । ਪਰ ਯਾਦ ਰੱਖੋ ਵਿਗਿਆਨਕ ਖੋਜ ਅਨੁਸਾਰ ਵਾਲ ਉਗਾਉਣ ਦੀ ਕੋਈ ਵੀ ਕੌਸਮੈਟਿਕ ਅਜੇ ਕੰਮ ਨਹੀਂ ਕਰਦੀ। ਹਾਂ, ਸਿਰਫ ਏਨਾ ਹੋ ਸਕਦਾ ਹੈ ਕਿ ਤੁਹਾਡੇ ਹੀ ਵਾਲ ਲੈਕੇ ਟਰਾਂਸਪਲਾਂਟ ਕਰ ਦਿੱਤੇ ਜਾਣ। ਇਸੇ ਤਰ੍ਹਾਂ ਚਮੜੀ ਦੀਆਂ ਬਹੁਤੀਆਂ ਕਰੀਮਾਂ ਸਿਰਫ਼ ਚਮੜੀ ਦੀ ਨਮੀ ਨੂੰ ਬਣਾ ਕੇ ਰੱਖਣ ਦਾ ਕੰਮ ਕਰਦੀਆਂ ਹਨ। ਤਾਂ ਫਿਰ ਤੁਸੀਂ ਸੋਚਦੇ ਹੋਵੋਗੇ ਕਿ ਇਹ ਕੰਪਨੀਆਂ ਕਿਵੇਂ ਆਪਣਾ ਸਮਾਨ ਵੇਚਦੀਆਂ ਹਨ ? ਮੁੱਖ ਤਾਂ ਹੈ ਮਸ਼ਹੂਰ ਹੀਰੋ-ਹੀਰੋਇਨਾਂ, ਖਿਡਾਰੀ, ਰਾਜਨੀਤਕ ਨੇਤਾ, ਫ਼ੈਸ਼ਨ-ਮਾਡਲਸ ਵਗੈਰਾ ਦੁਆਰਾ ਕੀਤੀ ਜਾਂਦੀ ਇਸ਼ਤਿਹਾਰਬਾਜ਼ੀ । ਮਸ਼ਹੂਰ ਹਸਤੀਆਂ ਜਿਸ ਕੌਸਮੈਟਿਕ ਦੀ ਸਿਫ਼ਾਰਸ਼ ਕਰਦੀਆਂ ਹਨ ਉਹ ਦੇਖ ਕੇ ਅਸੀਂ ਸੋਚਦੇ ਹਾਂ ਕਿ ਹਾਂ ਮੈਂ ਵੀ ਤਾਂ ਇਹਦੇ ਵਰਗਾ ਖੁਬਸੂਰਤ ਦਿਸਣਾ ਚਾਹੁੰਦਾ ਹਾਂ। ਪਰ ਉਨ੍ਹਾਂ ਨੂੰ ਇਹ ਕਰਨ ਲਈ ਲੱਖਾਂ ਰੁਪਏ ਮਿਲਦੇ ਹਨ। ਦੂਜੀ ਇਸ਼ਤਿਹਾਰਬਾਜ਼ੀ ਉਹ ਹੈ ਜਿਸ ਵਿਚ ਉਨ੍ਹਾਂ ਲੋਕਾਂ ਦੇ ਅਨੁਭਵ ਸਾਂਝੇ ਕੀਤੇ ਜਾਂਦੇ ਹਨ ਜਿਹੜੇ ਕਹਿੰਦੇ ਹਨ ਕਿ ਉਨ੍ਹਾਂ ਨੇ ਇਹ ਕਰੀਮ ਵਰਤੀ ਤੇ ਉਨ੍ਹਾਂ ਨੂੰ ਇਹ-ਇਹ ਫ਼ਰਕ ਪਿਆ। ਕਈ ਵਾਰ ਇਨ੍ਹਾਂ ਕਰੀਮਾਂ ਵਗੈਰਾ ਦੀ ਅਜਿਹੀ ਸਿਫ਼ਾਰਸ਼ ਕਰਨ ਵਾਲੇ ਨੇ ਕਿਸੇ ਵਿਗਿਆਨੀ ਵਰਗੇ ਜਾਂ ਡਾਕਟਰ ਵਰਗੇ ਕੱਪੜੇ ਪਾਏ ਹੁੰਦੇ ਹਨ। ਪਰ ਇਨ੍ਹਾਂ ਚੀਜ਼ਾਂ ਨੂੰ ਵਰਤਣ ਤੋਂ ਹਮੇਸ਼ਾ ਸਾਵਧਾਨ ਰਹੋ। ਇਸ ਤਰ੍ਹਾਂ ਦੀ ਇਸ਼ਤਿਹਾਰਬਾਜ਼ੀ ਦੇ ਅਸਰ ਹੇਠ ਕੋਈ ਕੌਸਮੈਟਿਕ ਨਾ ਵਰਤੋ । ਕਿਸੇ ਚੰਗੇ ਕੌਸਮੈਟਿਕ ਦੇ ਬਾਜ਼ਾਰ ਵਿਚ ਆਉਣ ਲਈ ਲੈਬ ਦੇ ਟੈਸਟ ਤੋਂ ਲੈਕੇ ਬੰਦਿਆਂ 'ਤੇ ਵਰਤ ਕੇ ਸਿੱਟੇ ਦੇਖਣ ਤੱਕ ਲੰਮਾ ਸਮਾਂ ਲਗਦਾ ਹੈ ।

ਸਿਹਤ ਠੀਕ ਰੱਖਣ ਲਈ ਮੀਲੀਊ ਯਾਨਿ ਬਾਹਰੀ ਵਾਤਾਵਰਣ ਵਿੱਚ ਇਕ ਹੋਰ ਜਿਸ ਗੱਲ ਦਾ ਬੜਾ ਮਹੱਤਵ ਹੈ ਉਹ ਹੈ ਸਰੀਰਕ ਮਾਲਿਸ਼। ਇਸਦਾ ਖੂਨ ਦੀ ਗਤੀ ਤੇ ਦਿਲ ਦੀ ਸਿਹਤ ਠੀਕ ਰਖਣ ਵਿਚ ਤਾਂ ਰੋਲ ਹੈ ਹੀ, ਇਹ ਮਾਨਸਿਕ ਰੂਪ ਵਿਚ ਛੋਹ ਦੀ ਭੁੱਖ ਵੀ ਪੂਰੀ ਕਰਦੀ ਹੈ। ਇਸ ਵਿਚ ਮੈਂ ਕਾਮ ਭਾਵਨਾ ਦੀ ਗੱਲ ਨਹੀਂ ਕਰ ਰਿਹਾ। ਇਕ ਹੋਰ ਰੁਝਾਨ ਹੈ ਕਿ ਜੋ ਵੀ ਰਸਾਇਣ ਜਾਂ ਹਾਰਮੋਨ ਵਗੈਰਾ ਬੁਢੇਪੇ ਵਿਚ ਘਟ ਹੋ ਰਿਹਾ ਹੈ ਉਹ ਬਾਹਰੋਂ ਗੋਲੀਆਂ ਖਾਕੇ ਜਾਂ ਟੀਕੇ ਨਾਲ ਪੂਰੀ ਕਰ ਲਵੋ। ਪਰ ਇਸਦਾ ਸਰੀਰ ਨੂੰ ਬਹੁਤੀ ਵਾਰ ਨੁਕਸਾਨ ਹੁੰਦਾ ਹੈ। ਜਿਵੇਂ ਮੈਂ ਪਹਿਲਾਂ ਦਸਿਆ ਹੈ ਕਿ ਅਸਲ ਵਿਚ ਸਰੀਰ ਜਿਉਣਾ ਚਾਹੁੰਦਾ ਹੈ ਤੇ ਸਰੀਰ ਵਿਚ ਚੀਜਾਂ ਦਾ ਵਧਣਾ ਘਟਣਾ ਅਸਲ ਵਿੱਚ ਜਿਉਂਦੇ ਰਹਿਣ ਲਈ ਸੰਘਰਸ਼ ਦਾ ਸਿੱਟਾ ਹੁੰਦਾ ਹੈ। ਇਸਦੀ ਸਭ ਤੋਂ ਵਧੀਆ ਉਦਾਹਰਣ ਸੈਕਸ ਹਾਰਮੋਨ ਹਨ। 45 – 50 ਸਾਲ ਦੀ ਉਮਰ ਵਿਚ ਜਾਕੇ ਬੰਦਿਆਂ ਵਿਚ ਟੈਸਟੋਸਟਿਰੋਨ ਤੇ ਔਰਤਾਂ ਵਿਚ ਇਸਟਰੋਜਨ ਇਹ ਥੋੜੇ-ਥੋੜੇ ਘਟਣੇ ਸ਼ੁਰੂ ਹੋ ਜਾਂਦੇ ਹਨ, ਤੇ ਇਨ੍ਹਾਂ ਦੀ ਪੂਰਤੀ ਲਈ ਐਵੇਂ ਬਾਹਰੋਂ ਦਵਾਈ ਨਹੀਂ ਖਾਣੀ ਚਾਹੀਦੀ। ਐਵੋਲੂਸ਼ਨ ਵਿੱਚੋਂ ਲੰਘ ਕੇ ਵਿਕਸਤ ਹੋਏ ਸਰੀਰ ਨੂੰ ਇਹ ਪਤਾ ਹੁੰਦਾ ਹੈ ਕਿ ਹੁਣ ਅਗਲੀ ਪੀੜ੍ਹੀ ਦਾ ਜਨਮ ਨਹੀਂ ਹੋਣਾ ਹੈ ਤਾਂ ਉਹ ਇਸ ਹਾਰਮੋਨ ਨੂੰ ਘੱਟ ਕਰ ਦਿੰਦੀ ਹੈ। ਜਾਨਵਰਾਂ 'ਤੇ ਲੈਬ ਵਿਚ ਕੀਤੇ ਗਏ ਤਜਰਬਿਆਂ ਤੋਂ ਇਹੀ ਗਲ ਸਾਹਮਣੇ ਆਈ ਕਿ ਉਹਨਾਂ ਜਾਨਵਰਾਂ ਦੀ ਉਮਰ ਲੰਮੀ ਹੋਈ ਜਿਨ੍ਹਾਂ ਵਿਚ ਹਾਰਮੋਨ ਘਟਾਏ ਗਏ। ਬੰਦਿਆਂ ਦੀ ਲੰਮੀ ਉਮਰ ਲਈ ਇਸ ਹਾਰਮੋਨ ਦਾ ਘਟ ਜਾਣਾ ਜ਼ਰੂਰੀ ਹੈ। ਜੇਕਰ ਘਟੇ ਹੋਏ ਹਾਰਮੋਨ ਕੋਈ ਬਿਮਾਰੀ ਪੈਦਾ ਕਰ ਦਿੰਦੇ ਹਨ ਜਿਵੇਂ ਜੇਕਰ

ਇਹਦੇ ਘਟਣ ਨਾਲ ਤੁਹਾਨੂੰ ਕੋਈ ਮਾਨਸਿਕ ਸਮੱਸਿਆ ਆ ਜਾਂਦੀ ਹੈ ਜਾਂ ਤੁਹਾਡੀ ਨੀਂਦ ਖਰਾਬ ਹੁੰਦੀ ਹੈ ਤਾਂ ਬਾਹਰੋਂ ਹਾਰਮੋਨ ਲੈਣ ਨਾਲ ਕੁੱਝ ਫਾਇਦਾ ਹੋ ਸਕਦਾ ਹੈ। ਪਰ ਮੋਟੇ ਤੌਰ 'ਤੇ ਇਹ ਤਰਕ ਕਿ, ਬੁਢੇਪਾ ਆਉਣ ਨਾਲ ਸਰੀਰ ਵਿਚ ਜੋ ਜੋ ਰਸਾਇਣ ਘਟੇ ਹਨ ਉਹ ਬਾਹਰੋਂ ਲੈਕੇ ਪੂਰੇ ਕਰ ਲੈਣ ਨਾਲ ਜੁਆਨ ਹੋ ਜਾਵਾਂਗੇ, ਤਾਂ ਇੰਝ ਨਹੀਂ ਹੁੰਦਾ। ਇਸੇ ਤਰ੍ਹਾਂ ਬੁਢਾਪੇ ਵਿੱਚ ਬਲੱਡ ਪ੍ਰੈਸ਼ਰ ਵੀ 5-10 % ਵੱਧ ਹੋ ਸਕਦਾ ਹੈ। ਇਹ ਤਬਦੀਲੀਆਂ ਸਰੀਰ ਦੇ ਜਿਉਂਦੇ ਰਹਿਣ ਦੀਆਂ ਜ਼ਰੂਰਤਾਂ ਦਾ ਸਿੱਟਾ ਹਨ। ਦੇਖਾ ਦੇਖੀ ਜਾਂ ਮਾਡਲਸ ਦੇ ਇਸ਼ਤਿਹਾਰ ਦੇਖ ਕੇ ਬਿਨ੍ਹਾਂ ਕਿਸੇ ਸਿਹਤ ਮਾਹਿਰ ਦੀ ਸਲਾਹ ਤੋਂ ਇਹ ਹਾਰਮੋਨ ਲੈਣੇ ਨੁਕਸਾਨਦਾਇਕ ਹੋ ਸਕਦੇ ਹਨ।

ਹੁਣ ਗੱਲ ਕਰਦੇ ਹਾਂ ਇਕ ਬਹੁਤ ਹੀ ਸ਼ਕਤੀਸ਼ਾਲੀ ਅਤੇ ਦਿਲਚਸਪ ਸੰਕਲਪ 'ਫਰੀ ਰੈਡੀਕਲ ਥਿਊਰੀ ਆਫ ਏਜਿੰਗ' ਸੰਬੰਧੀ। ਫਰੀ-ਰੈਡੀਕਲ ਦਾ ਸੰਕਲਪ ਪ੍ਰਸਿੱਧ ਵਿਗਿਆਨੀ ਡੈਨਹਮ ਹਾਰਮਨ ਨੇ ਦਿੱਤਾ ਸੀ। ਫਰੀ ਰੈਡੀਕਲ ਬਾਰੇ ਖੋਜ ਵਿੱਚ ਵਿਗਿਆਨੀ ਨਵੀਂ ਤੋਂ ਨਵੀਂ ਖੋਜ ਵਿੱਚ ਦਿਲਚਸਪੀ ਦਿਖਾਉਂਦੇ ਆ ਰਹੇ ਹਨ। ਇਕ ਸੰਕਲਪ ਹੈ ਐਂਟੀਆਕਸੀਡੈਂਟ (Antioxidant), ਇਹ ਨਾਂ ਪਿਛਲੇ ਪੰਜਾਹ-ਸੱਠ ਸਾਲਾਂ ਵਿੱਚ ਬਹੁਤ ਮਕਬੂਲ ਹੋਇਆ ਹੈ। ਬੱਚੇ-ਬੱਚੇ ਦੇ ਦਿਮਾਗ ਵਿੱਚ ਘਰ ਕਰ ਗਿਆ ਹੈ। ਆਓ ਆਕਸੀਡੈਂਟ ਅਤੇ ਐਂਟੀਆਕਸੀਡੈਂਟ ਬਾਰੇ ਕੁਝ ਲੋੜੀਦਾ ਜਾਣੀਏ। ਇਹ ਦੋਵੇਂ ਕੈਮੀਕਲ ਹੀ ਹੁੰਦੇ ਹਨ, ਜੋ ਇਕ ਦੂਜੇ ਦੇ ਪ੍ਰਭਾਵ ਨੂੰ ਕੱਟਦੇ ਹਨ। ਜਦੋਂ ਅਸੀਂ ਸਾਹ ਲੈਂਦੇ ਹਾਂ, ਹਵਾ ਸਾਡੇ ਫੇਫੜਿਆਂ ਅੰਦਰ ਚਲੀ ਜਾਂਦੀ ਹੈ। ਹਵਾ ਵਿਚਲੀ ਆਕਸੀਜਨ ਸਾਡੇ ਖ਼ੂਨ ਵਿਚਲੇ ਹਿਉਮੋਗਲੋਬਿਨ ਨਾਲ ਮਿਲ ਕੇ ਸੈੱਲਾਂ ਦੇ ਅੰਦਰ ਪ੍ਰਵੇਸ ਕਰਦੀ ਹੈ। ਇਸ ਆਕਸੀਜਨ ਤੋਂ ਊਰਜਾ ਉਪਜਦੀ ਹੈ। ਇਹੀ ਊਰਜਾ ਏ.ਟੀ.ਪੀ ਅਤੇ ਜੀ.ਟੀ.ਪੀ ਨਾਂ ਦੇ ਅਣੂਆਂ ਜਰੀਏ ਸਰੀਰ ਦੇ ਸਾਰੇ ਕੰਮ ਕਾਜ ਕਰਦੀ ਹੈ। ਸਾਡੇ ਸਰੀਰ ਅੰਦਰ ਆਕਸੀਕਰਨ (Oxidation) ਅਤੇ ਲਘੂਕਰਨ (Reduction) ਦੀਆਂ ਕ੍ਰਿਆਵਾਂ ਹਰ ਸਮੇ ਚੱਲਦੀਆਂ ਹੀ ਰਹਿੰਦੀਆਂ ਹਨ। ਸੈੱਲਾਂ ਵਿੱਚ ਏ.ਟੀ.ਪੀ ਬਨਣ ਦੀ ਪ੍ਰਕਿਰਿਆ ਦੌਰਾਨ ਕਈ ਵਾਰ ਫ੍ਰੀ ਰੈਡੀਕਲ ਉਪਜਦੇ ਹਨ। ਆਕਸੀਜ਼ਨ ਜਦੋਂ ਕ੍ਰਿਆ ਕਰਦੀ ਹੈ ਤੇ ਕਈ ਵਾਰ ਉਨ੍ਹਾ ਦਾ ਰਿਸਾਅ ਹੋ ਜਾਂਦਾ ਹੈ। ਇਸ ਤੋਂ ਆਕਸੀਜਨ ਦੇ ਫਰੀ ਰੈਡੀਕਲ ਉਪਜਦੇ ਹਨ। ਇਹ ਫਰੀ ਰੈਡੀਕਲ ਬੜੇ ਕ੍ਰਿਆਸ਼ੀਲ ਅਤੇ ਤੇਜ ਤਰਾਰ ਹੁੰਦੇ ਹਨ। ਝੱਟ ਕਿਰਿਆ ਕਰਕੇ ਜਾਂ ਤਾਂ ਲਾਭਕਾਰੀ ਦਿਸ ਪੈਂਦੇ ਹਨ ਜਾਂ ਫਿਰ ਸਰੀਰ ਅੰਦਰ ਕਈ ਸਮੱਸਿਆਵਾਂ ਪੈਦਾ ਕਰ ਦਿੰਦੇ ਹਨ। ਪਹਿਲਾਂ ਇਨ੍ਹਾ ਦਾ ਕੋਈ ਇਲਾਜ ਨਹੀਂ ਸੀ ਮਿਲਦਾ।

ਵਿਗਿਆਨੀ ਡੈਨਹਿਮ ਹਾਰਮਨ ਨੇ ਕਿਹਾ ਇਹ ਆਕਸੀਜਨ ਫਰੀ ਰੈਡੀਕਲ ਹੀ ਸਾਰੇ ਪੁਆੜੇ ਦੀ ਜੜ੍ਹ ਹੁੰਦੇ ਹਨ। ਜਿਵੇਂ ਲੋਹੇ ਨੂੰ ਇਸ ਨਾਲ ਮਿਲ ਕੇ ਜੰਗਾਲ ਫੜ੍ਹ ਜਾਂਦਾ ਹੈ, ਉਸੇ ਤਰ੍ਹਾਂ ਇਹ ਸਰੀਰ ਵਿੱਚ ਕਿਰਿਆਵਾਂ ਦੌਰਾਨ ਵਿਗਾੜ ਪੈਦਾ ਕਰਦੇ ਹਨ। ਉਸ ਨੇ ਇਕ 'ਫਰੀ ਰੈਡੀਕਲ ਥਿਊਰੀ ਆਫ ਏਜਿੰਗ' ਦਾ ਸਿਧਾਂਤ ਦਿੱਤਾ ਕਿ ਜੇ ਅਸੀਂ ਆਕਸੀਜਨ ਦਾ ਕੋਈ ਐਟੀਓਕਸੀਡੈਂਟ ਲੱਭ ਲਈਏ ਜੋ ਸਰੀਰ ਅੰਦਰਲੇ ਫਰੀ ਰੈਡੀਕਲਾਂ ਦਾ ਮੁਕਾਬਲਾ ਕਰ ਸਕਣ ਤਾਂ ਇਸ ਦੇ ਪ੍ਰਭਾਵ ਨੂੰ ਖਤਮ ਕੀਤਾ ਜਾ ਸਕਦਾ ਹੈ। ਖੋਜੀਆਂ ਨੂੰ ਤਾਂ ਇਹ ਇਕ ਨਵਾਂ ਹੱਲ ਲੱਭ ਪਿਆ ਸੀ। ਇਸ ਤੇ ਬੜੀਆਂ ਖੋਜਾਂ ਹੋਈਆਂ ਅਤੇ ਅੱਜ ਵੀ ਹੋ ਰਹੀਆਂ ਹਨ। ਪਰ ਇਸ ਸਿਧਾਂਤ ਵਿੱਚ ਨਵੀਂ ਖੋਜ ਕਾਰਨ ਕਈ ਤਬਦੀਲੀਆਂ ਵੀ ਆਈਆਂ।

ਮੇਰੀ ਸੰਪਾਦਨਾ ਵਿੱਚ ਛਪਦੇ "ਬਾਇਓ ਜੇਰੋਂਟੋਲੋਜੀ" ਖ਼ੋਜ ਮੈਗਜੀਨ ਵਿੱਚ ਕਾਫੀ ਲੇਖ ਇਸੇ ਬਾਰੇ ਪ੍ਰਕਾਸਤ ਹੁੰਦੇ ਰਹੇ ਹਨ। ਸਵਾਲ ਪੈਦਾ ਹੁੰਦਾ ਹੈ ਕਿ ਇਸ ਥਿਊਰੀ ਨੂੰ ਐਨੀ ਮਕਬੂਲੀਅਤ ਕਿਵੇਂ ਮਿਲੀ ?

ਮੈਂ ਇਕ ਆਯੋਜਨ ਦੌਰਾਨ ਡੈਨਹਮ ਹਾਰਮਨ ਨਾਲ ਇਕ ਮੁਲਾਕਾਤ ਕੀਤੀ ਸੀ ਜਿਸ ਵਿੱਚ ਮੈਂ ਉਨ੍ਹਾਂ ਨੂੰ ਹੋਰ ਕਈ ਸਵਾਲਾਂ ਦੇ ਨਾਲ ਇਹ ਸਵਾਲ ਵੀ ਪੁੱਛਿਆ ਕਿ ਤੁਹਾਡੀ ਥਿਊਰੀ ਨੂੰ ਇਕ ਦਮ ਐਨੀ ਮਕਬੂਲੀਅਤ ਕਿਉਂ ਮਿਲੀ ? ਉਸ ਨੇ ਬੜਾ ਦਿਲਚਸਪ ਜਵਾਬ ਦਿੱਤਾ, "ਸੰਨ 1950 ਦੇ ਕਰੀਬ ਜਦੋਂ ਮੈਂ ਫਰੀ ਰੈਡੀਕਲ ਥਿਊਰੀ ਦਿੱਤੀ ਸੀ, ਉਸ ਵੇਲੇ ਅਮਰੀਕਾ ਵਿੱਚ ਕਮਿਊਨਿਸਟਾਂ ਵਿਰੁੱਧ ਇਕ ਲਹਿਰ ਚੱਲ ਰਹੀ ਸੀ। ਵਿਗਿਆਨੀਆਂ ਤੇ ਵਿਦਵਾਨਾਂ 'ਤੇ 'ਫਰੀ ਥਿੰਕਰ' ਜਾਂ 'ਫਰੀ ਰੈਡੀਕਲ' ਕਹਿ ਕੇ ਕਾਰਵਾਈਆਂ ਕੀਤੀਆਂ ਜਾ ਰਹੀਆਂ ਸਨ। ਇਹ ਸ਼ਬਦ ਫਰੀ ਰੈਡੀਕਲ ਵੀ ਇਸੇ ਲਹਿਰ ਦੌਰਾਨ ਮੇਰੇ ਜਿਹਨ ਵਿੱਚ ਆਇਆ। ਕਿਉਂਕਿ ਕਮਿਊਨਿਸਟ ਵਿਚਾਰਧਾਰਾ ਵਾਲਾ ਰੈਡੀਕਲ ਸ਼ਬਦ ਅਮਰੀਕਨ ਲੋਕਾਂ ਦੀ ਮਾਨਸਿਕਤਾ ਨਾਲ ਜੁੜਿਆ ਹੋਇਆ ਸੀ। ਉਹ ਫ੍ਰੀ ਰੈਡੀਕਲ ਕੈਮੀਕਲ ਨੂੰ ਵੀ ਦੁਸ਼ਮਣ ਸਮਝਣ ਲੱਗ ਪਏ ਅਤੇ ਇਸ ਨੂੰ ਭਜਾਉਣ ਦੀ ਦੌੜ ਲੱਗ ਪਈ। ਆਕਸੀਜਨ ਦੇ ਫਰੀ ਰੈਡੀਕਲ ਦਾ ਮੁਕਾਬਲਾ ਕਰਨ ਵਾਲੇ ਮੇਰੇ ਵਿਚਾਰ ਦਾ ਵੀ ਲਹਿਰ ਦੇ ਨਾਲ ਖੋਜੀਆਂ ਨੇ ਹਾਰਦਿਕ ਸਵਾਗਤ ਕੀਤਾ। ਖੋਜੀ ਆਕਸੀਜਨ ਦੇ ਫਰੀ ਰੈਡੀਕਲ ਨੂੰ ਵੱਸ ਵਿੱਚ ਕਰਨ ਵਿੱਚ ਜੁੱਟ ਗਏ। ਇਸ ਕਰਕੇ ਅਨੇਕਾਂ ਖੋਜ ਪੱਤਰ ਲਿਖੇ ਗਏ ਅਤੇ ਹੁਣ ਵੀ ਲਿਖੇ ਜਾ ਰਹੇ ਹਨ। ਫਰੀ ਰੈਡੀਕਲ ਵੱਸ ਵਿੱਚ ਕਰਨ

ਬਾਕੀ ਪੰਨਾ 39 'ਤੇ

ਅਖੰਡ ਭਾਰਤ



ਹੇਮ ਰਾਜ ਸਟੈਨੋ

ਹਿੰਦੂਤਵਵਾਦੀ ਤਾਕਤਾਂ ਵੱਲੋਂ ਕਦੇ ਦਬਵੀਂ ਸੁਰ 'ਚ ਕਦੇ ਉੱਚੀ ਸੁਰ 'ਚ ਅਖੰਡ ਭਾਰਤ ਬਣਾਉਣ ਦੀ ਗੱਲ ਤੋਰੀ ਜਾਂਦੀ ਹੈ। ਅੱਜ ਅਸੀਂ ਇਸ 'ਤੇ ਚਰਚਾ ਕਰਨ ਜਾ ਰਹੇ ਹਾਂ। ਕੀ ਪਹਿਲਾਂ ਸਾਡਾ ਦੇਸ਼ ਅਖੰਡ ਸੀ ? ਇਹ ਸਵਾਲ ਇਸ ਲਈ ਹੈ ਕਿ ਜੇਕਰ ਪਹਿਲਾਂ ਸਾਡਾ ਦੇਸ਼ ਅਖੰਡ ਸੀ ਤੇ ਬਾਅਦ 'ਚ ਖੰਡਿਤ ਹੋ ਗਿਆ ਤਾਂ ਹੀ ਇਹ ਸਵਾਲ ਸੁਭਾਵਿਕ ਹੀ ਉੱਠ ਸਕਦਾ ਹੈ ਕਿ ਇਸ ਨੂੰ ਅਖੰਡ ਬਣਾਇਆ ਜਾਵੇ।

ਹੁਣ ਇਸ 'ਤੇ ਵਿਚਾਰ-ਚਰਚਾ ਕਰਦੇ ਹਾਂ।

ਸ਼ੁਰੂ ਸ਼ੁਰੂ 'ਚ ਸਾਡੇ ਦੇਸ਼ ਦਾ ਨਾਮ ਹਿੰਦੁਸਤਾਨ ਪਿਆ। ਕਿਉਂ ? ਪ੍ਰਾਚੀਨ ਸਮਿਆਂ ਅੰਦਰ ਕਿਉਂਕਿ ਇਸ ਖਿੱਤੇ 'ਚ ਸੱਤ ਨਦੀਆਂ ਵਹਿੰਦੀਆਂ ਸਨ, ਇਸ ਲਈ ਸਾਡੇ ਇਸ ਭੂਗੋਲਿਕ ਖਿੱਤੇ ਨੂੰ ਸਪਤ-ਸਿੰਧੂ ਕਿਹਾ ਜਾਂਦਾ ਸੀ। ਇਸ ਦਾ ਮੁੱਖ ਕੇਂਦਰ ਸਿੰਧ ਨਦੀ ਦੁਆਲੇ ਸੀ। ਆਰੀਅਨ ਲੋਕਾਂ ਦੇ ਆਉਣ ਤੋਂ ਮਗਰੋਂ ਇੱਥੇ ਪਰਸ਼ੀਅਨ ਲੋਕ ਆਏ ਤਾਂ ਉਨ੍ਹਾਂ ਨੇ ਸਪਤ-ਸਿੰਧੂ ਨੂੰ ਪਹਿਲਾਂ ਹਫਤਾ-ਹਿੰਦਵਾ ਤੇ ਫਿਰ ਸਿੰਧ-ਘਾਟੀ ਨੂੰ ਹਿੰਦ ਘਾਟੀ ਕਹਿਣਾ ਸ਼ੁਰੂ ਕਰ ਦਿੱਤਾ ਕਿਉਂਕਿ ਸੰਸਕ੍ਰਿਤ ਭਾਸ਼ਾ ਦੇ ਅੱਖਰ 'ਸ' ਦੀ ਧੁਨੀ ਉਨ੍ਹਾਂ ਦੀ ਫਾਰਸੀ ਬੋਲੀ 'ਚ 'ਹ' ਦੀ ਧੁਨੀ ਵਿੱਚ ਤਬਦੀਲ ਹੋ ਜਾਂਦੀ ਹੈ ਮਿਸਾਲ ਵਜੋਂ ਪੰਜਾਬੀ ਦਾ 'ਹਫਤਾ' ਸੰਸਕ੍ਰਿਤ ਦੇ 'ਸਪਤਾਹ' ਵਿੱਚ। ਬਸ, ਇਸੇ ਤੋਂ ਸਾਡੀ ਸਭਿਅਤਾ ਦਾ ਨਾਮ ਹਿੰਦੂ ਪਿਆ। ਇੱਥੇ ਜੋ ਵੀ ਦਾਰਸ਼ਨਿਕ, ਸਦਾਚਾਰਕ, ਧਾਰਮਿਕ ਜਾਂ ਉਨ੍ਹਾਂ ਸਮਿਆਂ ਅੰਦਰ ਪ੍ਰਚੱਲਤ ਹੋਰ ਹਰੇਕ ਤਰ੍ਹਾਂ ਦੇ ਵਿਚਾਰ ਉਹ ਸਾਰੇ ਦੇ ਸਾਰੇ ਹਿੰਦੂਵਾਦੀ ਵਿਚਾਰ ਸਦਾਏ। ਇੱਥੋਂ ਦੇ ਰਹਿਣ ਵਾਲੇ ਸਾਰੇ ਮੂਲ ਨਿਵਾਸੀਆਂ ਜਿਵੇਂ ਦਲਿਤ, ਯੋਧਾਇ, ਮਲਾਇ, ਦਰਾਵੜੀ ਆਦਿ ਅਤੇ ਅਨੇਕਾਂ ਹੀ ਹੋਰ ਕਬੀਲੇ ਤੇ ਫਿਰਕੇ ਸਨ, ਉਨ੍ਹਾਂ ਨੂੰ ਹਿੰਦੂ ਤੇ ਸਾਡੇ ਦੇਸ਼ ਦਾ ਨਾਮ ਹਿੰਦੁਸਤਾਨ ਕਿਹਾ ਗਿਆ। ਇਸੇ ਤੋਂ ਇੱਥੋਂ ਦੇ ਧਰਮ ਨੂੰ ਹਿੰਦੂ ਧਰਮ ਕਿਹਾ ਗਿਆ।

ਇਸਤੋਂ ਪਿੱਛੋਂ ਦੇ ਸਮਿਆਂ ਅੰਦਰ ਸਾਡੇ ਦੇਸ਼ ਦਾ ਨਾਮ ਭਾਰਤ ਪਿਆ। ਇਹ ਇਸ ਲਈ ਕਿ "ਪੁਰੂ ਕਬੀਲੇ ਨੂੰ ਵੈਦਿਕ ਕਬੀਲਿਆਂ ਵਿੱਚ ਵਿਸ਼ੇਸ਼ ਰਸੂਖ ਪ੍ਰਾਪਤ ਸੀ। ਰਿਗਵੇਦ ਵਿਚ ਉਹਨਾਂ ਦੇ ਇਕ ਹਾਕਮ ਦਾ ਮਲੇਛਾਂ, ਅਰਥਾਤ, ਸਥਾਨਕ ਗੈਰ-ਆਰੀਆ ਕਬੀਲਿਆਂ, ਦੇ ਜੇਤੂ ਵਜੋਂ ਜ਼ਿਕਰ ਹੈ। ਪਿੱਛੋਂ ਜਾ ਕੇ ਪੁਰੂ ਕੁਰੂ(ਕੌਰਵ) ਨਾਂ ਦੇ ਕਬੀਲਿਆਂ ਦੇ ਇਕ ਏਕੇ ਵਿਚ ਸ਼ਾਮਲ ਹੋ ਗਏ। ਰਿਗਵੇਦ ਵਿਚ ਕਈ ਹੋਰ ਕਬੀਲਿਆਂ ਦਾ ਵੀ ਜ਼ਿਕਰ ਹੈ ਜਿਨ੍ਹਾਂ ਪਿਛੋਂ ਜਾਕੇ ਪ੍ਰਾਚੀਨ ਭਾਰਤ ਦੇ ਇਤਿਹਾਸ ਵਿਚ ਲਖਾਇਕ ਹਿੱਸਾ ਪਾਉਣਾ ਸੀ: ਇਹਨਾਂ ਵਿਚ ਸ਼ਾਮਲ ਹਨ-ਚੇਦੀ, ਗੰਧਾਰਬ, ਕਿਕਾਤ (ਮਾਗਧੀਆ ਦਾ ਪ੍ਰਾਚੀਨ ਨਾਂ) ਹੈ। ਇਸ ਵਿੱਚ ਦਰਜ ਹੈ ਕਿ "ਭਰਤ ਦਾ ਨਾਂ ਵਿਸ਼ੇਸ਼ ਸ਼ਾਨ ਵਾਲਾ ਸੀ। ਇਸ ਅਜਸਵੀ (ਪ੍ਰਤਾਪੀ-ਲੇਖਕ) ਰਾਜੇ ਦੇ ਨਾਂ ਉੱਤੇ ਪ੍ਰਾਚੀਨ ਸਮਿਆਂ ਵਿੱਚ ਵੀ ਸਾਰੇ ਉਤਰੀ ਭਾਰਤ ਨੂੰ ਭਾਰਤ ਵਰਸ਼ "ਭਰਤ ਦੀ ਅਲ ਦਾ ਦੇਸ਼"- ਕਿਹਾ ਜਾਂਦਾ ਸੀ।"[1]

ਸੋ ਸਿੱਟਾ ਇਹ ਕਿ ਉਨ੍ਹਾਂ ਪ੍ਰਾਚੀਨ ਸਮਿਆਂ ਅੰਦਰ ਹਿੰਦੁਸਤਾਨ ਸਿਰਫ਼ ਇਕ ਭੂਗੋਲਿਕ ਇਕਾਈ ਸੀ, ਨਾ ਤਾਂ ਇੱਕ ਸਿਆਸੀ ਇਕਾਈ ਸੀ, ਤੇ ਨਾ ਹੀ ਇੱਕ ਕੌਮ। ਸਾਡਾ ਦੇਸ਼ ਤਾਂ ਉਸਤੋਂ ਬਾਅਦ ਵੀ ਢੇਰ ਸਮੇਂ ਤੱਕ ਇੱਕ ਇਕਹਿਰੀ ਇਕਾਈ ਵਜੋਂ ਸਥਾਪਤ ਨਹੀਂ ਹੋਇਆ। ਇਸਦੀਆਂ ਕੁੱਝ ਵੰਨਗੀਆਂ ਲੈਂਦੇ ਹਾਂ।

ਸਿਕੰਦਰ ਦੀ ਮੁਹਿੰਮ ਸਮੇਂ ਪਾਟਲੀਪੁਰ ਵਿਖੇ ਨੰਦ ਵੰਸ਼ ਰਾਜ ਕਰ ਰਿਹਾ ਸੀ। ਸਥਾਨਕ ਨਿਕੇ ਰਾਜਿਆਂ ਨੇ ਸਿਕੰਦਰ ਨੂੰ ਨੰਦ ਫੌਜਾਂ ਦੀ ਸ਼ਕਤੀ ਅਤੇ ਰਾਜਾ ਅਗਰਾਮੇਜ਼ ਦੀ ਅਲੋਕਪ੍ਰਿਅਤਾ ਸਬੰਧੀ ਦੱਸਿਆ। ਇਸ ਗੱਲ ਦਾ ਕਲਾਸੀਕੀ ਲੇਖਕਾਂ ਤੋਂ ਪਤਾ ਲਗਦਾ ਹੈ, ਭਾਵੇਂ ਨੰਦ ਸਲਤਨਤ ਸਬੰਧੀ ਵਾਕਫ਼ੀ ਵਧੇਰੇ ਭਾਰਤੀ ਸੋਮਿਆਂ ਤੋਂ ਆਈ ਹੈ। ਸਿਕੰਦਰ ਦੀ ਫੌਜ ਹੋਰ ਪੂਰਬ ਵਲ ਹਾਈਡਰੋਟਸ (ਨਵੀਨ ਰਾਵੀ) ਵੱਲ ਵਧੀ। ਸਿਕੰਦਰ ਨੇ ਹਾਈਫਾਸਿਸ (ਨਵੀਨ ਬਿਆਸ) ਨੂੰ ਪਾਰ ਕਰਨ ਲਈ ਆਪਣੀਆਂ ਫੌਜਾਂ ਇਕੱਤਰ ਕਰਨੀਆਂ ਸ਼ੁਰੂ ਕੀਤੀਆਂ। ਪਰ ਪਹਿਲਾਂ ਉਹਨੇ ਇਹ ਪਤਾ ਕਰਨ ਦਾ ਫੈਸਲਾ ਕੀਤਾ ਕਿ ਹਾਈਫਾਸਿਸ ਦਾ ਦੇਸ਼, ਉੱਥੋਂ ਦਾ ਰਾਜਾ ਅਤੇ ਉਹਦੀ ਫੌਜ ਕਿਹੋ ਜਿਹੇ ਹਨ। ਸਥਾਨਕ ਨਿਕੇ ਹਾਕਮਾਂ ਨੇ ਉਹਨੂੰ ਇਲਾਕੇ ਦੀ ਦੌਲਤ ਅਤੇ ਰਾਜਾ ਅਗਰਾਮੇਜ਼ (ਅਸਲੀ ਨਾਂ ਮਹਾਨੰਦ ਨੰਦ) ਦੀ ਅਗਵਾਈ ਹੇਠ ਉਹਦੀ ਬਲਵਾਨ ਫੌਜ ਬਾਰੇ ਦੱਸਿਆ।[2]

ਭਾਰਤੀ ਪ੍ਰੰਪਰਾ ਅਨੁਸਾਰ ਨੰਦ ਹਾਕਮਾਂ ਨੂੰ ਸ਼ੂਦਰ ਵੰਸ਼ ਸਮਝਿਆ ਜਾਂਦਾ ਸੀ ਜਿਨ੍ਹਾਂ ਕਸ਼ੱਤਰੀਆਂ ਨੂੰ ਕਤਲ ਕਰ

ਦਿੱਤਾ ਸੀ ਅਤੇ ਨੰਦ ਹਾਕਮਾਂ ਵਿਚੋਂ ਪਹਿਲਾ ਇਕ ਸ਼ੂਦਰ ਮਾਂ ਦਾ ਪੁੱਤਰ ਅਤੇ ਅਣਜਾਣੀ ਲੀਹ ਦਾ ਸੀ। ਇਸੇ ਲਈ ਬ੍ਰਾਹਮਣ ਸੋਮੇ ਅਤੇ ਵੰਸ਼ਾਂ ਦੇ ਇਤਿਹਾਸ (ਪੁਰਾਣ) ਨੰਦਾਂ ਨੂੰ "ਨੀਚ ਸੁਭਾ ਅਤੇ ਨੀਚ ਆਦਿ" ਦੇ ਲੋਕ ਦਸਦੇ ਹਨ।[3]

ਕੁੱਝ ਭਾਰਤੀ ਅਤੇ ਲੰਕਾ ਦੇ ਇਤਿਹਾਸਾਂ ਵਿਚ ਪਹਿਲੇ ਨੰਦ ਰਾਜੇ ਦਾ ਨਾਂ ਉਗਰਸੈਨ ਦਿਤਾ ਗਿਆ ਹੈ, ਜਿਸ ਦੇ ਅਰਥ ਹਨ "ਬਹੁਤ ਭਿਆਨਕ ਫੌਜ ਵਾਲਾ"।[4]

ਅੱਗੇ ਚੱਲੀਏ। ਇਹ ਇੱਕ ਸਰਵ-ਪ੍ਰਵਾਨਿਤ ਤੱਥ ਹੈ ਕਿ ਸਾਡੇ ਦੇਸ਼ ਅੰਦਰ ਮੁਗਲ ਸਲਤਨਤ ਵੀ ਰਾਜ ਕਰਦੀ ਰਹੀ ਹੈ। ਔਰੰਗਜ਼ੇਬ, ਜਿਸਨੂੰ ਬੜੀ ਘ੍ਰਿਣਾ ਨਾਲ ਯਾਦ ਕੀਤਾ ਜਾਂਦਾ ਹੈ, ਉਸਦਾ ਵੀ ਇੱਥੇ ਰਾਜ ਰਿਹਾ। ਮੁਗਲ ਸਲਤਨਤ ਦਾ ਨਿਘਾਰ ਔਰੰਗਜ਼ੇਬ ਦੀ ਹਕੂਮਤ ਵੇਲੇ ਸ਼ੁਰੂ ਹੋਇਆ ਅਤੇ ਉਸਦੀ ਮੌਤ ਤੋਂ ਬਾਅਦ ਤੇਜ਼ੀ ਨਾਲ ਅੱਗੇ ਵਧਿਆ। ਮੁਗਲ ਸਲਤਨਤ ਖਿਲਾਫ਼ ਬਗਾਵਤਾਂ ਵਧਣ ਲੱਗੀਆਂ। ਇਸਤੋਂ ਬਾਅਦ ਨਵੀਆਂ ਰਿਆਸਤਾਂ ਉਭਰਨ ਲੱਗੀਆਂ।[5]

1713 'ਚ ਔਰੰਗਜ਼ੇਬ ਦੇ ਬੰਗਾਲ ਦੇ ਗਵਰਨਰ, ਮੁਰਸ਼ਦ ਕੁਲੀ ਖਾਨ ਨੇ ਮੁਗਲ ਸਲਤਨਤ ਦੁਆਰਾ ਭੇਜੇ ਉਸਦੇ ਵਾਰਸ ਨੂੰ ਆਪਣੇ ਸੂਬੇ ਤੋਂ ਬਾਹਰ ਦੌੜਾ ਦਿੱਤਾ। ਉਸਨੇ ਦਿੱਲੀ ਨੂੰ ਟੈਕਸ ਦੇਣਾ ਬੰਦ ਕਰ ਦਿੱਤਾ। 1714-18 ਦਰਮਿਆਨ ਮੁਰਸ਼ਦ ਕੁਲੀ ਖਾਨ ਨੇ ਬਿਹਾਰ ਅਤੇ ਉੜੀਸਾ ਉੱਪਰ ਕਬਜ਼ਾ ਕਰਕੇ ਇਹਨਾਂ ਨੂੰ ਬੰਗਾਲ 'ਚ ਮਿਲਾ ਲਿਆ। ਭਾਵੇਂ ਗੱਲੀਬਾਤੀਂ ਹੁਣ ਬੰਗਾਲ ਰਿਆਸਤ ਮੁਗਲ ਸ਼ਾਸਨ ਨੂੰ ਪ੍ਰਵਾਨਦੀ ਸੀ, ਅਮਲੀ ਤੌਰ 'ਤੇ ਇਹ ਪੂਰੀ ਤਰ੍ਹਾਂ ਅਜ਼ਾਦ ਸੀ।[6]

ਡੈਕਨ ਦੇ ਮੁਗਲ ਗਵਰਨਰ ਅਸਫ ਜਾਹ ਨੇ ਮੁਗਲ ਸਲਤਨਤ ਨਾਲੋਂ ਤੋੜ ਵਿਛੋੜਾ ਕਰਕੇ ਅਜ਼ਾਦ ਰਿਆਸਤ ਹੈਦਰਾਬਾਦ ਦੀ ਸਥਾਪਨਾ ਕੀਤੀ। 1739 'ਚ ਅਵਧ ਵੀ ਮੁਗਲ ਹਕੂਮਤ ਹੱਥੋਂ ਨਿੱਕਲ ਗਿਆ। ਇਸ ਨਾਲ ਅਵਧ, ਜਿਸਦੀ ਰਾਜਧਾਨੀ ਲਖਨਊ ਸੀ, ਅਜ਼ਾਦ ਰਿਆਸਤ ਹੋਂਦ 'ਚ ਆਈ।[7]

ਮਰਾਠੇ ਕੁੱਲ ਭਾਰਤ ਪੱਧਰ 'ਤੇ ਸੱਤਾ ਦੇ ਮੁੱਖ ਦਾਅਵੇਦਾਰ ਸਨ। ਉਹਨਾਂ ਸਿਰਫ ਪੱਛਮੀ ਭਾਰਤ 'ਚ ਹੀ ਖ਼ੁਦ ਨੂੰ ਸਥਾਪਤ ਨਹੀਂ ਕੀਤਾ ਸਗੋਂ ਕੇਂਦਰੀ ਭਾਰਤ 'ਚ ਵੀ ਆਪਣੀਆਂ ਫੌਜਾਂ ਭੇਜੀਆਂ।[8]

1730 ਵਿਆਂ ਤੱਕ ਕੇਂਦਰੀ ਭਾਰਤ ਦਾ ਕਾਫੀ ਵੱਡਾ ਹਿੱਸਾ ਮਰਾਠਿਆਂ ਦੇ ਅਧੀਨ ਆ ਚੁੱਕਾ ਸੀ। ਨਤੀਜਨ ਗਵਾਲੀਅਰ, ਨਾਗਪੁਰ, ਇੰਦੌਰ ਅਤੇ ਬੜੌਦਾ, ਚਾਰ ਮਰਾਠਾ ਰਿਆਸਤਾਂ ਹੋਂਦ 'ਚ ਆਈਆਂ। ਕੁੱਝ ਹੱਦ ਤੱਕ ਇਹ ਪੇਸ਼ਵਾਵਾਂ ਦੇ ਸਦਰ ਮੁਕਾਮ ਪੂਨਾ ਦੇ ਕੇਂਦਰੀ ਪ੍ਰਸ਼ਾਸਨ ਅਧੀਨ ਸਨ।[9]

1761 'ਚ ਪਾਣੀਪਤ 'ਚ ਅਹਿਮਦ ਸ਼ਾਹ ਅਬਦਾਲੀ ਦੀ ਅਗਵਾਈ 'ਚ ਅਫਗਾਨ ਫੌਜ ਦਾ ਮਰਾਠਿਆਂ ਨਾਲ ਯੁੱਧ ਹੋਇਆ। ਦੋਹਾਂ ਧਿਰਾਂ ਨੂੰ ਇਸ ਜੰਗ 'ਚ ਕਾਫੀ ਨੁਕਸਾਨ ਝੱਲਣਾ ਪਿਆ। ਭਾਵੇਂ ਅਹਿਮਦ ਸ਼ਾਹ ਜਿੱਤ ਗਿਆ ਪਰ ਇਸ ਜੰਗ 'ਚ ਹੋਏ ਨੁਕਸਾਨ ਕਾਰਨ ਉਸਨੂੰ ਅਫਗਾਨਿਸਤਾਨ ਵਾਪਸ ਪਰਤਣਾ ਪਿਆ। ਅਹਿਮਦ ਸ਼ਾਹ ਦੀਆਂ ਫੌਜਾਂ ਭਾਰਤ 'ਚੋਂ ਨਿਕਲਣ ਤੋਂ ਬਾਅਦ, ਪੰਜਾਬੀਆਂ ਨੇ ਪੰਜਾਬ 'ਚੋਂ ਅਫਗਾਨ ਫੌਜਾਂ ਦੇ ਬਚੇ-ਖੁਚੇ ਦਸਤਿਆਂ ਨੂੰ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ ਅਤੇ ਜਲਦੀ ਪੰਜਾਬ 'ਚ ਇੱਕ ਅਜ਼ਾਦ ਰਿਆਸਤ ਸਥਾਪਤ ਕਰਨ 'ਚ ਕਾਮਯਾਬ ਹੋਏ।[10]

ਇਹ ਅੰਗਰੇਜ਼ਾਂ ਦੀ ਬਸਤੀ ਬਣਨ ਤੋਂ ਪਹਿਲਾਂ ਦੇ ਭਾਰਤ ਦੀ ਮੁਕੰਮਲ ਤਾਂ ਨਹੀਂ ਪਰ ਮੋਟੀ ਜੇਹੀ ਤਸਵੀਰ ਹੈ।

ਇਸ ਤੋਂ ਅਸੀਂ ਦੇਖ ਸਕਦੇ ਹਾਂ ਕਿ ਅੰਗਰੇਜ਼ਾਂ ਦੀ ਬਸਤੀ ਬਣਨ ਤੋਂ ਪਹਿਲਾਂ ਵੀ ਭਾਰਤ ਕੋਈ ਇੱਕ ਸਿਆਸੀ ਇਕਾਈ ਵਾਲਾ ਦੇਸ਼ ਨਹੀਂ ਸੀ। ਇਹੀ ਨਹੀਂ ਬਲਕਿ ਅੰਗਰੇਜ਼ਾਂ ਦੇ ਰਾਜ ਵੇਲੇ ਵੀ ਅੰਗਰੇਜ਼ਾਂ ਨੇ ਭਾਰਤ ਨੂੰ ਦੋ ਗੈਰ-ਬਰਾਬਰ ਹਿੱਸਿਆਂ 'ਚ ਵੰਡਿਆ ਸੀ। ਉਹਨਾਂ ਦੇ ਪ੍ਰਤੱਖ ਸ਼ਾਸਨ ਅਧੀਨ ਭਾਰਤ ਅਤੇ ਦੇਸੀ ਰਿਆਸਤਾਂ ਅਧੀਨ ਭਾਰਤ, ਜਿਸ 'ਚ 600 ਦੇ ਲਗਭਗ ਰਿਆਸਤਾਂ ਅਤੇ 40 ਪ੍ਰਤੀਸ਼ਤ ਭੂਗੋਲਿਕ ਇਲਾਕਾ ਸ਼ਾਮਲ ਸੀ।[11]

ਸੋ ਅੰਗਰੇਜ਼ਾਂ ਦੇ ਰਾਜ ਸਮੇਂ ਵੀ ਭਾਰਤ ਇੱਕ ਇੱਕ-ਜੁੱਟ ਸਿਆਸੀ ਇਕਾਈ ਵਾਲਾ ਦੇਸ਼ ਨਹੀਂ ਬਣ ਸਕਿਆ। ਭਾਵੇਂ ਅੰਗਰੇਜ਼ਾਂ ਨੇ ਸਾਡੇ ਦੇਸ਼ 'ਤੇ ਕੇਂਦਰੀਕ੍ਰਿਤ ਰਾਜ ਸਥਾਪਤ ਕੀਤਾ ਪਰ ਰਾਜਿਆਂ ਦੀਆਂ ਰਿਆਸਤਾਂ ਵੀ ਬਰਾਬਰ ਹੋਂਦ 'ਚ ਰਹੀਆਂ। ਇਸ ਗੱਲ ਦਾ ਇੱਕ ਸਬੂਤ ਇਹ ਵੀ ਹੈ ਕਿ ਅੰਗਰੇਜ਼ਾਂ ਦੇ ਇੱਥੋਂ ਜਾਣ ਤੋਂ ਬਾਅਦ ਵੀ ਪਟੇਲ ਹੋਰਾਂ ਨੂੰ ਹੈਦਰਾਬਾਦ ਦੇ ਨਿਜ਼ਾਮ ਤੇ ਹੋਰ ਰਿਆਸਤਾਂ ਨੂੰ ਭਾਰਤ 'ਚ ਮਿਲਾਉਣ ਲਈ ਹਕੂਮਤੀ ਜ਼ੋਰ ਵਰਤਣ 'ਤੇ ਮਜ਼ਬੂਰ ਹੋਣਾ ਪਿਆ। ਭਾਵੇਂ ਸਾਡਾ ਦੇਸ਼ ਅੱਜ ਜਮਹੂਰੀਅਤ ਦੇ ਨਾਮ ਹੇਠ ਇੱਕ ਸਿਆਸੀ ਇਕਾਈ ਵਜੋਂ ਸਥਾਪਤ ਹੋ ਚੁੱਕਿਆ ਹੈ ਪਰ ਅੱਜ ਅਫਗਾਨਿਸਤਾਨ, ਪਾਕਿਸਤਾਨ, ਬੰਗਲਾਦੇਸ਼, ਤਿੱਬਤ, ਨੇਪਾਲ, ਸ੍ਰੀ ਲੰਕਾ, ਭੂਟਾਨ, ਮਿਆਂਮਾਰ ਨੂੰ ਸਾਡੇ ਦੇਸ਼ 'ਚ ਮਿਲਾਕੇ ਅਖੰਡ ਭਾਰਤ ਬਣਾਉਣ ਦਾ ਮਨਸੂਬਾ ਬਣਾਉਣਾ ਕਿਵੇਂ ਜ਼ਾਇਜ਼ ਠਹਿਰਾਇਆ ਜਾ ਸਕਦਾ ਹੈ?

ਜੇਕਰ ਇਹ ਫਰਜ਼ ਕਰਕੇ ਵੀ ਗੱਲ ਕਰ ਲਈ ਜਾਵੇ ਕਿ ਪਾਕਿਸਤਾਨ, ਬੰਗਲਾਦੇਸ਼, ਤਿੱਬਤ, ਨੇਪਾਲ, ਸ੍ਰੀ ਲੰਕਾ, ਭੂਟਾਨ ਜਾਂ ਮੀਆਂਮਾਰ ਕਦੇ ਭਾਰਤ ਦੇਸ਼ ਦਾ ਹਿੱਸਾ ਰਹੇ ਵੀ

ਹਨ ਤਾਂ ਵੀ ਕੀ ਅੱਜ ਦੀਆਂ ਬਦਲੀਆਂ ਹਾਲਤਾਂ ਅੰਦਰ ਇਨ੍ਹਾਂ 'ਤੇ ਕਬਜ਼ਾ ਕਰਕੇ ਇਨ੍ਹਾਂ ਨੂੰ ਸਾਡੇ ਦੇਸ਼ ਅੰਦਰ ਮਿਲਾਕੇ ਅਖੰਡ ਭਾਰਤ ਬਣਾਉਣ ਦੀ ਗੱਲ ਕਰਨੀ ਤਰਕਸੰਗਤ ਹੋਵੇਗੀ? ਬਿਲਕੁਲ ਵੀ ਨਹੀਂ। ਇਸੇ ਤਰਕ ਦੇ ਆਧਾਰ 'ਤੇ ਤਾਂ ਕੱਲ੍ਹ ਨੂੰ ਅੰਗੇਰਜ਼ ਇਹ ਦਾਅਵਾ ਕਰ ਸਕਦੇ ਹਨ ਕਿ ਉਨ੍ਹਾਂ ਦੇ ਸਾਮਰਾਜ ਦਾ ਦੁਨੀਆਂ ਦੇ ਕਿੱਡੇ ਵੱਡੇ ਖੇਤਰ 'ਤੇ ਰਾਜ ਰਿਹਾ ਹੈ ਅਤੇ ਦੁਨੀਆਂ ਦੇ ਕਿੰਨੇ ਹੀ ਮੁਲਕ ਉਨ੍ਹਾਂ ਦੇ ਸਾਮਰਾਜ ਦਾ ਹਿੱਸਾ ਰਹੇ ਹਨ ਅਤੇ ਇਸੇ ਆਧਾਰ 'ਤੇ ਉਹ ਅੱਜ ਉਨ੍ਹਾਂ ਸਾਰਿਆਂ ਮੁਲਕਾਂ ਨੂੰ ਮਿਲਾਕੇ ਅਖੰਡ ਇੰਗਲੈਂਡ ਬਣਾਉਣਾ ਚਾਹੁੰਦੇ ਹਨ ਤਾਂ ਕੀ ਬਾਕੀ ਦੇ ਮੁਲਕ ਇਸ ਗੱਲ ਨੂੰ ਪ੍ਰਵਾਨ ਕਰਨਗੇ? ਨਹੀਂ। ਹੋਰ ਲਵੋ। ਮਾਨਵ ਵਿਗਿਆਨੀਆਂ 'ਚ ਇਹ ਪ੍ਰਮਾਣਿਤ ਧਾਰਨਾ ਹੈ ਕਿ ਸਾਰੀ ਆਧੁਨਿਕ ਮਾਨਵ ਜਾਤੀ ਦੇ ਮੁੱਢ ਅਫਰੀਕੀ ਹਨ ਤਾਂ ਕੀ ਅਸੀਂ ਸਭ ਅਫਰੀਕਨਾਂ ਨੂੰ ਆਪਣੇ ਪੂਰਵਜ ਮੰਨਣ ਨੂੰ ਤਿਆਰ ਹੋਵਾਂਗੇ? ਜਾਂ ਅਫਰੀਕਾ ਨੂੰ ਆਪਣਾ ਦੇਸ਼ ਮੰਨਾਂਗੇ? ਜਾਂ ਅਫਰੀਕਨ ਲੋਕ ਸਾਡੇ ਨਾਗਰਿਕਾਂ ਨੂੰ ਉਨ੍ਹਾਂ ਦੇ ਦੇਸ਼ ਅੰਦਰ ਬਰਾਬਰ ਦੇ ਅਧਿਕਾਰ ਦੇਣ ਨੂੰ ਕਬੂਲ ਕਰ ਲੈਣਗੇ? ਇਹ ਸਾਰਿਆਂ ਸਵਾਲਾਂ ਦਾ ਜਵਾਬ ਨਾਂਹ ਵਿੱਚ ਹੀ ਹੈ।

ਇਹ ਗੱਲ ਠੀਕ ਹੈ ਕਿ ਅੱਜ ਸਾਡਾ ਦੇਸ਼ ਇੱਕ ਸਿਆਸੀ ਇਕਾਈ ਹੈ। ਪਰ ਫਿਰ ਵੀ ਅੱਜ ਦੀਆਂ ਹਾਲਤਾਂ ਅੰਦਰ ਅਖੰਡ ਭਾਰਤ ਦੇ ਨਾਹਰੇ ਹੇਠ ਭਾਰਤ 'ਚ ਦੂਸਰੇ ਦੇਸ਼ਾਂ ਨੂੰ ਮਿਲਾਕੇ ਬਣਾਉਣ ਵਾਲੇ ਨਾਹਰੇ ਦਾ ਕੋਈ ਆਧਾਰ ਨਹੀਂ ਹੈ ਅਤੇ ਨਾ ਹੀ ਇਹ ਤਰਕਸੰਗਤ ਹੈ। ਦਰਅਸਲ ਇਨ੍ਹਾਂ ਦੇ ਇਸ ਨਾਹਰੇ ਪਿੱਛੇ ਹੋਰ ਮਕਸਦ ਛੁਪਿਆ ਹੋਇਆ ਹੈ। ਉਹ ਕੀ ਹੈ?, ਹੁਣ ਆਪਾਂ ਇਹ ਦੇਖਦੇ ਹਾਂ। ਇੱਕ ਗੱਲ ਤਾਂ ਸਭ ਨੂੰ ਸਾਫ ਹੈ ਕਿ ਇਹ ਨਾਹਰਾ ਸਿਰਫ਼ ਤੇ ਸਿਰਫ਼ ਹਿੰਦੂਤਵਵਾਦੀ ਤਾਕਤਾਂ ਵੱਲੋਂ ਹੀ ਉਭਾਰਿਆ ਜਾਂਦਾ ਹੈ। ਦਰਅਸਲ ਅੱਜ ਜਦੋਂ ਇਹ ਅਖੰਡ ਭਾਰਤ ਦਾ ਸਵਾਲ ਉਠਾਇਆ ਜਾਂਦਾ ਹੈ ਤਾਂ ਇਨ੍ਹਾਂ ਹਿੰਦੂਵਾਦੀ ਤਾਕਤਾਂ ਅਨੁਸਾਰ ਇਸਦਾ ਭਾਵ ਸਿਰਫ਼ ਤੇ ਸਿਰਫ਼ ਹਿੰਦੂਆਂ ਦੇ ਸਾਮਰਾਜ ਬਣਾਉਣ ਤੇ ਵਧਾਉਣ ਦਾ ਮੰਤਵ ਛੁਪਿਆ ਹੋਇਆ ਹੈ। ਉਹ ਕਿਵੇਂ?

ਪਹਿਲਾਂ ਆਪਾਂ ਇਹ ਦੇਖ ਲਈਏ ਕਿ ਇਹ ਹਿੰਦੂਤਵਵਾਦੀ ਤਾਕਤਾਂ ਹਿੰਦੂ ਕਿਸਨੂੰ ਸਮਝਦੀਆਂ ਹਨ? ਹਿੰਦੂਆਂ ਤੋਂ ਇਲਾਵਾ ਬਾਕੀ ਹਿੰਦੁਸਤਾਨ ਵਾਸੀਆਂ ਨੂੰ ਇਸ ਦੇਸ਼ 'ਚੋਂ ਬਾਹਰ ਦੇ ਕਿਵੇਂ ਖਿਆਲ ਕਰਦੇ ਹਨ। ਇਸ ਦੀ ਇੱਕ ਮਿਸਾਲ ਲਵੋ। ਅੱਜ ਜਿਸ ਸਾਵਰਕਾਰ ਨੂੰ ਇਹ ਪੂਜਦੇ ਹਨ ਉਸਦਾ ਬਿਆਨ ਲੈਂਦੇ ਹਾਂ ਕਿ ਉਹ ਕੀ ਕਹਿੰਦੇ ਹਨ? ਉਹ ਲਿਖਦੇ ਹਨ ਕਿ: "ਇਤਿਹਾਸ ਦੇ ਉਦੈ ਹੋਣ 'ਤੇ ਜਿਹੜੇ ਆਰੀਅਨ ਲੋਕ ਇੱਥੇ ਆ ਕੇ ਵਸੇ, ਨੇ ਪਹਿਲਾਂ ਹੀ ਇੱਕ ਕੌਮ ਬਣਾਈ, ਜਿਹੜੀ ਹੁਣ ਹਿੰਦੂ ਕੌਮ ਦੀ ਦੇਹ ਹੈ....ਹਿੰਦੂ ਨਾ ਕੇਵਲ ਸਾਂਝੀ ਪਿਤਰਭੂਮੀ ਦੇ ਪਿਆਰ-ਸਬੰਧਾਂ ਕਰਕੇ ਅਤੇ ਸਾਂਝਾ ਖ਼ੂਨ, ਜੋ ਉਨ੍ਹਾਂ ਦੀਆਂ ਨਸਾਂ ਵਿਚ ਵਗਦਾ ਹੈ ਅਤੇ ਉਨ੍ਹਾਂ ਦੇ ਦਿਲਾਂ ਨੂੰ ਧੜਕਦਾ ਰੱਖ ਰਿਹਾ ਹੈ, ਕਰਕੇ ਇਕੱਠੇ ਹਨ। ਪ੍ਰੰਤੂ ਸਾਡੇ ਹਿੰਦੂ ਸਭਿਆਚਾਰ ਅਤੇ ਸਾਡੀ ਮਹਾਨ ਸਭਿਅਤਾ, ਜਿਸਨੂੰ ਅਸੀਂ ਸ਼ਰਧਾਂਜਲੀ ਭੇਂਟ ਕਰਦੇ ਹਾਂ, ਕਰਕੇ ਵੀ ਬੱਝੇ ਹੋਏ ਹਾਂ। ਇਸਤੋਂ ਹੀ ਉਹ ਅੱਗੇ ਇਹ ਸਿੱਟਾ ਕੱਢਦਾ ਹੈ ਕਿ ਹਿੰਦੂ ਕੌਣ ਹੈ? ਉਸ ਅਨੁਸਾਰ ਜਿਹੜੇ ਇਸ ਧਰਤੀ ਨੂੰ ਆਪਣੀ ਪਿਤਰ-ਭੂਮੀ ਅਤੇ ਪੁੰਨਯ ਭੂਮੀ (ਦੋਨੋਂ) ਮੰਨਦੇ ਹਨ ਸਿਰਫ ਉਹ ਹੀ ਹਿੰਦੂ ਹੋ ਸਕਦੇ ਹਨ। ਇਸ ਦਾ ਸਾਫ ਸਿੱਟਾ ਇਹ ਨਿਕਲਦਾ ਹੈ ਕਿ ਕਿਉਂਕਿ ਈਸਾਈ ਅਤੇ ਮੁਸਲਿਮ ਭਾਈਚਾਰਿਆਂ ਦੀਆਂ ਪੂਜਣਯੋਗ ਭੂਮੀਆਂ (ਪੁੰਨਯ ਭੂਮੀਆਂ-ਲੇਖਕ) ਯੇਰੂਸਲਮ ਅਤੇ ਮੱਕੇ 'ਚ ਹਨ, ਇਸ ਲਈ ਉਨ੍ਹਾਂ ਨੂੰ ਹਿੰਦੂਆਂ ਬਰਾਬਰ ਨਹੀਂ ਰੱਖਿਆ ਜਾ ਸਕਦਾ।... "[12]

ਇਹੀ ਨਹੀਂ ਬਲਕਿ ਸਾਵਰਕਾਰ ਨੇ ਕਿਹਾ ਕਿ:

"ਮੇਰਾ ਜਿਨਾਹ ਨਾਲ ਦੋ ਕੌਮਾਂ ਦੇ ਸਿਧਾਂਤ 'ਤੇ ਕੋਈ ਝਗੜਾ ਨਹੀਂ ਹੈ। ਅਸੀਂ ਹਿੰਦੂ ਆਪਣੇ ਆਪ 'ਚ ਇੱਕ ਕੌਮ ਹਾਂ ਅਤੇ ਇਹ ਇਕ ਇਤਿਹਾਸਕ ਤੱਥ ਹੈ ਕਿ ਹਿੰਦੂ ਅਤੇ ਮੁਸਲਮਾਨ ਦੋ ਕੌਮਾਂ ਹਨ।"[13]

ਸੋ ਉਪਰੋਕਤ ਹਵਾਲਿਆਂ ਤੋਂ ਹੀ ਨਹੀਂ ਬਲਕਿ ਅੱਜ ਦੇ ਇਨ੍ਹਾਂ ਦੇ ਵਿਰੁੱਧ ਬੋਲਣ ਵਾਲੇ ਹਰ ਇੱਕ ਨੂੰ ਇਹ ਗਦਾਰ ਕਿਵੇਂ ਕਹਿੰਦੇ ਹਨ, ਇਸਦੀ ਮਿਸਾਲ ਵੀ ਲਈਏ। ਪੰਜਾਬੀ ਟ੍ਰਿਬਿਊਨ ਦੇ 17 ਅਕਤੂਬਰ, 2021 ਦੇ ਅਖ਼ਬਾਰ 'ਚ ਭਾਜਪਾ ਸੰਸਦ ਮੈਂਬਰ ਪ੍ਰੱਗਿਆ ਠਾਕਰ ਦਾ ਬਿਆਨ ਛਪਿਆ ਹੈ। ਇਸ 'ਚ ਦਰਜ ਹੈ ਕਿ ਠਾਕੁਰ ਨੇ ਸਮਾਗਮ ਵਿੱਚ ਕਾਂਗਰਸ ਆਗੂ ਦਿਗਵਿਜੈ ਸਿੰਘ ਉੱਤੇ ਵੀ ਨਿਸ਼ਾਨਾ ਸੇਧਿਆ। ਪ੍ਰੱਗਿਆ ਨੇ ਕਿਹਾ ਕਿ ਅਜਿਹੇ ਲੋਕ ਆਪਣੇ ਆਪਨੂੰ ਹਿੰਦੂ ਕਹਿੰਦੇ ਹਨ ਪਰ ਇਨ੍ਹਾਂ ਵਿਚ ਸੰਵੇਦਨਾ ਬਿਲਕੁਲ ਨਹੀਂ ਹੈ। ਉਸ ਨੇ ਕਿਹਾ ਦੇਸ਼ ਹਿੰਦੂਆਂ ਦੇ ਨਾਲ ਹੈ ਕਿਉਂਕਿ 'ਉਹ ਦੇਸ਼ਭਗਤ ਹਨ।' ਭਾਵ ਜਿਹੜਾ ਹਿੰਦੂ ਨਹੀਂ, ਉਸ ਦੀ ਦੇਸ਼-ਭਗਤੀ ਸਵਾਲਾਂ ਦੇ ਘੇਰੇ 'ਚ ਹੈ।

ਸੋ ਇਸਤੋਂ ਇਹ ਹੀ ਸਿੱਟਾ ਨਿਕਲਦਾ ਹੈ ਕਿ ਇਹ ਹਿੰਦੂਤਵਵਾਦੀ ਤਾਕਤਾਂ ਹਿੰਦੂ ਸਿਰਫ਼ ਬਾਹਰੋਂ ਆਏ ਆਰੀਅਨ ਲੋਕਾਂ ਦੀ ਨਸਲ ਵਾਲੀ ਵਸੋਂ ਨੂੰ ਹੀ ਗਿਣਦੇ ਹਨ ਅਤੇ ਹਿੰਦੂ ਧਰਮ ਨੂੰ ਇੱਥੋਂ ਦਾ ਇੱਕੋ-ਇੱਕ ਧਰਮ ਅਤੇ ਹਿੰਦੂਆਂ ਨੂੰ ਹੀ ਇਸ ਦੇਸ਼ ਦੀ ਇੱਕ ਕੌਮ (ਭਾਵੇਂ ਕੌਮ ਲਈ ਧਰਮ ਨੂੰ ਆਧਾਰ

ਮੰਨਣਾ ਠੀਕ ਨਹੀਂ ਹੁੰਦਾ) ਮੰਨਦੇ ਹਨ। ਇਸੇ ਆਧਾਰ ’ਤੇ ਹੀ ਜਦੋਂ ਇਹ ਅਖੰਡ ਭਾਰਤ ਦੀ ਗੱਲ ਕਰਦੇ ਹਨ ਤਾਂ ਉਸਦੇ ਭਾਵ-ਅਰਥ ਦੋ ਹੀ ਹੁੰਦੇ ਹਨ: ਪਹਿਲਾ, ਇਹ ਕਿ ਦੂਸਰੀਆਂ ਸਾਰੀਆਂ ਘੱਟ-ਗਿਣਤੀਆਂ ਨੂੰ ਦੇਸ਼ੋਂ ਬਾਹਰ ਕੱਢਣਾ ਜਾਂ ਘੱਟੋ-ਘੱਟ ਉਨ੍ਹਾਂ ਨੂੰ ਬਰਾਬਰ ਦੇ ਨਾਗਰਿਕ ਹੱਕਾਂ ਤੋਂ ਵਾਂਝੇ ਕਰ ਦੇਣਾ। ਦੂਸਰਾ, ਇੱਕ ਭਾਸ਼ਾ (ਹਿੰਦੀ), ਇੱਕ ਧਰਮ (ਹਿੰਦੂ), ਅਤੇ ਇੱਕ ਰਾਸ਼ਟਰ (ਹਿੰਦੁਸਤਾਨ) ਬਣਾਉਣਾ। ਇਨ੍ਹਾਂ ਕਰਕੇ ਹੀ ਇਹ ਆਪਣੇ ਹਿੰਦੂ ਰਾਸ਼ਟਰ ਨੂੰ ਵਿਸ਼ਵ ਪੱਧਰ ’ਤੇ ਫੈਲਾਉਣ ਲਈ ਅਜਿਹੇ ਨਾਹਰੇ ਲਗਾਉਂਦੇ ਰਹਿੰਦੇ ਹਨ ਜਿਨ੍ਹਾਂ ’ਚੋਂ ਇਨ੍ਹਾਂ ਦੀ ਵਿਸਤਾਰਵਾਦੀ ਨੀਤੀ ਝਲਕਦੀ ਰਹਿੰਦੀ ਹੈ।

ਸੋ ਅਸੀਂ ਦੇਖ ਸਕਦੇ ਹਾਂ ਕਿ ਇਹ ਹਿੰਦੂ ਰਾਸ਼ਟਰ ਦੀ ਵਿਸਤਾਰਵਾਦੀ ਨੀਤੀ ’ਚੋਂ ਆਜ਼ਾਦੀ, ਬਰਾਬਰੀ, ਭਾਈਚਾਰਾ ਦੇ ਸੰਕਲਪ ਬਿਲਕੁਲ ਗਾਇਬ ਹਨ। ਜਿਸ ਨੀਤੀ-ਨਾਹਰੇ ਵਿੱਚੋਂ ਆਜ਼ਾਦੀ, ਬਰਾਬਰੀ, ਭਾਈਚਾਰਾ ਦੇ ਸੰਕਲਪ ਗਾਇਬ ਹੋਣ ਉਹ ਸਿਰਫ਼ ਤੇ ਸਿਰਫ਼ ਫਾਸ਼ੀਵਾਦ ਦਾ ਨਾਹਰਾ ਹੀ ਹੁੰਦਾ ਹੈ। ਜਿਵੇਂ ਜਰਮਨੀ ’ਚ ਹਿਟਲਰ ਨੇ ਨਾਹਰਾ ਲਾਇਆ ਸੀ ਕਿ ਉੱਥੇ ਆਰੀਅਨ ਨਸਲ ਦੀ ਸ਼ੁੱਧਤਾ ਅਤੇ ਉਸਦੇ ਵਧਣ ਦੇ ਮੌਕਿਆਂ ਨੂੰ ਯਹੂਦੀ ਮੇਸ ਰਹੇ ਹਨ। ਇਸੇ ਲਈ ਉਸਨੇ ਯਹੂਦੀਆਂ ਨੂੰ ਮੌਤ ਦੇ ਘਾਟ ਉਤਾਰਿਆ ਸੀ।

ਸੋ ਇਸ ਅਖੰਡ ਭਾਰਤ ਦੇ ਨਾਹਰੇ ਨੂੰ ਇਹ ਨਹੀਂ ਸਮਝਣਾ ਚਾਹੀਦਾ ਕਿ ਇਹ ਕੋਈ ਦੇਸ਼-ਭਗਤੀ ਲਈ ਲਗਾਇਆ ਗਿਆ ਨਾਹਰਾ ਹੈ ਅਤੇ ਸਭ ਦੇਸ਼-ਵਾਸੀਆਂ ਲਈ ਆਰਥਕ ਤੌਰ ’ਤੇ ਬਰਾਬਰਤਾ ਨਾ ਵੀ ਸਹੀ ਪਰ ਨਾਗਰਿਕ ਤੌਰ ’ਤੇ ਬਰਾਬਰਤਾ ਸਥਾਪਤ ਕਰਨ ਲਈ ਲਾਇਆ ਜਾਂਦਾ ਹੈ। ਇਹ ਤਾਂ ਹਿੰਦੂਵਾਦੀ ਤਾਕਤਾਂ ਦੇ ਹਰ ਕਿਸਮ ਦੇ ਮਾੜੇ-ਮੋਟੇ ਵਿਰੋਧੀ ਨੂੰ ਕੁਚਲਣ ਅਤੇ ਵਿਸਤਾਰਵਾਦੀ ਨੀਤੀ ਦੇ ਤਹਿਤ ਲਗਾਇਆ ਜਾਂਦਾ ਨਾਹਰਾ ਹੈ। ਇਸ ਨੀਤੀ ਨੇ ਹਿੰਦੂਤਵਵਾਦੀ ਤਾਕਤਾਂ ਦੇ ਸਿਧਾਂਤ ਨੂੰ ਨਾ-ਮੰਨਣ ਵਾਲੇ ਹਰੇਕ ਕਿਸਮ ਦੇ ਨਾਗਰਿਕ ਨੂੰ ਕੁਚਲਣਾ ਹੀ ਕੁਚਲਣਾ ਹੈ। ਇਸ ਲਈ ਅਖੰਡ ਭਾਰਤ ਦੇ ਲਗਾਏ ਜਾਂਦੇ ਨਾਹਰੇ ਦਾ ਸਮਰਥਨ ਨਹੀਂ ਕੀਤਾ ਜਾ ਸਕਦਾ।

ਹਵਾਲੇ

1. ਭਾਰਤ ਦਾ ਇਤਿਹਾਸ ਕ.ਅਨਤੋਨੋਵਾ, ਗ.ਬੋਨਗਾਰਦ-ਲੈਵਿਨ, ਗ.ਕੋਤੋਵਸਕੀ ਪੰਜਾਬੀ ਅਨੁਵਾਦ, ਪ੍ਰਗਤੀ ਪ੍ਰਕਾਸ਼ਨ, ਮਾਸਕੋ, 1983, ਸਫਾ 56

2. ਉਹੀ, ਸਫਾ 78, 3. ਉਹੀ, ਸਫਾ 79, 4. ਉਹੀ, ਸਫਾ 79 5,6,7,8,9,10,11 ਪ੍ਰਤੀਬੱਧ 35, 12 ਫਾਸ਼ਸ਼ਿਜਮ ਆਫ ਸੰਘ ਪਰਿਵਾਰ (ਅੰਗਰੇਜ਼ੀ)-ਲੇਖਕ ਰਾਮ ਪੁਨਿਆਨੀ ਸੈਕਿੰਡ ਸੋਧਿਆ ਅਡੀਸ਼ਨ, 2002, ਪੰਨਾ 46

13. ਉਹੀ, ਪੰਨਾ 36

98769 53561

ਪੰਨਾ 35 ਦਾ ਬਾਕੀ...

ਲਈ ਤਰ੍ਹਾਂ ਤਰ੍ਹਾਂ ਦੇ ਐਂਟੀ-ਆਕਸੀਡੈਂਟ ਬਣੇ। ਕੰਪਨੀਆਂ ਨੂੰ ਵੀ ਮੌਜਾਂ ਲਗ ਗਈਆਂ।

ਫਿਰ ਖੋਜੀਆਂ ਨੇ ਸੁਚੇਤ ਕੀਤਾ ਕਿ ਸੰਪੂਰਨ ਐਂਟੀ-ਆਕਸੀਡੈਂਟ ਨਾਲ ਮੌਤ ਵੀ ਹੋ ਜਾਂਦੀ ਹੈ। ਐਂਟੀ-ਆਕਸੀਡੈਂਟ ਤਾਂ ਸਾਡੇ ਸਰੀਰ ਵਿੱਚ ਵੀ ਹੁੰਦੇ ਹਨ। ਇਨ੍ਹਾ ਦਾ ਸੰਤੁਲਨ ਰੱਖਣ ਦੀ ਤੀਹ ਚਾਲੀ ਜੀਨ ਭੂਮਿਕਾ ਨਿਭਾਉਂਦੇ ਹਨ। ਫਰੀ ਰੈਡੀਕਲ ਸਾਡੇ ਇਮਿਊਨ ਸਿਸਟਮ ਦਾ ਮਹੱਤਵ ਪੂਰਨ ਹਿੱਸਾ ਹੁੰਦੇ ਹਨ। ਜੀਵ ਵਿਗਿਆਨ ਅਤੇ ਜੀਵ ਰਸਾਇਣ ਵਿਗਿਆਨ ਫਰੀ ਰੈਡੀਕਲਾਂ ਬਗੈਰ ਨਹੀ ਚੱਲਦੇ। ਇਕ ਨੋਬੇਲ ਪੁਰਸਕਾਰ ਜੇਤੂ ਖੋਜਾਰਥੀ ਜੇਮਜ਼ ਵਾਟਸਨ ਨੇ ਤਾਂ ਇੱਥੋਂ ਤੱਕ ਲਿਖ ਦਿੱਤਾ ਕਿ ਬਾਹਰੋਂ ਵੱਧ ਮਾਤਰਾ ਵਿੱਚ ਲਏ ਹੋਏ ਐਂਟੀ-ਆਕਸੀਡੈਂਟਸ ਦਾ ਸੇਵਨ ਕੈਂਸਰ ਦਾ ਕਾਰਨ ਬਣਦਾ ਹਨ।

ਜੇ ਅਸੀਂ ਬਾਹਰੋਂ ਐਂਟੀਆਕਸੀਡੈਂਟ ਦਾ ਸੇਵਨ ਕਰ ਵੀ ਲੈਂਦੇ ਹਾਂ ਤਾਂ ਕਈ ਵਾਰ ਸਰੀਰ ਉਨ੍ਹਾਂ ਨੂੰ ਵਰਤੋਂ ਵਿੱਚ ਵੀ ਨਹੀਂ ਲਿਆਉਂਦਾ ਕਿਉਂਕਿ ਸਾਡੇ ਸਰੀਰ ਵਿੱਚ ਐਂਟੀਆਕਸੀਡੈਂਟਾਂ ਦੀ ਕਮੀ ਨਹੀਂ ਹੁੰਦੀ। ਬੁਢਾਪੇ ਵਿੱਚ ਲੋਕਾਂ ਨੂੰ ਲਗਦਾ ਹੈ ਕਿ ਸਰੀਰ ਵਿਚ ਤਾਕਤ ਜਿਹੀ ਨਹੀਂ ਹੈ ਤੇ ਉਨ੍ਹਾਂ ਨੂੰ ਊਰਜਾ ਚਾਹੀਦੀ ਹੈ। ਊਰਜਾ ਦੀ ਸਾਡੇ ਸਰੀਰ ਅੰਦਰ ਕਦੀ ਕਮੀ ਨਹੀਂ ਆਉਂਦੀ। ਕਮੀ ਹੁੰਦੀ ਹੈ ਤਾਂ ਦਿਮਾਗ ਵੱਲੋਂ ਆ ਰਹੇ ਸੰਕੇਤਾਂ ਦੀ ਹੁੰਦੀ ਹੈ। ਕਮੀ ਉਰਜਾ ਦੀ ਵਰਤੋਂ ਕਰਨ ਵਾਲੇ ਅੰਗ ਵਿੱਚ ਹੁੰਦੀ ਹੈ। ਸਾਡੇ ਅੰਦਰ ਐਂਟੀ ਆਕਸੀਡੈਂਟਾਂ ਦੀ ਘਾਟ ਨਹੀਂ ਹੁੰਦੀ। ਕੋਈ ਵੀ ਅਜੇਹਾ ਐਂਟੀ ਆਕਸੀਡੈਂਟ ਨਹੀਂ ਬਣਿਆਂ, ਜਿਸ ਦੀ ਗੋਲੀ ਜਾਂ ਕੈਪਸੂਲ ਝੱਟ ਸਾਨੂੰ ਊਰਜਾਵਾਨ ਬਣਾ ਦੇਵੇ। ਸਗੋਂ ਜੇਕਰ ਤੁਸੀਂ ਕਸਰਤ ਕਰਨ ਤੋਂ ਪਹਿਲਾਂ ਐਂਟੀ ਆਕਸੀਡੈਂਟ ਲੈ ਲੈਂਦੇ ਹੋ ਤਾਂ ਕਸਰਤ ਦਾ ਜੋ ਲਾਭ ਸਾਡੇ ਸਰੀਰ ਨੂੰ ਹੋਣਾ ਸੀ ਉਹ ਨਹੀਂ ਹੁੰਦਾ। ਪਰ ਸਰੀਰ ਇਕ ਗੁੰਝਲਦਾਰ ਰਚਨਾ ਹੈ ਜਿਸ ਵਿਚ ਸਾਰੇ ਅੰਗ ਇਕ ਦੂਜੇ ਨਾਲ ਤਾਲਮੇਲ ਵਿਚ ਕੰਮ ਕਰਦੇ ਹਨ। ਊਰਜਾ ਪੈਦਾ ਕਰਨ ਵਾਲੀਆਂ ਦਵਾਈਆਂ ਭਾਵੇਂ ਜਿੰਨੀਆਂ ਮਰਜੀ ਮਹਿੰਗੀਆਂ ਲੈ ਲਈਆਂ ਜਾਣ, ਇਹ ਸਿਰਫ਼ ਮਹਿੰਗਾ ਪਿਸ਼ਾਬ ਹੀ ਪੈਦਾ ਕਰਦੀਆਂ ਹਨ ਪਰ ਸਰੀਰ ਦਾ ਕੁੱਝ ਘੱਟ ਹੀ ਸੰਵਾਰਦੀਆਂ ਹਨ। ਆਜ ਕੀ ਮੁਲਾਕਾਤ ਬਸ ਇਤਨੀ।

ਸ਼ਬਦੀ ਰੂਪ: ਹਰੀਕ੍ਰਿਸ਼ਨ ਮਾਇਰ / ਜਸਵੰਤ ਮੁਹਾਲੀ

97806 67686

ਇਤਿਹਾਸ ਦੇ ਝਰੋਖੇ 'ਚੋਂ

ਮਾਤਾਦੀਨ ਬਨਾਮ ਮੰਗਲ ਪਾਂਡੇ



ਸਰਬਜੀਤ ਸੋਹੀ

ਭਾਰਤੀ ਆਜਾਦੀ ਦੇ ਇਤਿਹਾਸ ਵਿਚ 1857 ਦਾ ਵਿਦਰੋਹ ਆਜਾਦੀ ਦੀ ਪਹਿਲੀ ਲੜਾਈ ਵਜੋਂ ਦਰਜ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਵੀ ਕਈ ਲੜਾਈਆਂ ਭਾਰਤੀ ਰਾਜਿਆਂ-ਮਹਾਰਾਜਿਆਂ ਅਤੇ ਦੇਸ਼ ਭਗਤਾਂ ਦੀ ਅਗਵਾਈ ਹੇਠ ਬ੍ਰਿਟਿਸ਼ ਬਸਤੀਵਾਦ ਦੇ ਖਿਲਾਫ਼ ਲੜੀਆਂ ਗਈਆਂ ਸਨ, ਪਰ ਉਹਨਾਂ ਦਾ ਦਾਇਰਾ ਇਕ ਸਥਾਨਿਕ ਖੇਤਰ ਤੱਕ ਸੀਮਤ ਸੀ। ਪਰ ਅਠਾਰਾਂ ਸੌ ਸਤਵੰਜਾ ਦੀ ਬਗਾਵਤ ਦੀ ਅਗਵਾਈ ਕਰਨ ਵਾਲਿਆਂ ਵਿਚ ਅਨੇਕਾਂ ਨਵਾਬ, ਰਾਜੇ-ਮਹਾਰਾਜੇ ਅਤੇ ਲੋਕ ਨਾਇਕ ਸਾਮਲ ਸਨ। ਇਸ ਦਾ ਯੁੱਧ ਖੇਤਰ ਸਮੁੱਚਾ ਮੱਧ ਭਾਰਤ ਸੀ।



ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਇਸ ਵਿਦਰੋਹ ਦੀ ਸ਼ੁਰੂਆਤ ਮੰਗਲ ਪਾਂਡੇ ਨਾਂ ਦੇ ਇਕ ਬ੍ਰਾਹਮਣ ਸੈਨਿਕ ਦੁਆਰਾ ਇਕ ਅੰਗਰੇਜ ਅਧਿਕਾਰੀ ਦੀ ਹੁਕਮ ਅਦੂਲੀ ਕਰਨ ਨਾਲ ਹੋਈ ਸੀ। ਪਰ ਇਸ ਨਾਲ ਜੁੜੇ ਦਲਿਤ ਲੋਕ ਨਾਇਕ ਸ਼ਹੀਦ ਮਾਤਾਦੀਨ ਦਾ ਨਾਮ ਇਤਿਹਾਸ ਦੇ ਵਰਕਿਆਂ ਵਿੱਚੋਂ ਗੈਰ-ਹਾਜਰ ਹੈ। ਆਓ ਇਸ ਧੁੰਦਲੇ ਅਧਿਆਇ ਤੋਂ ਵਾਕਫ ਹੋਈਏ ਕਿ ਆਖਰ ਮਾਤਾਦੀਨ ਦੀ ਸ਼ਹਾਦਤ ਮਨੂੰਵਾਦੀ ਮੰਗਲ ਪਾਂਡੇ ਦੀ ਜੈ-ਜੈ ਕਾਰ ਵਿਚ ਗੁਆਚ ਕਿਵੇਂ ਗਈ ?

ਸੰਨ 1757 ਵਿਚ ਪਲਾਸੀ ਦੀ ਲੜਾਈ ਵਿਚ ਹੋਈ ਜਿੱਤ ਤੋਂ ਬਾਅਦ ਹੌਲੀ ਹੌਲੀ ਗੋਰਿਆਂ ਦਾ ਸਾਮਰਾਜ ਬੰਗਾਲ ਤੋਂ ਫੈਲਦਾ ਹੋਇਆ ਕਾਫੀ ਵਿਸ਼ਾਲ ਹੋ ਚੁੱਕਾ ਸੀ। ਇਨ੍ਹਾਂ ਸੌ ਸਾਲਾਂ ਵਿਚ ਜਿੱਥੇ ਬ੍ਰਿਟਿਸ਼ ਸਾਮਰਾਜ ਲਈ ਵਫਾਦਾਰੀਆਂ ਪੇਸ਼ ਕਰਨ ਵਾਲਿਆਂ ਦੀ ਕੋਈ ਕਮੀ ਨਹੀਂ ਸੀ, ਉੱਥੇ ਸਮੇਂ-ਸਮੇਂ 'ਤੇ ਦੇਸੀ ਰਿਆਸਤਾਂ ਦੇ ਮਾਲਕਾਂ ਵੱਲੋਂ ਬਗਾਵਤ ਦੀਆਂ ਚਿਣਗਾਂ ਵੀ ਉੱਠਦੀਆਂ ਰਹੀਆਂ ਜੋ ਕਿ ਸੈਨਿਕ ਤੌਰ 'ਤੇ ਮਜਬੂਤ ਅਤੇ ਰਾਜਨੀਤਕ ਤੌਰ 'ਤੇ ਚਲਾਕ ਗੋਰੀ ਹਕੂਮਤ ਨੇ ਦਬਾ ਦਿੱਤੀਆਂ। ਪਰ 1857 ਦੀ ਕ੍ਰਾਂਤੀ ਨੂੰ ਐਲਾਨੀਆ ਆਜਾਦੀ ਦੀ ਪਹਿਲੀ ਲੜਾਈ ਮੰਨਿਆ ਜਾਂਦਾ ਹੈ। ਇਸ ਸਮੁੱਚੀ ਕ੍ਰਾਂਤੀ ਦਾ ਸਿਹਰਾ ਭਾਰਤੀ ਇਤਿਹਾਸਕਾਰਾਂ ਨੇ ਮੰਗਲ ਪਾਂਡੇ ਨੂੰ ਦਿੱਤਾ ਹੈ, ਪਰ ਅਸਲ ਵਿੱਚ ਮਾਤਾਦੀਨ ਵਾਲਮੀਕੀ ਇਸ ਕ੍ਰਾਂਤੀ ਦਾ ਜਨਮਦਾਤਾ ਹੈ।

ਮਾਤਾਦੀਨ ਦੇ ਪੂਰਵਜ ਬ੍ਰਿਟਿਸ਼ ਰਾਜ ਦੌਰਾਨ ਸਰਕਾਰੀ ਨੌਕਰੀਆਂ ਵਿੱਚ ਸਨ। ਇਸ ਲਈ ਜਲਦੀ ਹੀ ਮਾਤਾਦੀਨ ਨੂੰ ਬੈਰਕਪੁਰ ਫੈਕਟਰੀ ਵਿੱਚ ਖਲਾਸੀ ਦੀ ਨੌਕਰੀ ਵੀ ਮਿਲ ਗਈ। ਇੱਥੇ ਬ੍ਰਿਟਿਸ਼ ਫੌਜ ਦੇ ਸਿਪਾਹੀਆਂ ਲਈ ਕਾਰਤੂਸ ਬਣਾਏ ਜਾਂਦੇ ਸਨ। ਮਾਤਾਦੀਨ ਨੂੰ ਕੁਸਤੀ ਦਾ ਸੌਂਕ ਵੀ ਸੀ। ਉਹ ਇਸ ਕੁਸਤੀ ਕਲਾ ਵਿੱਚ ਮੁਹਾਰਤ ਹਾਸਲ ਕਰਨਾ ਚਾਹੁੰਦਾ ਸੀ, ਪਰ ਇੱਕ ਅਖੌਤੀ ਅਛੂਤ ਹੋਣ ਕਰਕੇ, ਕੋਈ ਵੀ ਹਿੰਦੂ ਉਸਤਾਦ ਉਸਨੂੰ ਆਪਣਾ ਚੇਲਾ ਬਣਾਉਣ ਲਈ ਤਿਆਰ ਨਹੀਂ ਸੀ। ਅਖੀਰ ਵਿੱਚ ਮਾਤਾਦੀਨ ਦੀ ਕੁਸਤੀ ਸਿੱਖਣ ਦੀ ਇੱਛਾ ਪੂਰੀ ਹੋ ਗਈ ਅਤੇ ਇੱਕ ਮੁਸਲਿਮ ਖਲੀਫਾ ਇਸਲਾਉਦੀਨ, ਜੋ ਪਲਟਨ ਨੰਬਰ 70 ਵਿੱਚ ਬੈਂਡ ਵਜਾਉਂਦਾ ਸੀ, ਨੇ ਮਾਤਾਦੀਨ ਨੂੰ ਕੁਸਤੀ ਸਿਖਾਉਣ ਲਈ ਸਹਿਮਤੀ ਦੇ ਦਿੱਤੀ। ਮਾਤਾਦੀਨ ਸਰੀਰਕ ਪੱਖੋਂ ਬਹੁਤ ਤਾਕਤਵਰ ਸੀ। ਉਹ ਜਲਦ ਹੀ ਕੁਸਤੀ ਕਰਨ ਵਿਚ ਨਿਪੁੰਨ ਹੋ ਗਿਆ। ਇਸ ਕੁਸਤੀ ਕਲਾ ਦੇ ਕਾਰਨ ਹੀ ਮਾਤਾਦੀਨ ਦੀ ਸੈਨਾ ਵਿਚ ਮੰਗਲ ਪਾਂਡੇ ਨਾਲ ਜਾਣ -ਪਛਾਣ ਹੋ ਗਈ। ਪਰ ਮਾਤਾਦੀਨ ਦੀ ਜਾਤ ਬਾਰੇ ਜਾਣਨ ਤੋਂ ਤੁਰੰਤ ਬਾਅਦ, ਮੰਗਲ ਪਾਂਡੇ ਦਾ ਉਸਦੇ ਪ੍ਰਤੀ ਵਿਵਹਾਰ ਬਦਲ ਗਿਆ।

ਇੱਕ ਦਿਨ ਕੁਸਤੀ ਅਭਿਆਸ ਦੌਰਾਨ ਗਰਮੀ ਵਿੱਚ ਪਸੀਨੇ ਨਾਲ ਭਿੱਜੇ ਹੋਏ ਮਾਤਾਦੀਨ ਨੇ ਮੰਗਲ ਪਾਂਡੇ ਤੋਂ ਉਸ ਦੇ ਲੋਟੇ ਵਿਚੋਂ ਪਾਣੀ ਮੰਗ ਲਿਆ। ਇਹ ਸੁਣ ਕੇ ਮੰਗਲ ਪਾਂਡੇ ਦੇ ਅੰਦਰਲਾ ਮਨੂੰਵਾਦੀ ਬ੍ਰਾਹਮਣ ਜਾਗ ਪਿਆ। ਉਸ ਨੇ ਇਕ ਅਛੂਤ ਦੁਆਰਾ ਪਾਣੀ ਦਾ ਲੋਟਾ ਸਾਂਝਾਂ ਕਰਨ ਲਈ ਕਹਿਣ ਤੇ ਉਸ ਨੂੰ ਝਿੜਕਦਿਆਂ ਕਿਹਾ "ਕੀ ਤੂੰ ਮੇਰੇ ਲੋਟੇ ਨੂੰ ਛੂੰਹ ਕੇ ਹੁਣ ਅਪਵਿੱਤਰ ਕਰੇਂਗਾ ?" ਇਸ ਸਵਾਲ ਨਾਲ ਹੀ 1857 ਦੇ ਇਨਕਲਾਬ ਦੀ ਨੀਂਹ ਰੱਖੀ ਗਈ ਸੀ। ਮਾਤਾਦੀਨ ਨੇ ਮੰਗਲ ਪਾਂਡੇ ਨੂੰ ਚੁਣੌਤੀ ਦਿੰਦੇ ਹੋਏ ਕਿਹਾ ਕਿ "ਜਦੋਂ ਤੁਸੀਂ ਅਤੇ ਤੁਹਾਡੇ ਵਰਗੇ ਬਾਕੀ ਬ੍ਰਾਹਮਣ ਗਾਂ ਅਤੇ ਸੂਰ ਦੀ ਚਰਬੀ ਨਾਲ ਬਣੇ ਕਾਰਤੂਸ ਮੂੰਹ ਨਾਲ ਖੋਲ੍ਹ ਕੇ ਬੰਦੂਕਾਂ ਵਿੱਚ ਭਰ ਲੈਂਦੇ ਹੋ ਤਾਂ ਤੁਹਾਡਾ ਪੁਜਾਰੀਵਾਦ ਕਿੱਥੇ ਜਾਂਦਾ ਹੈ ?" ਇਹ ਸੁਣ ਕੇ ਮੰਗਲ ਪਾਂਡੇ ਹੈਰਾਨ ਰਹਿ ਗਿਆ। ਉਹਦੀ ਬੋਲਤੀ ਬੰਦ ਹੋ ਗਈ।

ਮਾਤਾਦੀਨ ਦੁਆਰਾ ਕਹੇ ਗਏ ਸ਼ਬਦ ਮੰਗਲ ਪਾਂਡੇ ਦੀ ਜਾਤੀ ਹਉਮੈ ਨੂੰ ਚੀਰਦੇ ਹੋਏ ਹਿੱਕ ਵਿਚੋਂ ਦੀ ਲੰਘ ਗਏ।

ਮੰਗਲ ਪਾਂਡੇ ਨੂੰ ਮਹਿਸੂਸ ਹੋਇਆ ਕਿ ਜੋ ਕਾਰਤੂਸ ਉਹ ਮੂੰਹ ਨਾਲ ਛਿੱਲ ਕੇ ਬੰਦੂਕ ਵਿਚ ਭਰਦੇ ਹਨ ਵਾਕਿਆ ਹੀ ਗਾਂ ਦੀ ਚਰਬੀ ਨਾਲ ਬਣੇ ਹੋਣਗੇ। ਜਲਦੀ ਹੀ ਮਾਤਾਦੀਨ ਦੁਆਰਾ ਆਖੇ ਗਏ ਇਹ ਸਬਦ ਹਰ ਬਟਾਲੀਅਨ ਅਤੇ ਹਰ ਛਾਉਣੀ ਵਿੱਚ ਜੰਗਲ ਦੀ ਅੱਗ ਵਾਂਗੂੰ ਫੈਲ ਗਏ। ਮਾਤਾਦੀਨ ਦੁਆਰਾ ਕਹੇ ਗਏ ਕੌੜੇ ਸੱਚ ਨੇ ਫੌਜ ਵਿੱਚ ਬਗਾਵਤ ਦੀ ਸਥਿਤੀ ਪੈਦਾ ਕਰ ਦਿੱਤੀ। ਸਾਰੇ ਹਿੰਦੂ ਸਿਪਾਹੀ ਧੁਖ ਰਹੇ ਸਨ। ਮਿਤੀ 29 ਮਾਰਚ 1857 ਨੂੰ ਮੰਗਲ ਪਾਂਡੇ ਨੇ ਪਰੇਡ ਮੈਦਾਨ ਵਿੱਚ ਲਾਈਨ ਤੋਂ ਬਾਹਰ ਆ ਕੇ ਸੈਨਿਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਜੋ ਵੀ ਫਰੰਗੀ ਨਜਰ ਆਏ ਉਸ ਨੂੰ ਮਾਰ ਦੇਣਾ ਚਾਹੀਦਾ ਹੈ। ਉਸ ਦੀ ਰਿਪੋਰਟ ਉਪਰਲੇ ਅਧਿਕਾਰੀਆਂ ਕੋਲ ਪਹੁੰਚੀ ਤਾਂ ਅੰਗਰੇਜ ਲੈਫਟੀਨੈਂਟ ਬਾਗ ਤਫਤੀਸ ਲਈ ਆਇਆ। ਮੰਗਲ ਪਾਂਡੇ ਨੇ ਪਹਿਲਾਂ ਉਸ ਨੂੰ (ਹਲਕੀ ਬੰਦੂਕ) ਨਾਲ ਗੋਲੀ ਮਾਰੀ ਅਤੇ ਫਿਰ ਤਲਵਾਰ ਨਾਲ ਵਾਰ ਕਰਕੇ ਉਸ ਨੂੰ ਮਾਰਨ ਦੀ ਕੋਸ਼ਿਸ਼ ਕੀਤੀ। ਉਹ ਸਖਤ ਜਖਮੀ ਹੋ ਗਿਆ। ਪਰ ਇਕ ਹੋਰ ਭਾਰਤੀ ਸੈਨਿਕ ਸੇਖ ਪਲਟੂ ਦੇ ਵਿਚ ਆਉਣ ਨਾਲ ਉਸ ਦਾ ਬਚਾਅ ਹੋ ਗਿਆ।

ਇਸ ਘਟਨਾ ਦੌਰਾਨ ਇਕ ਗੋਰਾ ਅਫਸਰ ਵੀ ਮੰਗਲ ਪਾਂਡੇ ਨੂੰ ਦਬੋਚਣ ਲਈ ਆ ਪਹੁੰਚਾ। ਕਾਫੀ ਜਦੋ-ਜਹਿਦ ਬਾਅਦ ਆਖਰਕਾਰ ਮੰਗਲ ਪਾਂਡੇ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪਰ ਇਸ ਘਟਨਾ ਨਾਲ ਚਾਰ-ਚੁਫੇਰੇ ਬਗਾਵਤ ਫੈਲ ਗਈ। ਹਿੰਦੂ-ਮੁਸਲਮਾਨ ਸੈਨਿਕਾਂ ਨੇ ਬ੍ਰਿਟਿਸ਼ ਸਾਸਨ ਦੇ ਖਿਲਾਫ਼ ਹਥਿਆਰ ਚੁੱਕ ਲਏ। ਗ੍ਰਿਫਤਾਰੀ ਤੋਂ ਬਾਅਦ ਮੰਗਲ ਪਾਂਡੇ ਨੂੰ ਫਾਂਸੀ ਦੇ ਦਿੱਤੀ ਗਈ। ਮੰਗਲ ਪਾਂਡੇ ਨੂੰ ਫਾਂਸੀ ਦੇਣ ਬਾਰੇ ਤਾਂ ਹਰ ਕੋਈ ਜਾਣਦਾ ਹੈ, ਪਰ ਬਹੁਤ ਸਾਰੇ ਲੋਕ ਅਜੇ ਵੀ ਇੱਕ ਸੱਚਾਈ ਤੋਂ ਅਣਜਾਣ ਹਨ ਕਿ ਦਲਿਤ ਸੈਨਿਕ ਮਾਤਾਦੀਨ ਨੂੰ ਵੀ ਬ੍ਰਿਟਿਸ਼ ਨੇ ਬਗਾਵਤ ਫੈਲਾਉਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਸੀ, ਉਸ ਤੋਂ ਬਾਅਦ ਮਾਤਾਦੀਨ ਨੂੰ ਵੀ ਅੰਗਰੇਜਾਂ ਨੇ ਫਾਂਸੀ ਦੇ ਦਿੱਤੀ। ਪਰ ਅਫਸੋਸ ਕਿ ਜਾਤੀਵਾਦੀ ਜਹਿਰ ਨਾਲ ਭਰਿਆ ਮੰਗਲ ਪਾਂਡੇ ਤਾਂ ਲੋਕਾਂ ਲਈ ਹੀਰੋ ਬਣ ਗਿਆ, ਜਦ ਕਿ ਦਲਿਤ ਸ਼ਹੀਦ ਮਾਤਾਦੀਨ ਦਾ ਨਾਮ ਵਕਤ ਦੀ ਧੂੜ ਵਿਚ ਗੁਆਚ ਗਿਆ।

ਮਾਤਾਦੀਨ ਦੀ ਸ਼ਹਾਦਤ ਸਾਡੇ ਕੋਲੋਂ ਦੋਹਰਾ ਸਨਮਾਨ ਮੰਗਦੀ ਹੈ, ਇਕ ਤਾਂ ਸਦੀਆਂ ਤੋਂ ਦਬਾਏ ਗਏ ਵਰਗ ਵਿੱਚ ਪੈਦਾ ਹੋ ਕੇ ਫਿਰੰਗੀ ਦੀ ਸੈਨਾ ਵਿਚ ਇਕ ਬ੍ਰਾਹਮਣਵਾਦੀ ਸੈਨਿਕ ਦੇ ਸਾਹਮਣੇ ਖਲੋ ਕੇ ਸੱਚ ਕਹਿਣ ਦੀ ਹਿੰਮਤ ਕਰਨਾ ਅਤੇ ਦੂਸਰਾ ਗੋਰਿਆਂ ਦੁਆਰਾ ਉਸ ਨੂੰ ਇਸ ਬਗਾਵਤ ਦਾ ਸੂਤਰਧਾਰ ਮੰਨਦਿਆਂ ਫਾਂਸੀ 'ਤੇ ਲਟਕਾ ਕੇ ਸ਼ਹੀਦ ਕਰ ਦੇਣਾ। ਮਾਤਾਦੀਨ ਦੀ ਸਹੀਦੀ ਮਨੂੰਵਾਦੀ ਮੰਗਲ ਪਾਂਡੇ ਦੇ ਮੁਕਾਬਲੇ ਬਹੁਤ ਉੱਚੇ ਅਰਥਾਂ ਵਾਲੀ ਹੈ। ਮਾਤਾਦੀਨ ਨੇ ਜਾਤੀ ਵਿਵਸਥਾ ਦੇ ਅੰਤਰਗਤ ਜਿੱਥੇ ਆਪਣੇ ਨਿੱਜੀ ਗੌਰਵ ਨੂੰ ਲੱਗਿਆ ਸੇਕ ਵੀ ਝੱਲਿਆ ਹੈ, ਉੱਥੇ ਬਸਤੀਵਾਦੀ ਨਿਆਂ ਵਿਵਸਥਾ ਦੇ ਅੰਤਰਗਤ ਬਗਾਵਤ ਦਾ ਮੁੱਢ ਬੰਨ੍ਹਣ ਲਈ ਆਪਾ ਵੀ ਮਾਰਿਆ ਹੈ। ਆਓ ਇਤਿਹਾਸ ਦੇ ਵਰਕਿਆਂ ਤੇ ਪਸਰੀ ਹੋਈ ਗਰਦ ਨੂੰ ਪਰੇ ਕਰਕੇ ਸ਼ਹੀਦ ਮਾਤਾਦੀਨ ਵੱਲੋਂ ਦੇਸ ਦੀ ਗੁਲਾਮੀ ਅਤੇ ਮਨੂੰਵਾਦੀ ਜਹਾਲਤ ਨੂੰ ਦੂਰ ਕਰਨ ਦੇ ਯਤਨ ਨੂੰ ਯਾਦ ਕਰੀਏ, ਆਓ ਉਸ ਸਰੀਰਕ ਅਤੇ ਬੌਧਿਕ ਦੋਵਾਂ ਪੱਖਾਂ ਤੋਂ ਬਹਾਦਰ ਨਾਇਕ ਨੂੰ ਨਮਨ ਕਰੀਏ !

ਇਕਾਈ ਬਠਿੰਡਾ ਲਈ ਸਹਾਇਤਾ

(ਬਠਿੰਡਾ ਦਫਤਰ ਲਈ)


1.	ਗੁਰਜੰਟ ਸਿੰਘ ਪਿੰਡ ਮਹਿਤਾ	500
2.	ਮਨਦੀਪ ਸਿੰਘ ਡੀ.ਪੀ.ਈ. ਬੰਗੀ ਕਲਾਂ	1000
3.	ਜਗਮੇਲ ਸਿੰਘ ਜਠੌਲ	500
4.	ਜੇ.ਐੱਸ. ਦਿਓਲ	500
5.	ਇੱਕ ਤਰਕਸ਼ੀਲ ਪਾਠਕ, ਬਠਿੰਡਾ	5000
6.	ਮੂਲ ਰਾਜ, ਇਕਾਈ ਬਠਿੰਡਾ	2000
7.	ਵਿਸ਼ਨ ਕੁਮਾਰ, ਹਿੰਦੀ ਮਾਸਟਰ, ਰਾਮਾ ਮੰਡੀ	1100
8.	ਸਿਸ਼ਨ ਕੁਮਾਰ ਜੈਨ, ਮਾਡਲ ਟਾਊਨ, ਬਠਿੰਡਾ	5100
9.	ਡਾ. ਨਵਦੀਪ ਸਿੰਘ ਪੁੱਤਰ ਗੁਰਚਰਨ ਸਿੰਘ ਖੇਮੋਆਣਾ	5000
10.	ਅਵਤਾਰ ਸਿੰਘ, ਮਾਡਲ ਟਾਊਨ ਫੇਜ਼ 1	1100
11.	ਹਰਨੇਕ ਸਿੰਘ, AOEPFO ਬਠਿੰਡਾ	1000
12.	ਗੁਪਤ	1000
13.	ਭੂਰਾ ਸਿੰਘ ਮਹਿਮਾ ਸਰਜਾ	10000
14.	ਪ੍ਰਿਤਪਾਲ ਸਿੰਘ ਮੰਡੀ ਕਲਾਂ	5000
15.	ਹਰਤੇਜ ਸਿੰਘ ਉਰਫ ਲੱਖਾ ਸਿੰਘ ਸਿਵੀਆਂ, (ਮਾਤਾ ਮਹਿੰਦਰ ਕੌਰ ਦੀ ਯਾਦ 'ਚ)	1100
16.	ਜੋਗਿੰਦਰ ਸਿੰਘ ਜ਼ਿਲੇਦਾਰ, ਇਕਾਈ ਬਠਿੰਡਾ	2000
17.	ਨਰਿੰਦਰ ਸਿੰਘ ਮੈਥ ਮਾਸਟਰ (ਸੇਵਾ ਨਵਿਰਤੀ 'ਤੇ)	1100
18.	ਮਾ. ਗੁਰਮੇਲ ਸਿੰਘ, ਘੁੱਦਾ HT, ਮੰਡੀ ਖੁਰਦ	1000
19.	ਹਰਿੰਦਰ ਕੁਮਾਰ, ਬਠਿੰਡਾ	10000
20.	ਸੁਖਵਿੰਦਰਪਾਲ ਵਿਰਕ, ਇਕਾਈ ਬਠਿੰਡਾ	1000
21.	ਡਾ. ਰਾਜ ਕੁਮਾਰ ਬਾਂਸਲ, ਬਠਿੰਡਾ	1000

ਪੜ੍ਹਨਯੋਗ ਚੰਗੀਆਂ ਪੁਸਤਕਾਂ-2

ਹਿੰਟਸ ਫ਼ਾਰ ਸੈਲਫ-ਕਲਚਰ

(Hints For Self Culture)

ਰਾਜਪਾਲ ਸਿੰਘ



ਲਾਲਾ ਹਰਦਿਆਲ ਬੌਧਿਕ ਪੱਖੋਂ ਬਹੁਤ ਵੱਡੀ ਸ਼ਖ਼ਸੀਅਤ ਸਨ। ਉਨ੍ਹਾਂ ਦਾ ਗ਼ਦਰ ਲਹਿਰ ਵਿੱਚ ਪਾਇਆ ਯੋਗਦਾਨ ਵੀ ਬਹੁਤ ਮਹੱਤਵਪੂਰਨ ਸੀ। ਇਹ ਜ਼ਰੂਰ ਹੈ ਕਿ ਜਦ ਇਹ ਲਹਿਰ ਅਸਫਲ ਹੋ ਗਈ ਤਾਂ ਉਨ੍ਹਾਂ ਨੇ ਕੁਝ ਸਮੇਂ ਬਾਅਦ ਭਾਰਤ ਦੀ ਆਜਾਦੀ ਲਹਿਰ ਨਾਲੋਂ ਨਾਤਾ ਤੋੜ ਲਿਆ ਅਤੇ ਨਿਰੋਲ ਬੌਧਿਕ ਕੰਮਾਂ ਵਿੱਚ ਰੁਝ ਗਏ। ਪਰ ਇਸ ਨਾਲ ਉਨ੍ਹਾਂ ਦੇ ਯੋਗਦਾਨ ਨੂੰ ਘਟਾ ਕੇ ਨਹੀਂ ਵੇਖਿਆ ਜਾ ਸਕਦਾ। ਇਸ ਦੂਜੇ ਦੌਰ ਵਿੱਚ ਹੀ ਉਨ੍ਹਾਂ ਨੇ ਆਪਣੀ ਸੰਸਾਰ ਪ੍ਰਸਿੱਧ ਪੁਸਤਕ– Hints for Self Culture ਲਿਖੀ। ਇਹ ਅਜਿਹੀ ਪੁਸਤਕ ਹੈ ਜੋ ਹਰ ਪੜ੍ਹੇ ਲਿਖੇ ਵਿਅਕਤੀ ਨੂੰ ਜ਼ਰੂਰ ਪੜ੍ਹਨੀ ਚਾਹੀਦੀ ਹੈ। ਇਸ ਪੁਸਤਕ ਵਿੱਚ ਆਪਣੇ ਮਾਨਸਿਕ, ਸਰੀਰਕ, ਸਦਾਚਾਰਕ ਅਤੇ ਕਲਾਤਮਿਕ ਵਿਕਾਸ ਲਈ ਜੋ ਨੁਕਤੇ ਦਿੱਤੇ ਗਏ ਹਨ ਉਹ ਅੱਜ ਵੀ ਉਨੇ ਹੀ ਮਹੱਤਵਪੂਰਨ ਅਤੇ ਸੇਧ ਦੇਣ ਵਾਲੇ ਹਨ, ਜਿੰਨੇ 90 ਸਾਲ ਪਹਿਲਾਂ ਇਸ ਪੁਸਤਕ ਨੂੰ ਲਿਖਣ ਵੇਲੇ ਸਨ। ਵਧੀਆ ਪੁਸਤਕ ਉਹੀ ਹੁੰਦੀ ਹੈ ਜਿਸ ਦੀ ਮਹੱਤਤਾ ਸਮਾਂ ਬੀਤਣ ਨਾਲ ਘਟਦੀ ਨਹੀਂ। ਇਸ ਪੁਸਤਕ ਦੀ ਮਹੱਤਤਾ ਇਸ ਗੱਲ ਤੋਂ ਵੀ ਪਤਾ ਚਲਦੀ ਹੈ ਕਿ ਪੰਜਾਬੀ ਵਿੱਚ ਇਸ ਦੇ ਤਿੰਨ ਅਨੁਵਾਦ ਮਿਲਦੇ ਹਨ–

1. **'ਆਤਮ ਵਿਕਾਸ ਦਾ ਮਾਰਗ'**
   ਅਨੁਵਾਦਕ – ਅਨੇਮਨ ਸਿੰਘ
   ਪ੍ਰਕਾਸ਼ਕ – ਸੰਗਮ ਪਬਲੀਕੇਸ਼ਨਜ਼।
2. **'ਸਵੈ-ਵਿਕਾਸ ਦੇ ਗੁਰ'**
   ਅਨੁਵਾਦਕ – ਗੁਰਦਿੱਤ ਸਿੰਘ ਕੰਗ
   ਪ੍ਰਕਾਸ਼ਕ – ਲਾਹੌਰ ਬੁੱਕ ਸ਼ਾਪ।
3. **'ਸਵੈ-ਵਿਕਾਸ ਦਾ ਮਾਰਗ'**
   ਅਨੁਵਾਦਕ – ਪ੍ਰੋ. ਅੱਛਰੂ ਸਿੰਘ
   ਪ੍ਰਕਾਸ਼ਕ – ਯੂਨੀਸਟਾਰ ਬੁਕਸ।

ਸ਼ਖ਼ਸੀਅਤ ਦੇ ਵਿਕਾਸ ਲਈ ਲਿਖੀ ਇਸ ਪੁਸਤਕ ਵਿੱਚ ਸਭ ਤੋਂ ਪਹਿਲਾ ਕੰਮ ਮਾਨਸਿਕ ਵਿਕਾਸ ਨੂੰ ਮੰਨਿਆ ਗਿਆ ਹੈ ਅਤੇ ਮਾਨਸਿਕ ਵਿਕਾਸ ਲਈ ਸਭ ਤੋਂ ਵੱਧ ਜੋਰ ਕਿਤਾਬਾਂ ਪੜ੍ਹਨ ਉੱਤੇ ਹੈ। ਪੁਸਤਕ ਵਿੱਚ ਦਰਜ ਹੈ–

'ਆਪਣੇ ਜੀਵਨ ਵਿਚੋਂ ਰੋਜਾਨਾ ਕੁਝ ਸਮਾਂ ਕਿਤਾਬਾਂ ਪੜ੍ਹਨ ਲਈ ਜਰੂਰ ਕੱਢੋ। ਤੁਸੀਂ ਆਪਣੇ ਸਰੀਰ ਨੂੰ ਦਿਨ



ਵਿੱਚ ਕਈ ਵਾਰ ਖੁਆਉਂਦੇ ਹੋ, ਸੋ ਆਪਣੇ ਮਨ ਨੂੰ ਭੁੱਖਾ ਨਾ ਰੱਖੋ। ਚੰਗੀਆਂ ਕਿਤਾਬਾਂ ਦੀ ਭਾਲ ਕਰੋ। ਇੱਕ ਨਿੱਜੀ ਲਾਇਬ੍ਰੇਰੀ ਜਰੂਰ ਬਣਾਓ ਚਾਹੇ ਇਹ ਛੋਟੀ ਹੀ ਹੋਵੇ।...ਹਰ ਕਿਤਾਬ ਜੋ ਤੁਸੀਂ ਪੜ੍ਹਦੇ ਹੋ ਉਸ ਨਾਲ ਤੁਹਾਡਾ ਮਾਨਸਿਕ ਕੱਦ ਕੁਝ ਨਾ ਕੁਝ ਜਰੂਰ ਵਧ ਜਾਂਦਾ ਹੈ...ਪੁਸਤਕਾਂ ਅਤੇ ਰਸਾਲੇ ਖਰੀਦਣ ਲਈ ਆਪਣੀ ਆਮਦਨ ਦਾ ਇੱਕ ਹਿੱਸਾ ਵੱਖਰਾ ਰੱਖਿਆ ਕਰੋ। ਇਸ ਰਕਮ ਨੂੰ ਪੁਸਤਕ ਫੰਡ ਸਮਝ ਲਵੋ ਅਤੇ ਇਸ ਵਿਚੋਂ ਕਿਸੇ ਹੋਰ ਕਾਰਜ ਲਈ ਕੁਝ ਨਾ ਕੱਢੋ' ਨਾਲ ਉਹ ਇਹ ਵੀ ਸਲਾਹ ਦਿੰਦੇ ਹਨ ਕਿ 'ਜੋ ਪੜ੍ਹਦੇ ਹੋ ਉਸਦੇ ਨੋਟਸ ਅਤੇ ਸਾਰ ਜਰੂਰ ਬਣਾਓ, ਨਹੀਂ ਤਾਂ ਤੁਹਾਡਾ ਪੜ੍ਹਨਾ ਢਾਲਵੀਂ ਛੱਤ ਉੱਤੇ ਪਈ ਵਰਖਾ ਵਾਂਗ ਹੀ ਹੋਵੇਗਾ।'

ਇਸ ਤੋਂ ਅਗਲੀ ਗੱਲ, ਜੋ ਬਹੁਤ ਮਹੱਤਵਪੂਰਨ ਹੈ, ਉਹ ਇਸ ਤਰ੍ਹਾਂ ਹਾਸਲ ਕੀਤੇ ਗਿਆਨ ਦੀ ਵਰਤੋਂ ਬਾਰੇ ਹੈ। ਲਾਲਾ ਹਰਦਿਆਲ ਚਾਹੁੰਦੇ ਹਨ ਕਿ ਕਿਤਾਬਾਂ ਤੋਂ ਜੋ ਗਿਆਨ ਹਾਸਲ ਹੋਵੇ ਉਹ ਮਨੁੱਖਤਾ ਦੇ ਭਲੇ ਲਈ ਲਗਾਇਆ ਜਾਵੇ ਨਾ ਕਿ ਲੋਕਾਂ ਨੂੰ ਲੁੱਟਣ ਲਈ। ਉਨ੍ਹਾਂ ਦੇ ਸ਼ਬਦਾਂ ਵਿੱਚ –'ਤੁਸੀਂ ਦਿਮਾਗ ਨੂੰ ਪੈਸੇ ਵਿੱਚ ਬਦਲ ਸਕਦੇ ਹੋ, ਪਰ ਤਦ

ਤੁਸੀਂ ਕੁਦਰਤ ਦੇ ਇਸ ਅਨਮੋਲ ਤੋਹਫੇ ਦੀ ਦੁਰਵਰਤੋਂ ਕਰ ਰਹੇ ਹੋਵੋਗੇ। ਸੂਝ-ਬੂਝ ਤਾਂ ਵਿਕਾਸ ਲਈ ਅਤੇ ਸਮਾਜ-ਸੇਵਾ ਲਈ ਵਰਤਣੀ ਚਾਹੀਦੀ ਹੈ। ਇਹ ਤੁਹਾਡੇ ਸਾਥੀ ਮਨੁੱਖਾਂ ਦਾ ਸ਼ੋਸ਼ਣ ਕਰਨ ਲਈ ਨਹੀਂ ਵਰਤੀ ਜਾਣੀ ਚਾਹੀਦੀ। ਜੇ ਤੁਸੀਂ ਦਿਮਾਗੀ ਕੰਮਾਂ ਨੂੰ ਕੇਵਲ ਪੈਸਾ ਕਮਾਉਣ ਦਾ ਹਥਿਆਰ ਸਮਝਦੇ ਹੋ ਤਾਂ ਤੁਸੀਂ ਤਰਸਯੋਗ ਘਟੀਆ ਵੇਸਵਾ ਵਰਗੇ ਹੋ। ਇਸ ਪ੍ਰਕਾਰ ਦਾ ਘਟੀਆ ਪੇਸ਼ਾ ਸਾਡੀ ਪੂੰਜੀਵਾਦੀ ਦੁਨੀਆ ਵਿੱਚ ਐਨੇ ਗੰਭੀਰ ਰੂਪ ਵਿੱਚ ਫੈਲ ਚੁੱਕਾ ਹੈ ਕਿ ਤੁਸੀਂ ਇਸਨੂੰ ਆਮ ਜਿਹੀ ਗੱਲ ਸਮਝਣ ਲੱਗ ਪਏ ਹੋ।'

ਉਹ ਕਿਤਾਬਾਂ ਪੜ੍ਹਨ ਲਈ ਆਮ ਰੂਪ ਵਿੱਚ ਹੀ ਨਹੀਂ ਕਹਿੰਦੇ ਸਗੋਂ ਇਸ ਪੁਸਤਕ ਵਿੱਚ ਉਹ ਹਰ ਵਿਸ਼ੇ ਦੀ ਮਹੱਤਤਾ ਸਮਝਾਉਂਦੇ ਹਨ ਕਿ ਤੁਹਾਨੂੰ ਇਨ੍ਹਾਂ ਨਾਲ ਸਬੰਧਿਤ ਪੁਸਤਕਾਂ ਕਿਉਂ ਪੜ੍ਹਨੀਆਂ ਚਾਹੀਦੀਆਂ ਹਨ। ਜਿਵੇਂ ਸਭ ਤੋਂ ਪਹਿਲਾਂ ਉਹ ਵਿਗਿਆਨ ਬਾਰੇ ਕਹਿੰਦੇ ਹਨ ਕਿ ਵਿਗਿਆਨ ਬਾਰੇ ਇਹ ਭੁਲੇਖਾ ਨਹੀਂ ਰੱਖਣਾ ਚਾਹੀਦਾ ਕਿ ਇਹ ਰੁੱਖਾ ਵਿਸ਼ਾ ਹੈ ਕਿਉਂਕਿ ਤੁਸੀਂ ਤਾਂ ਕੁਦਰਤੀ ਵਰਤਾਰਿਆਂ ਬਾਰੇ ਆਮ ਰੂਪ ਵਿੱਚ ਜਾਣਨਾ ਹੈ। ਜਿਨ੍ਹਾਂ ਕੁਦਰਤੀ ਵਰਤਾਰਿਆਂ ਨੂੰ ਤੁਸੀਂ ਰੋਜ ਦੇਖਦੇ ਹੋ ਉਨ੍ਹਾਂ ਬਾਰੇ ਜਾਣਨ ਦੀ ਉਤਸੁਕਤਾ ਤਾਂ ਤੁਹਾਡੇ ਵਿੱਚ ਹੋਣੀ ਹੀ ਚਾਹੀਦੀ ਹੈ। ਉਹ ਇਹ ਵੀ ਲਿਖਦੇ ਹਨ ਕਿ 'ਵਿਗਿਆਨ ਅਤੇ ਕੇਵਲ ਵਿਗਿਆਨ ਹੀ ਤੁਹਾਡੇ ਮਨ ਨੂੰ ਵਹਿਮਾਂ ਭਰਮਾਂ ਦੀ ਜਕੜ ਵਿਚੋਂ ਮੁਕਤ ਕਰਵਾ ਸਕਦਾ ਹੈ।' ਇਸੇ ਤਰ੍ਹਾਂ ਇਤਿਹਾਸ ਪੜ੍ਹਨ ਦੀ ਮਹੱਤਤਾ ਨੂੰ ਉਹ ਬਹੁਤ ਜੋਰਦਾਰ ਢੰਗ ਨਾਲ ਪ੍ਰਗਟ ਕਰਦੇ ਹਨ- 'ਤੁਸੀਂ ਆਪਣੇ ਸੰਖੇਪ ਜੀਵਨ ਵਿੱਚ ਤਾਂ ਥੋੜ੍ਹੀਆਂ ਹੀ ਚੀਜਾਂ ਵੇਖ ਸਕਦੇ ਹੋ, ਪਰ ਜਦ ਤੁਸੀਂ ਬੀਤੇ ਹੋਏ ਯੁਗਾਂ ਵੱਲ ਝਾਤ ਮਾਰਦੇ ਹੋ ਤਾਂ ਤੁਹਾਡੀ ਸੋਚ ਬਹੁਤ ਵਿਸ਼ਾਲ ਹੋ ਜਾਂਦੀ ਹੈ ....ਤੁਸੀਂ ਬੀਤ ਚੁੱਕੇ ਸਮੇਂ ਦੇ ਲੱਖਾਂ ਲੋਕਾਂ ਦੇ ਵਿਚਾਰਾਂ ਅਤੇ ਤਜਰਬਿਆਂ ਤੋਂ ਜਾਣੂ ਹੋ ਜਾਂਦੇ ਹੋ ...ਵਰਤਮਾਨ ਦੀਆਂ ਜੜ੍ਹਾਂ ਭੂਤਕਾਲ ਵਿੱਚ ਹਨ। ...ਤੁਸੀਂ ਪੁਰਾਣੇ ਤਜਰਬਿਆਂ ਤੋਂ ਸਿੱਖਿਆ ਹਾਸਲ ਕਰ ਸਕਦੇ ਹੋ।' ਇਤਿਹਾਸ ਤੋਂ ਸਿੱਖਣ ਦੀ ਮਹੱਤਤਾ ਨੂੰ ਪੂਰੀ ਤਰ੍ਹਾਂ ਸਮਝਦੇ ਹੋਏ ਵੀ ਉਹ ਇਸ ਬਾਰੇ ਬਹੁਤ ਸੰਤੁਲਿਤ ਸਮਝ ਰਖਦੇ ਹਨ। ਉਹ ਲਿਖਦੇ ਹਨ,'ਸਾਨੂੰ ਇਤਿਹਾਸ ਤੋਂ ਸਿੱਖਣਾ ਤਾਂ ਜਰੂਰ ਚਾਹੀਦਾ ਹੈ ਪਰ ਸਾਰੇ ਔਰਤ ਮਰਦਾਂ ਨੂੰ ਆਪਣੇ ਦਿਲ ਅਤੇ ਦਿਮਾਗ ਦੀ ਵਰਤੋਂ ਕਰਦੇ ਹੋਏ ਨਵਾਂ ਇਤਿਹਾਸ ਬਨਾਉਣਾ ਚਾਹੀਦਾ ਹੈ। ਕੇਵਲ ਇਤਿਹਾਸ ਦੀਆਂ ਉਦਾਹਰਣਾਂ ਦੇ ਆਧਾਰ ਉੱਤੇ ਨਿਰਣੇ ਨਹੀਂ ਲਏ ਜਾ ਸਕਦੇ ਕਿਉਂਕਿ ਮੁੱਦੇ ਅਤੇ ਹਾਲਾਤ ਸਦਾ ਇਕੋ ਜਿਹੇ ਨਹੀਂ ਰਹਿੰਦੇ।' ਇਸੇ ਤਰ੍ਹਾਂ ਉਹ ਹੋਰ ਵਿਸ਼ਿਆਂ ਜਿਵੇਂ ਮਨੋਵਿਗਿਆਨ, ਅਰਥ-ਸ਼ਾਸ਼ਤਰ, ਫਲਸਫ਼ਾ, ਭਾਸ਼ਾਵਾਂ, ਵੱਖ ਵੱਖ ਧਰਮਾਂ ਬਾਰੇ ਪੜ੍ਹਨ ਦੀ ਮਹੱਤਤਾ ਨੂੰ ਬਹੁਤ ਜੋਰਦਾਰ ਦਲੀਲਾਂ ਨਾਲ ਪੇਸ਼ ਕਰਦੇ ਹਨ।

ਚਾਹੇ ਉਹ ਸ਼ਖ਼ਸੀ ਵਿਕਾਸ ਲਈ ਪੁਸਤਕਾਂ ਦਾ ਅਧਿਐਨ ਕਰਨ ਉੱਤੇ ਬਹੁਤ ਜੋਰ ਦਿੰਦੇ ਹਨ ਪਰ ਉਨ੍ਹਾਂ ਦਾ ਮਕਸਦ ਕੋਈ ਕਿਤਾਬੀ ਕੀੜੇ ਬਨਾਉਣਾ ਨਹੀਂ ਸੀ। ਉਹ ਮਨੁੱਖੀ ਸ਼ਖ਼ਸੀਅਤ ਦੇ ਹੋਰ ਪਹਿਲੂਆਂ ਬਾਰੇ ਵੀ ਪੂਰੇ ਸੁਚੇਤ ਸਨ। ਉਹ ਮਾਨਸਿਕ ਤੌਰ 'ਤੇ ਗਿਆਨਵਾਨ ਹੋਣ ਦੇ ਨਾਲ ਨਾਲ ਸਰੀਰਕ ਤੌਰ 'ਤੇ ਤੰਦਰੁਸਤ, ਉੱਚੇ ਇਖ਼ਲਾਕ ਵਾਲੇ ਅਤੇ ਕੋਮਲ ਕਲਾਵਾਂ ਨੂੰ ਮਾਣ ਸਕਣ ਵਾਲੇ ਗੁਣਾਂ ਨਾਲ ਭਰਪੂਰ ਇਨਸਾਨ ਵੇਖਣਾ ਚਾਹੁੰਦੇ ਸਨ। ਸੋ ਉਹ ਇਸ ਪੁਸਤਕ ਨੂੰ ਚਾਰ ਭਾਗਾਂ ਮਾਨਸਿਕ, ਸਰੀਰਕ, ਸੋਹਜਾਤਮਿਕ ਅਤੇ ਇਖ਼ਲਾਕੀ ਵਿਕਾਸ ਵਿੱਚ ਵੰਡ ਕੇ ਚਾਰਾਂ ਪੱਖਾਂ ਬਾਰੇ ਹੀ ਕਮਾਲ ਦੀਆਂ ਗੱਲਾਂ ਕਰਦੇ ਹਨ।

ਸਰੀਰਕ ਵਿਕਾਸ ਵਾਲੇ ਭਾਗ ਵਿੱਚ ਵੀ ਉਨ੍ਹਾਂ ਦੀਆਂ ਟਿੱਪਣੀਆਂ ਅਤੇ ਸੁਝਾਅ ਉਨ੍ਹਾਂ ਦੀ ਡੂੰਘੀ ਸਮਝ ਦੀ ਗਵਾਹੀ ਦਿੰਦੇ ਹਨ। ਅੱਜ ਜਦ ਸੋਸ਼ਲ ਮੀਡੀਆ ਉੱਤੇ ਹਰ ਕੋਈ ਮਾਹਿਰ ਬਣਿਆ ਸਿਹਤ ਸਬੰਧੀ ਨਵੇਂ ਤੋਂ ਨਵੇਂ ਸੁਝਾਅ ਦੇ ਰਿਹਾ ਹੈ, (ਜਿਨ੍ਹਾਂ ਵਿਚੋਂ ਬਹੁਤਿਆਂ ਦਾ ਕੋਈ ਵਿਗਿਆਨਕ ਆਧਾਰ ਨਹੀਂ ਹੁੰਦਾ) ਤਾਂ ਇਸ ਬਾਰੇ ਉਨ੍ਹਾਂ ਦੀ ਸਲਾਹ ਅੱਜ ਵੀ ਬਹੁਤ ਕੰਮ ਦੀ ਹੈ। ਉਹ ਲਿਖਦੇ ਹਨ- ਤੁਸੀਂ ਵਰਤ ਰੱਖਣ, ਵੈਸ਼ਨੂੰ ਭੋਜਨ, ਖੁਸ਼ਕ ਖੁਰਾਕ, ਦੁੱਧ ਆਦਿ ਬਾਰੇ ਲੇਖ ਪੜ੍ਹ ਸਕਦੇ ਹੋ ਜਾਂ ਧੁੱਪ ਸੇਕਣ ਅਤੇ ਹੋਰ ਤਰ੍ਹਾਂ ਤਰ੍ਹਾਂ ਦੇ ਫਾਰਮੂਲਿਆਂ ਬਾਰੇ ਪੜ੍ਹ ਸਕਦੇ ਹੋ ਪਰ ਇਨ੍ਹਾਂ ਗੁਰੂਆਂ ਦੀਆਂ ਸਿਫਾਰਸ਼ਾਂ ਮੰਨਣ ਵੇਲੇ ਪੂਰੀ ਸਿਆਣਪ ਅਤੇ ਸਾਵਧਾਨੀ ਤੋਂ ਕੰਮ ਲੈਣਾ ਚਾਹੀਦਾ ਹੈ। ਬਹੁਤੇ ਮਾਹਿਰ ਉਲਾਰ ਹੁੰਦੇ ਹਨ, ਇਸ ਲਈ ਉਨ੍ਹਾਂ ਦੇ ਵਿਚਾਰ ਆਪਣੇ ਤਜਰਬੇ ਦੀ ਕਸੌਟੀ ਅਨੁਸਾਰ ਪ੍ਰਵਾਨ ਕਰਨੇ ਚਾਹੀਦੇ ਹਨ।

ਅੱਜ ਤੋਂ 90 ਸਾਲ ਪਹਿਲਾਂ ਲਿਖੀ ਇਸ ਪੁਸਤਕ ਵਿਚ ਰਾਜਨੀਤੀ ਬਾਰੇ ਕੀਤੀਆਂ ਟਿੱਪਣੀਆਂ ਅੱਜ ਵੀ ਓਨੀਆ ਹੀ ਪ੍ਰਸੰਗਿਕ ਹਨ। ਜਿਵੇਂ ਉਹ ਸਰਕਾਰ ਬਨਾਉਣ ਲਈ ਜਮਹੂਰੀਅਤ ਨੂੰ ਬਹੁਤ ਮਹੱਤਵ ਦਿੰਦੇ ਹਨ, ਪਰ ਇਸਦੇ ਨਾਲ ਉਹ ਸਰਮਾਏਦਾਰੀ ਦੌਰ ਵਿੱਚ ਲੋਕਰਾਜੀ ਸੰਸਥਾਵਾਂ ਦੀਆਂ ਸੀਮਤਾਈਆਂ ਬਾਰੇ ਵੀ ਪੂਰੀ ਤਰ੍ਹਾਂ ਸੁਚੇਤ ਸਨ। ਉਨ੍ਹਾਂ ਅਨੁਸਾਰ, ਲੋਕ ਸਭਾਵਾਂ ਅੱਜ ਕੱਲ੍ਹ ਬੋਦੀ ਹੋ ਚੁੱਕੀ ਸਰਮਾਏਦਾਰੀ ਦੀਆਂ ਨਿਕੰਮੀਆਂ ਸੰਸਥਾਵਾਂ ਹਨ ...ਉਹ ਤਾਂ ਆਪਣੇ ਨਾਮ ਅਨੁਸਾਰ "ਗਲਾਕੜ ਮਸ਼ੀਨਾਂ" ਹਨ ਜਿਨ੍ਹਾਂ ਉੱਤੇ ਚਤਰ ਅਤੇ ਬੁਲਾਰੇ ਵਕੀਲਾਂ ਦਾ ਕਬਜਾ ਹੈ, ਜਿਹੜੇ ਲੋਕਾਂ ਨੂੰ ਬੁੱਧੂ ਬਨਾਉਣ ਦਾ ਕੰਮ ਕਰਦੇ ਹਨ।' ਉਹ ਲੋਕ-

ਬਾਕੀ ਪੰਨਾ 44 'ਤੇ

ਪ੍ਰਾਪਤ ਆਰਥਿਕ ਸਹਾਇਤਾ

ਇਕਾਈ ਮਾਨਸਾ

1.	ਹਰਪ੍ਰੀਤ ਸਿੰਘ ਹੈਰੀ, ਮਾਨਸਾ (ਬੇਟੇ ਪਰਮਨਬੀਰ ਦੇ ਜਨਮ ਦਿਨ 'ਤੇ)	1000
2.	ਮਹਿੰਦਰਪਾਲ ਆਤਲਾ (ਬੇਟੀ ਡਾ. ਨਵਦੀਪ ਨੂੰ ਐੱਮ.ਡੀ. ਵਿੱਚ ਦਾਖਲਾ ਮਿਲਣ ਦੀ ਖੁਸ਼ੀ ਵਿੱਚ)	1000

ਸੁਸਾਇਟੀ ਸਹਾਇਤਾ

1.	ਤਰਕਸ਼ੀਲ ਆਗੂ ਸੁਮੀਤ ਸਿੰਘ, ਅੰਮ੍ਰਿਤਸਰ (ਮਰਹੂਮ ਮਾਤਾ ਅਮਰਜੀਤ ਕੌਰ ਦੇ ਗੈਰ ਧਾਰਮਿਕ ਸਤਿਕਾਰ ਸਮਾਗਮ 'ਤੇ)	5000
2.	ਸੁਖਵਿੰਦਰ ਸਿੰਘ, ਵਿੱਤ ਮੁਖੀ, ਇਕਾਈ ਬੀਰ ਖੁਰਦ (ਬੇਟੀ ਸਹਿਨਾਜ਼ ਕੌਰ ਦੇ ਅਮਨਦੀਪ ਸਿੰਘ ਨਾਲ ਵਿਆਹ ਦੀ ਖੁਸ਼ੀ 'ਚ)	1000

ਇਕਾਈ ਮੋਹਾਲੀ

	ਮਨੋਜ ਮਲਿਕ ਚੰਡੀਗੜ੍ਹ (ਮਾਤਾ ਸਵਿੱਤਰੀ ਦੇਵੀ ਜੀ ਦੀ ਯਾਦ ਵਿੱਚ)	500

ਮਾਝਾ ਜ਼ੋਨ

1.	ਸੁਮੀਤ ਸਿੰਘ, ਅੰਮ੍ਰਿਤਸਰ (ਮਾਤਾ ਅਮਰਜੀਤ ਕੌਰ ਦੇ ਸਤਿਕਾਰ ਸਮਾਗਮ 'ਤੇ)	5000
2.	ਸੁਮੀਤ ਸਿੰਘ, ਅੰਮ੍ਰਿਤਸਰ (ਰੇਲਵੇ ਵਿੱਚੋਂ ਸੇਵਾ ਮੁਕਤ ਹੋਣ 'ਤੇ)	5000

ਇਕਾਈ ਜਲੰਧਰ

	ਜਗਦੀਸ਼ ਬੱਮੀ ਐੱਸ.ਡੀ.ਓ., ਪੀ.ਐੱਸ.ਪੀ.ਸੀ.ਐੱਲ. (ਆਪਣੇ ਜਨਮ ਦਿਨ 'ਤੇ)	1100

ਇਕਾਈ ਅੰਮ੍ਰਿਤਸਰ

1.	ਸੁਮੀਤ ਸਿੰਘ, ਅੰਮ੍ਰਿਤਸਰ (ਮਾਤਾ ਅਮਰਜੀਤ ਕੌਰ ਦੇ ਸਤਿਕਾਰ ਸਮਾਗਮ 'ਤੇ)	2000
2.	ਸੁਮੀਤ ਸਿੰਘ, ਅੰਮ੍ਰਿਤਸਰ (ਰੇਲਵੇ ਵਿੱਚੋਂ ਸੇਵਾ ਮੁਕਤ ਹੋਣ 'ਤੇ)	2000
3.	ਮਨਜੀਤ ਬਾਸਰਕਾ (ਆਪਣੇ ਬੇਟੀ ਦੇ ਪੜ੍ਹਾਈ ਲਈ ਕੈਨੇਡਾ ਜਾਣ ਦੀ ਖੁਸ਼ੀ ਵਿੱਚ)	1000

ਪੰਨਾ 33 ਦਾ ਬਾਕੀ ...

ਸ਼ਿਕਾਰ ਬਣਾਉਂਦੇ ਹਨ। ਇਹ ਗਿਣਤੀ ਸੰਸਾਰ ਦੀ ਕੁੱਲ ਆਬਾਦੀ ਦੇ ਦਸਵੇਂ ਹਿੱਸੇ ਦੇ ਕਰੀਬ ਬਣਦੀ ਹੈ। ਇਨ੍ਹਾਂ ਵਿਚੋਂ ਬਹੁਤੇ ਕੇਸ ਭਾਵੇਂ ਜਾਨ ਲੇਵਾ ਸਾਬਤ ਨਹੀਂ ਹੁੰਦੇ। ਫਿਰ ਵੀ ਬਿਮਾਰੀ ਸਬੰਧੀ ਅਗਿਆਨਤਾ ਜਾਂ ਫਿਰ ਸਮੇਂ ਸਿਰ ਡਾਕਟਰੀ ਸਹੂਲਤਾਂ ਨਾ ਮਿਲਣ ਕਾਰਣ ਇਨ੍ਹਾਂ ਪੀੜਤ ਲੋਕਾਂ ਵਿਚੋਂ ਹਰ ਸਾਲ ਲਗਭਗ 2.5 ਤੋਂ 3 ਕਰੋੜ ਲੋਕ ਮੱਛਰਾਂ ਸਦਕਾ ਮੌਤ ਦਾ ਸ਼ਿਕਾਰ ਹੁੰਦੇ ਹਨ।

ਮੱਛਰਾਂ ਤੋਂ ਬਚਾਅ ਜਰੂਰੀ :

ਭਾਵੇਂ ਮੱਛਰਾਂ ਦਾ ਸਥਾਈ ਤੌਰ 'ਤੇ ਖ਼ਾਤਮਾ ਸੰਭਵ ਨਹੀਂ ਪ੍ਰੰਤੂ ਫਿਰ ਵੀ ਸਾਨੂੰ ਇਨ੍ਹਾਂ ਦੀ ਲਪੇਟ ਵਿਚ ਆਉਣ ਤੋਂ ਸੁਚੇਤ ਰਹਿਣਾ ਚਾਹੀਦਾ ਹੈ। ਮਨੁੱਖੀ ਬਸਤੀਆਂ ਤੇ ਘਰਾਂ ਨੂੰ ਸਾਫ਼-ਸੁਥਰਾ ਰੱਖਣਾ ਚਾਹੀਦਾ ਹੈ। ਆਮ ਲੋਕਾਂ ਵਿਚ ਮੱਛਰਾਂ ਰਾਹੀਂ ਹੋਣ ਵਾਲੀਆਂ ਬਿਮਾਰੀਆਂ ਪ੍ਰਤੀ ਜਾਗਰੂਕਤਾ ਪੈਦਾ ਕਰਕੇ, ਘਰਾਂ ਵਿਚ ਜਾਲੀਦਾਰ ਦਰਵਾਜ਼ਿਆਂ ਦੀ ਵਰਤੋਂ ਕਰਕੇ, ਬਰਸਾਤੀ ਮੌਸਮ ਵਿਚ ਪੂਰਾ ਸਰੀਰ ਢਕਣ ਵਾਲੇ ਬਸਤਰਾਂ ਦੀ ਵਰਤੋਂ ਕਰਕੇ ਕਿਸੇ ਹੱਦ ਤੱਕ ਮੱਛਰਾਂ ਤੋਂ ਬਚਾਅ ਕੀਤਾ ਜਾ ਸਕਦਾ ਹੈ। **98762-24461**

ਪੰਨਾ 43 ਦਾ ਬਾਕੀ...

ਪੱਖੀ ਪਾਰਟੀਆਂ ਨੂੰ ਬੜੀ ਕੀਮਤੀ ਸਲਾਹ ਦਿੰਦੇ ਹਨ 'ਚੋਟੀ ਦੇ ਸਮਾਜਵਾਦੀ ਲੀਡਰਾਂ ਨੂੰ ਸਰਮਾਏਦਾਰੀ ਦੀਆਂ ਅਸੰਬਲੀਆਂ ਅਤੇ ਪਾਰਲੀਮੈਂਟਾਂ ਵਿੱਚ ਹੀ ਰੁਲ-ਖੁਲ ਨਹੀਂ ਜਾਣਾ ਚਾਹੀਦਾ, ਸੋ ਦੂਜੇ ਦਰਜੇ ਦੇ ਪ੍ਰਤੀਨਿਧਾਂ ਨੂੰ ਇਸ ਪ੍ਰਕਾਰ ਦੀਆਂ ਅਸੈਂਬਲੀਆਂ ਵਿੱਚ ਭੇਜ ਦੇਣਾ ਚਾਹੀਦਾ ਹੈ ?' ਇਸ ਤੋਂ ਪਤਾ ਚਲਦਾ ਹੈ ਕਿ ਉਹ ਵੋਟਾਂ ਲੈ ਕੇ ਐਮ.ਐੱਲ.ਏ. ਜਾਂ ਐੱਮ.ਪੀ. ਬਣਨ ਨਾਲੋਂ ਲੋਕਾਂ ਨੂੰ ਚੇਤਨ ਅਤੇ ਜਥੇਬੰਦ ਕਰਨ ਦੇ ਕੰਮ ਨੂੰ ਜਿਆਦਾ ਮਹੱਤਵਪੂਰਨ ਸਮਝਦੇ ਸਨ। ਇਸ ਪੁਸਤਕ ਬਾਰੇ ਗੱਲ ਕਰਦਿਆਂ ਕਰਦਿਆਂ ਤਾਂ ਇੱਕ ਪੂਰੀ ਪੁਸਤਕ ਹੋਰ ਲਿਖੀ ਜਾ ਸਕਦੀ ਹੈ ਕਿਉਂਕਿ ਇਸਦੇ ਹਰ ਸਫੇ ਉਤੋਂ ਤੁਹਾਨੂੰ ਕੁਝ ਨਾ ਕੁਝ ਅਜਿਹਾ ਮਿਲ ਜਾਵੇਗਾ ਜੋ ਗਹਿਰ ਗੰਭੀਰ ਚਿੰਤਨ ਅਤੇ ਅਮਲ ਦੀ ਮੰਗ ਕਰਦਾ ਹੈ। ਸੋ ਵਧੇਰੇ ਚੰਗਾ ਤਾਂ ਇਹੀ ਹੋਵੇਗਾ ਕਿ ਇਸ ਪੁਸਤਕ ਬਾਰੇ ਗੱਲਾਂ ਕਰਦੇ ਜਾਣ ਨਾਲੋਂ ਇਸ ਨੂੰ ਖ਼ੁਦ ਪੜ੍ਹਿਆ ਜਾਵੇ। ਲਗਾਤਾਰ ਪੜ੍ਹਨ ਦੀ ਬਜਾਏ ਇਹ ਵੀ ਕੀਤਾ ਜਾ ਸਕਦਾ ਹੈ ਕਿ ਇਸ ਨੂੰ ਸਿਰਹਾਣੇ ਰੱਖ ਕੇ ਕੁਝ ਪੰਨੇ ਹਰ ਰੋਜ ਪੜ੍ਹੇ ਜਾਣ, ਵਿਚਾਰੇ ਜਾਣ ਅਤੇ ਅਮਲ ਵਿੱਚ ਲਾਗੂ ਕੀਤੇ ਜਾਣ।

ਸੂਬਾ ਮੁਖੀ, ਸਾਹਿਤ ਵਿਭਾਗ

98767 10809

ਪੇਸ਼ਕਦਮੀਆਂ

ਵਿਲੱਖਣ ਸਰਕਾਰੀ ਸੇਵਾ ਮੁਕਤੀ ਸਮਾਗਮ (ਸੁਮੀਤ ਸਿੰਘ) : ਅਕਸਰ ਸੇਵਾ ਮੁਕਤੀ ਦੇ ਜਿਆਦਾ ਸਮਾਗਮ ਖਾਣ ਪੀਣ, ਸ਼ਗਨਾਂ ਤੋਹਫਿਆਂ ਦੇ ਲੈਣ ਦੇਣ, ਨੱਚਣ-ਟੱਪਣ ਅਤੇ ਰੂੜੀਵਾਦੀ ਰਸਮਾਂ ਦਾ ਦਿਖਾਵਾ ਬਣ ਕੇ ਰਹਿ ਜਾਂਦੇ ਹਨ। ਪਰ ਲੋਕਪੱਖੀ ਸਮਾਜਿਕ, ਸੱਭਿਆਚਾਰਕ ਤਬਦੀਲੀ ਨੂੰ ਸਮਰਪਿਤ ਕੁਝ ਵਿਅਕਤੀ ਅਜਿਹੇ ਮੌਕਿਆਂ ਨੂੰ ਯਾਦਗਾਰੀ ਅਤੇ ਪ੍ਰੇਰਣਾ ਸ੍ਰੋਤ ਬਣਾਉਣ ਲਈ ਸਮਾਜ ਨੂੰ ਵਿਗਿਆਨਕ ਸੇਧ ਦੇਣ ਅਤੇ ਨਵੀਆਂ ਸਿਹਤਮੰਦ ਪਿਰਤਾਂ ਪਾਉਣ ਲਈ ਵੀ ਵਰਤਦੇ ਹਨ। ਅਜਿਹਾ ਹੀ ਇੱਕ ਵਿਲੱਖਣ ਸਮਾਗਮ ਰੇਲਵੇ ਵਰਕਸ਼ਾਪ ਅੰਮ੍ਰਿਤਸਰ ਦੇ ਲੇਖਾ ਵਿਭਾਗ ਤੋਂ ਸੀਨੀਅਰ ਸੈਕਸ਼ਨ ਅਫ਼ਸਰ ਦੇ ਆਹੁਦੇ ਤੋਂ ਸੇਵਾ ਮੁਕਤ ਹੋਏ ਤਰਕਸ਼ੀਲ ਆਗੂ ਸੁਮੀਤ ਸਿੰਘ ਦੀ ਸੇਵਾ ਮੁਕਤੀ ਮੌਕੇ ਵੇਖਣ ਨੂੰ ਮਿਲਿਆ। ਰੇਲਵੇ ਵਿੱਚ 35 ਸਾਲ ਦੀ ਬੇਦਾਗ ਸੇਵਾ ਪੂਰੀ ਕਰਨ ਉਪਰੰਤ ਕੀਤੇ ਜਾਣ ਵਾਲੇ ਸੇਵਾ ਮੁਕਤੀ ਸਮਾਗਮ ਵਿੱਚ ਹਾਜ਼ਰ ਹੋਣ ਵਾਲੇ ਸਨੇਹੀਆਂ ਨੂੰ ਪਰਿਵਾਰ ਵੱਲੋਂ ਸੱਦਾ ਪੱਤਰ ਵਿੱਚ ਕਿਸੇ ਵੀ ਤਰ੍ਹਾਂ ਦੇ ਸ਼ਗਨ ਜਾਂ ਤੋਹਫੇ ਨਾ ਦੇਣ ਦੀ ਸਪੱਸ਼ਟ ਤੌਰ ’ਤੇ ਪੁਰਜ਼ੋਰ ਗੁਜਾਰਿਸ਼ ਕੀਤੀ ਗਈ ਅਤੇ ਇਹ ਵੀ ਬੇਨਤੀ ਕੀਤੀ ਗਈ ਕਿ ਸਮਾਗਮ ਵਿੱਚ ਉਨ੍ਹਾਂ ਦੀ ਆਮਦ ਕਿਸੇ ਵੀ ਮਹਿੰਗੇ ਤੋਹਫੇ ਤੋਂ ਵੱਧ ਮੁੱਲਵਾਨ ਹੋਵੇਗੀ। ਇਸ ਮੌਕੇ ਪ੍ਰਸਿੱਧ ਸ਼ਾਇਰ ਦੇਵ ਦਰਦ ਨੇ ਮੰਚ ਸੰਚਾਲਨ ਕਰਦੇ ਹੋਏ ਸਾਥੀ ਸੁਮੀਤ ਸਿੰਘ ਦੇ ਬਚਪਨ, ਜਵਾਨੀ ਦੇ ਸਮਿਆਂ ਤੋਂ ਇਲਾਵਾ ਤਰਕਸ਼ੀਲ ਅਤੇ ਸਾਹਿਤਕ ਜੀਵਨ ਸਫ਼ਰ ਉੱਤੇ ਵਿਸਥਾਰ ਵਿੱਚ ਚਾਨਣਾ ਪਾਉਂਦੇ ਹੋਏ ਜ਼ਿੰਦਗੀ ਦੇ ਨਵੇਂ ਸਫ਼ਰ ਦੀ ਸ਼ੁਰੂਆਤ ਲਈ ਮੁਬਾਰਕਬਾਦ ਦਿੱਤੀ।

‘ਤਰਕਸ਼ੀਲ’ ਮੈਗਜ਼ੀਨ ਦੇ ਸੰਪਾਦਕ ਬਲਬੀਰ ਲੌਂਗੋਵਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਦੁਨੀਆਂ ਵਿੱਚ ਹੁਣ ਤੱਕ ਵਿਗਿਆਨ ਤੇ ਤਕਨਾਲੋਜੀ ਦੇ ਖੇਤਰ ਵਿੱਚ ਵਿਕਾਸ ਸਿਰਫ਼ ਤਰਕਸ਼ੀਲ ਦ੍ਰਿਸ਼ਟੀਕੋਣ ਕਾਰਨ ਹੀ ਸੰਭਵ ਹੋਇਆ ਹੈ ਪਰ ਹਕੂਮਤਾਂ ਆਪਣੇ ਸਿਆਸੀ ਏਜੰਡੇ ਹੇਠ ਮੌਜੂਦਾ ਸਿੱਖਿਆ ਪ੍ਰਣਾਲੀ ਵਿੱਚੋਂ ਤਰਕਸ਼ੀਲ ਨਜ਼ਰੀਏ ਨੂੰ ਖਤਮ ਕਰਕੇ ਅੰਧਵਿਸ਼ਵਾਸਾਂ ਅਤੇ ਰੂੜੀਵਾਦ ਨੂੰ ਬੜਾਵਾ ਦੇ ਰਹੀਆਂ ਹਨ।

ਨਾਮਵਰ ਚਿੰਤਕ ਡਾ. ਪਰਮਿੰਦਰ ਨੇ ਕਿਹਾ ਕਿ ਪੂੰਜੀਵਾਦੀ ਨਿਜ਼ਾਮ ਨੇ ਸਾਡੇ ਸਮੂਹ ਤਿਉਹਾਰਾਂ ਅਤੇ ਸਮਾਗਮਾਂ ਨੂੰ ਫਜ਼ੂਲ ਖਰਚੀ, ਰੂੜੀਵਾਦੀ ਰਸਮਾਂ, ਤੋਹਫ਼ਿਆਂ ਦੇ ਆਦਾਨ ਪ੍ਰਦਾਨ ਅਤੇ ਨਸ਼ਿਆਂ ਦੇ ਪਰੋਸਣ ਜ਼ਰੀਏ ਖਪਤ ਸੱਭਿਆਚਾਰ ਵਿੱਚ ਤਬਦੀਲ ਕਰ ਦਿੱਤਾ ਹੈ। ਪਰ ਸੁਮੀਤ ਸਿੰਘ ਨੇ ਆਪਣੇ ਸੇਵਾ ਮੁਕਤੀ ਸਮਾਗਮ ਮੌਕੇ ਅਜਿਹੇ ਪੂੰਜੀਵਾਦੀ ਸੱਭਿਆਚਾਰ ਤੇ ਰੂੜੀਵਾਦੀ ਰਸਮਾਂ ਨੂੰ ਨਕਾਰਦੇ ਹੋਏ ਸਿਹਤਮੰਦ ਪਿਰਤ ਪਾਉਣ ਦੀ ਅਮਲੀ ਕੋਸ਼ਿਸ਼ ਕੀਤੀ ਹੈ।

ਪ੍ਰਸਿੱਧ ਕਹਾਣੀਕਾਰ ਦੀਪ ਦੇਵਿੰਦਰ ਸਿੰਘ, ਫਿਲਮ ਅਤੇ ਸਟੇਜ ਅਦਾਕਾਰ ਜਸਵੰਤ ਜਸ, ਨੌਰਦਰਨ ਰੇਲਵੇ ਮੈਨਜ਼ ਯੂਨੀਅਨ ਦੇ ਆਗੂ ਕਾਮਰੇਡ ਐੱਨ.ਕੇ. ਤਿਆਗੀ, ਮੰਡਲ ਪ੍ਰਧਾਨ ਕਾਮਰੇਡ ਕ੍ਰਿਸ਼ਨ ਕੁਮਾਰ, ਸੇਵਾ ਮੁਕਤ ਬਜ਼ੁਰਗ ਇੰਦਰਜੀਤ ਸਿੰਘ ਨੇ ਵੀ ਸੁਮੀਤ ਸਿੰਘ ਦੀਆਂ ਵਿਭਾਗੀ ਅਤੇ ਸਮਾਜਿਕ ਸੇਵਾਵਾਂ ਬਾਰੇ ਵਿਸਥਾਰ ’ਚ ਗੱਲ ਕੀਤੀ। ਇਸ ਮੌਕੇ ਦੂਰੋਂ ਨੇੜਿਓਂ ਸਾਕ-ਸੰਬੰਧੀਆਂ, ਲੇਖਕਾਂ, ਦੋਸਤਾਂ ਅਤੇ ਰੇਲ ਮੁਲਾਜ਼ਮ ਸਾਥੀਆਂ ਨੇ ਪਰਿਵਾਰ ਦੀਆਂ ਸਮਾਜਿਕ ਤਬਦੀਲੀਆਂ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਕਿਸੇ ਵੀ ਤਰ੍ਹਾਂ ਦਾ ਸ਼ਗਨ ਜਾਂ ਤੋਹਫ਼ੇ ਦੇਣ ਤੋਂ ਬਿਲਕੁਲ ਗੁਰੇਜ ਕੀਤਾ ਅਤੇ ਸੁਮੀਤ ਸਿੰਘ ਅਤੇ ਉਨ੍ਹਾਂ ਦੀ ਹਮਸਫ਼ਰ ਦਮਨਜੀਤ ਕੌਰ ਦੇ ਸਿਰਫ਼ ਫੁੱਲਾਂ ਦੇ ਹਾਰ ਪਾ ਕੇ ਜ਼ਿੰਦਗੀ ਦੇ ਨਵੇਂ ਪੜਾਅ ਲਈ ਮੁਬਾਰਕਾਂ ਦਿੱਤੀਆਂ।

ਪ੍ਰੋਗਰਾਮ ਦੀ ਸਮਾਪਤੀ ਮੌਕੇ ਖਾਣਾ ਖਾਣ ਤੋਂ ਬਾਅਦ ਹਰੇਕ ਨੂੰ ‘ਦੇਵ ਪੁਰਸ਼ ਹਾਰ ਗਏ’ ਅਤੇ ‘ਖੇਤੀ ਕਾਨੂੰਨ, ਸੰਘਰਸ਼ ਅਤੇ ਵਿਗਿਆਨਕ ਚੇਤਨਾ’ ਦੋ ਕਿਤਾਬਾਂ ਵੰਡੀਆਂ ਗਈਆਂ। ਕਿਸੇ ਵੀ ਤਰ੍ਹਾਂ ਦੇ ਨਸ਼ੇ ਅਤੇ ਲੱਚਰ ਗੀਤ ਸੰਗੀਤ ਤੋਂ ਬਗੈਰ ਇਹ ਸਮਾਗਮ ਸਮਾਜ ਨੂੰ ਸਾਰਥਿਕ ਸੇਧ ਦੇਣ ਵਿੱਚ ਸਫਲ ਰਿਹਾ। ਇਸ ਸਮਾਗਮ ਨੂੰ ਸਫਲ ਬਣਾਉਣ ਵਿੱਚ ਜੋਨ ਆਗੂ ਮੁਖਤਿਆਰ ਗੋਪਾਲਪੁਰਾ, ਜਸਪਾਲ ਬਾਸਰਕਾ ਅਤੇ ਐਡਵੋਕੇਟ ਅਮਰਜੀਤ ਬਾਈ ਨੇ ਵਿਸ਼ੇਸ਼ ਭੂਮਿਕਾ ਨਿਭਾਈ। 4500 ਰੁਪਏ ਦਾ ਤਰਕਸ਼ੀਲ ਸਾਹਿਤ ਹਾਜ਼ਰੀਨ ਨੂੰ ਵੰਡਿਆ ਗਿਆ। **-ਜਸਪਾਲ ਬਾਸਰਕਾ**

ਇਕਾਈ ਰਾਮਪੁਰਾ : ਸ਼ਹੀਦ ਭਗਤ ਸਿੰਘ ਦਾ ਜਨਮ ਦਿਵਸ ਮਨਾਇਆ : ਰਾਮਪੁਰਾ ਫੂਲ ਦੇ ਮੇਨ ਚੌਂਕ ’ਚ ਸਥਾਪਿਤ ਸ਼ਹੀਦ ਦੇ ਬੁੱਤ ਅੱਗੇ ਇਕਾਈ ਮੈਂਬਰਾਂ ਨੇ ਸਮਾਜ ਨੂੰ ਬਦਲਣ ਦਾ ਅਹਿਦ ਕਰਦਿਆਂ ਲੋਕਾਂ ਨੂੰ ਸੰਬੋਧਨ ਕੀਤਾ। ਸ਼ਹੀਦ ਦੇ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਨਾਹਰੇ ਬੁਲੰਦ ਕਰਦਿਆਂ ਭਗਤ ਸਿੰਘ ਦੇ ਵਿਚਾਰਾਂ ਬਾਰੇ ਲੋਕਾਂ ਨਾਲ ਗੱਲ ਕੀਤੀ। ਇਕਾਈ ਇਹਨਾਂ ਵਿਚਾਰਾਂ ਨਾਲ ਸੰਬੰਧਤ ਛੋਟੇ ਕਿਤਾਬਚੇ ਬੱਚਿਆਂ ਵਿੱਚ ਲਿਜਾ ਕੇ ਉਹਨਾਂ ’ਤੇ ਅਧਾਰਿਤ ਟੈਸਟ ਲੈ ਕੇ ਪ੍ਰਚਾਰ ਕਰਨ ਦਾ ਵੀ ਯਤਨ ਕਰ ਰਹੀ ਹੈ।

ਤਾਂਤਰਿਕਾਂ ਨੂੰ ਚੁਣੌਤੀ : ਅਖਬਾਰਾਂ ਵਿੱਚ ਇਸ਼ਤਿਹਾਰ ਪਾ ਕੇ

ਰਿਧੀਆਂ ਸਿਧੀਆਂ ਦਾ ਪ੍ਰਚਾਰ ਕਰਨ ਵਾਲੇ ਤਾਂਤਰਿਕਾਂ ਨੂੰ ਇਕਾਈ ਨੇ ਜਨਤਕ ਚੁਣੌਤੀ ਦਿੱਤੀ ਹੈ ਕਿ ਉਹ ਇਕਾਈ ਦੇ ਕਿਸੇ ਮੈਂਬਰ ਨੂੰ 11 ਮਿੰਟ ਵਿੱਚ ਮੌਤ ਦੇ ਕੇ ਪੰਜ ਲੱਖ ਦਾ ਇਨਾਮ ਜਿੱਤ ਸਕਦੇ ਹਨ, ਜਾਂ ਫਿਰ ਆਪਣਾ ਧੰਦਾ ਬੰਦ ਕਰਨ। ਇਹਨਾਂ ਮੌਕਿਆਂ ’ਤੇ ਇਕਾਈ ਮੁਖੀ ਹੈੱਡਮਾਸਟਰ ਸੁਖਮੰਦਰ ਸਿੰਘ, ਜੋਨ ਆਗੂ ਜੰਟਾ ਸਿੰਘ, ਮਾਸਟਰ ਸੁਰਿੰਦਰ ਰਾਮਪੁਰਾ, ਜਗਦੇਵ ਸਿੰਘ, ਪ੍ਰਿੰਸੀਪਲ ਮੇਹਰ ਚੰਦ ਬਾਹੀਆ, ਗੁਰਦੀਪ ਸਿੰਘ, ਮੇਜਰ ਸਿੰਘ, ਗਗਨ ਗਰੋਵਰ, ਪ੍ਰਮੋਦ ਕੁਮਾਰ, ਗਗਨ ਕਾਂਗੜ, ਤੇਜ ਸਿੰਘ ਆਦਿ ਹਾਜਰ ਸਨ।

-ਸੁਰਿੰਦਰ ਰਾਮਪੁਰਾ

ਇਕਾਈ ਗੁਰੂ ਹਰਸਹਾਏ : 26 ਸਤੰਬਰ ਨੂੰ ‘ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਅਤੇ ਕਿਸਾਨੀ ਸੰਘਰਸ਼’ ਵਿਸ਼ੇ ’ਤੇ ਸੈਮੀਨਾਰ ਕਰਵਾਇਆ : ਜਿਸਦੇ ਮੁੱਖ ਬੁਲਾਰੇ ‘ਤਰਕਸ਼ੀਲ’ ਮੈਗਜ਼ੀਨ ਦੇ ਸੰਪਾਦਕ, ਸੂਬਾ ਆਗੂ ਬਲਬੀਰ ਲੌਂਗੋਵਾਲ ਸਨ। ਪ੍ਰੋ. ਜਸਵੰਤ ਸਿੰਘ, ਲਵਪ੍ਰੀਤ ਸਿੰਘ, ਲਖਵਿੰਦਰ ਸਿੰਘ ਛੀਨੀਵਾਲ ਨੇ ਤਰਕਸ਼ੀਲ ਗੀਤ, ਕਵਿਤਾਵਾਂ ਪੇਸ਼ ਕੀਤੀਆਂ। ਸਟੇਜ ਸੰਚਾਲਨ ਜੋਨ ਜਥੇਬੰਦਕ ਮੁਖੀ ਅਵਤਾਰ ਦੀਪ ਨੇ ਕੀਤਾ। ਇਸ ਮੌਕੇ ਜ਼ੋਨ ਆਗੂ ਡਾ. ਸੁਖਚੈਨ, ਕੁਲਜੀਤ ਡੰਗਰਖੇੜਾ ਨੇ ਵੀ ਸੰਬੋਧਨ ਕੀਤਾ। ਸਵਾਲ ਜਵਾਬ ਸੈਸ਼ਨ ਵਿੱਚ ਹਾਜ਼ਰੀਨ ਨੇ ਭਰਵੀਂ ਸ਼ਮੂਲੀਅਤ ਕੀਤੀ। ਪ੍ਰਵੀਨ ਜੰਡਵਾਲਾ, ਸੁਰਿੰਦਰ ਗੰਜੂਆਣਾ, ਬਲਦੇਵ ਸਿੰਘ, ਬੂਟਾ ਸਿੰਘ ਵਾਕਫ਼ ਅਤੇ ਗਨਪਤ ਰਾਏ ਆਦਿ ਸਾਥੀਆਂ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਮੁਕਤਸਰ ਲੱਖੇਵਾਲੀ, ਫਾਜਿਲਕਾ, ਗੁਰੂ ਹਰਸਹਾਏ, ਜਲਾਲਾਬਾਦ, ਅਬੋਹਰ ਆਦਿ ਇਕਾਈਆਂ ਦੇ ਸਾਥੀ ਵੀ ਸ਼ਾਮਲ ਸਨ।

ਇਕਾਈ ਬਰਨਾਲਾ : ਟੋਲ ਪਲਾਜਾ ਮਹਿਲ ਕਲਾਂ, ਪੈਟਰੋਲ ਪੰਪ ਰਿਲਾਇੰਸ ਬਰਨਾਲਾ ਵਿਖੇ ਇਕਾਈ ਆਗੂਆਂ ਅਵਤਾਰ ਸਿੰਘ, ਜੋਰਾ ਸਿੰਘ ਖਿਆਲੀ, ਹਰਮੇਸ਼ ਭੋਲਾ ਦੀ ਅਗਵਾਈ ਹੇਠ ਕਰਵਾਏ ਤਰਕਸ਼ੀਲ ਪ੍ਰੋਗਰਾਮਾਂ ਨੂੰ ਸੂਬਾ ਆਗੂ ਬਲਬੀਰ ਲੌਂਗੋਵਾਲ ਨੇ ਸੰਬੋਧਨ ਕੀਤਾ। ਬਿੰਦਰ ਧਨੌਲਾ ਨੇ ਜਾਦੂ ਦੇ ਟ੍ਰਿਕ ਪੇਸ਼ ਕੀਤੇ। ਗੁਰਦੀਪ ਮਹਿਲ ਕਲਾਂ ਵੀ ਇਸ ਮੌਕੇ ਹਾਜ਼ਰ ਸਨ। ਜੋਰਾ ਸਿੰਘ ਨੇ ਤਰਕਸ਼ੀਲ ਗੀਤ ਪੇਸ਼ ਕੀਤੇ।

ਇਕਾਈ ਸੰਗਰੂਰ : ‘ਖੇਤੀ ਸੰਕਟ ਤੇ ਵਿਗਿਆਨਕ ਪਹੁੰਚ’ ਪੁਸਤਕ ਕਿਸਾਨਾਂ ਵਿੱਚ ਵੰਡੀ : ਇਕਾਈ ਸੰਗਰੂਰ ਦੀ ਮਾਸਟਰ ਪਰਮ ਵੇਦ, ਸਵਰਨਜੀਤ ਸਿੰਘ, ਰਣਜੀਤ ਸਿੰਘ, ਨਿਰਮਲ ਸਿੰਘ ਦੁੱਗਾ, ਰਘਬੀਰ ਸਿੰਘ, ਸੁਰਿੰਦਰਪਾਲ ਉੱਪਲੀ ਅਧਾਰਤ ਤਰਕਸ਼ੀਲ ਟੀਮ ਨੇ ਟੋਲ ਪਲਾਜ਼ਾ ਲੱਡਾ ’ਤੇ ਲੱਗੇ ਪੱਕੇ ਕਿਸਾਨੀ ਮੋਰਚੇ ਵਿੱਚ ਪਹੁੰਚ ਕੇ ਸੂਬਾ ਕਮੇਟੀ ਵੱਲੋਂ ਪ੍ਰਕਾਸ਼ਿਤ ਪੁਸਤਕਾਂ ‘ਖੇਤੀ ਸੰਕਟ ਤੇ ਵਿਗਿਆਨਕ ਪਹੁੰਚ’, ‘ਸ਼ਹੀਦ ਭਗਤ ਸਿੰਘ ਦੇ ਵਿਚਾਰ’, ‘ਦੇਵ ਪੁਰਸ਼ ਹਾਰ ਗਏ’ ਤੇ ਤਰਕਸ਼ੀਲ ਮੈਗਜ਼ੀਨ ਕਿਸਾਨਾਂ ਨੂੰ ਵੰਡੇ। ਇਕਾਈ ਮੁਖੀ ਮਾਸਟਰ ਪਰਮ ਵੇਦ ਤੇ ਸਵਰਨਜੀਤ ਸਿੰਘ ਨੇ ਸੰਬੋਧਨ ਕੀਤਾ। ਉਨ੍ਹਾਂ ਕਿਸਾਨਾਂ ਦੇ ਸਿਰੜ, ਦ੍ਰਿੜ੍ਹਤਾ ਨੂੰ ਸਲਾਮ ਕਰਦਿਆਂ ਕਿਸਾਨ ਸੰਘਰਸ਼ ਵਿੱਚ ਔਰਤਾਂ ਦੀ ਭਰਵੀਂ ਸ਼ਮੂਲੀਅਤ ਦੀ ਸ਼ਲਾਘਾ ਕੀਤੀ ਅਤੇ ਔਰਤਾਂ ਦੀ ਸ਼ਮੂਲੀਅਤ ਨੂੰ ਜਿੱਤ ਕਰਾਰ ਦਿੱਤਾ। ਕਿਸਾਨੀ ਮੋਰਚੇ ਦੇ ਪ੍ਰਬੰਧਕਾਂ ਨੇ ਤਰਕਸ਼ੀਲਾਂ ਦਾ ਧੰਨਵਾਦ ਕੀਤਾ।

ਤਰਕਸ਼ੀਲ ਪ੍ਰੋਗਰਾਮ: ਮਾਸਟਰ ਪਰਮਵੇਦ, ਸੁਰਿੰਦਰਪਾਲ ਉਪਲੀ, ਗੁਰਦੀਪ ਲਹਿਰਾ, ਨਛੱਤਰ ਸਿੰਘ, ਚਰਨ ਕਮਲ ਸਿੰਘ, ਰਘਵੀਰ ਸਿੰਘ ਅਧਾਰਿਤ ਤਰਕਸ਼ੀਲ ਟੀਮ ਵੱਲੋਂ ਗੌਰਮਿੰਟ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਸੰਗਰੂਰ ਵੱਲੋਂ ਉਸ ਦੇ ਜਨਮ ਦਿਵਸ ’ਤੇ ਕਰਵਾਏ ਸਮਾਰੋਹ ਵਿੱਚ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ ਗਿਆ ਅਤੇ ਕਾਫੀ ਮਾਤਰਾ ਵਿੱਚ ਤਰਕਸ਼ੀਲ ਸਾਹਿਤ ਵੰਡਿਆ ਗਿਆ। ਪਰਮਵੇਦ ਜੀ ਨੇ ਸੰਬੋਧਨ ਕੀਤਾ। ਸੁਸਾਇਟੀ ਦੀ ਕਾਰਜਸ਼ੈਲੀ, ਚੁਣੌਤੀ ਅਤੇ ਵਿਗਿਆਨਕ ਵਿਚਾਰਧਾਰਾ ਬਾਰੇ ਗੱਲ ਕੀਤੀ। ਐਸੋਸੀਏਸ਼ਨ ਦੇ ਜਿਲਾ ਸੰਗਰੂਰ ਦੇ ਪ੍ਰਧਾਨ ਜੀਤ ਸਿੰਘ ਢੀਂਡਸਾ ਨੇ ਸੁਸਾਇਟੀ ਦਾ ਧੰਨਵਾਦ ਕੀਤਾ। **-ਪਰਮ ਵੇਦ**

ਇਕਾਈ ਅੰਮ੍ਰਿਤਸਰ : ਲਖੀਮਪੁਰ ਖੀਰੀ ਘਟਨਾ ਖਿਲਾਫ਼ ਰੋਹ ਪ੍ਰਗਟਾਵਾ : ਯੂ.ਪੀ. ਦੇ ਲਖੀਮਪੁਰ ਖੀਰੀ ਜਿਲ੍ਹੇ ਵਿੱਚ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਅਤੇ ਉਹਦੇ ਪੁੱਤਰ ਵੱਲੋਂ ਸ਼ਾਂਤਮਈ ਵਿਰੋਧ ਕਰਦੇ ਨਿਹੱਥੇ ਕਿਸਾਨਾਂ ਉੱਤੇ ਜਾਣ ਬੁੱਝ ਕੇ ਗੱਡੀ ਚੜ੍ਹਾ ਕੇ ਅਤੇ ਗੋਲੀਆਂ ਚਲਾ ਕੇ 4 ਕਿਸਾਨਾਂ ਨੂੰ ਮੌਤ ਦੇ ਘਾਟ ਉਤਾਰਣ ਅਤੇ ਕਈਆਂ ਨੂੰ ਗੰਭੀਰ ਜਖ਼ਮੀ ਕਰਨ ਦੇ ਦੋਸ਼ ਹੇਠ ਧਾਰਾ 302 ਤਹਿਤ ਦੋਹਾਂ ਨੂੰ ਤੁਰੰਤ ਗ੍ਰਿਫਤਾਰ ਕਰਨ ਅਤੇ ਮੰਤਰੀ ਪਦ ਤੋਂ ਤੁਰੰਤ ਬਰਖਾਸਤ ਕਰਨ ਦੀ ਜ਼ੋਰਦਾਰ ਮੰਗ ਕਰਨ ਲਈ ਸੰਯੁਕਤ ਕਿਸਾਨ ਮੋਰਚੇ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਵੱਲੋਂ ਇਸ ਘਟਨਾ ਦੇ ਖਿਲਾਫ਼ ਸਥਾਨਕ ਡਿਪਟੀ ਕਮਿਸ਼ਨਰ ਦਫਤਰ ਵਿਖੇ ਕੀਤੇ ਰੋਸ ਪ੍ਰਦਰਸ਼ਨ ਮੌਕੇ ਸ਼ਮੂਲੀਅਤ ਕੀਤੀ। ਤਰਕਸ਼ੀਲ ਆਗੂਆਂ ਜਸਪਾਲ ਬਾਸਰਕਾ, ਸੁਮੀਤ ਸਿੰਘ ਮਨਜੀਤ ਬਾਸਰਕਾ, ਐਡਵੋਕੇਟ ਅਮਰਜੀਤ ਬਾਈ, ਕਾਮਰੇਡ ਬਲਵਿੰਦਰ ਦੁਧਾਲਾ ਅਤੇ ਅਸ਼ਵਨੀ ਕੁਮਾਰ ਆਦਿ ਸ਼ਾਮਲ ਹੋਏ।

ਗੈਰ ਜ਼ਮਹੂਰੀ ਵਿਵਹਾਰ ਖਿਲਾਫ਼ ਪ੍ਰਦਰਸ਼ਨ ’ਚ ਸ਼ਮੂਲੀਅਤ : ਜਸਪਾਲ ਬਾਸਰਕਾ, ਸੁਮੀਤ ਸਿੰਘ, ਅਸ਼ਵਨੀ ਕੁਮਾਰ, ਮਾ. ਕੁਲਜੀਤ ਵੇਰਕਾ, ਮਨਜੀਤ ਬਾਸਰਕੇ, ਕਾ. ਬਲਵਿੰਦਰ ਦੁਧਾਲਾ ਆਦਿ ਨਵੀਨੀਕਰਨ ਅਤੇ ਸੁੰਦਰੀਕਰਨ ਦੇ ਨਾਮ ਹੇਠ ਜਲ੍ਹਿਆਂ ਵਾਲੇ ਬਾਗ ਦੇ ਇਤਿਹਾਸ ਨੂੰ ਵਿਗਾੜਣ ਖਿਲਾਫ

ਮੁੱਦੇ 'ਤੇ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਦੇ ਵਫ਼ਦ ਨਾਲ ਅਧਿਕਾਰੀਆਂ, ਸਰਕਾਰ ਵੱਲੋਂ ਕੀਤੇ ਗੈਰ ਜਮਹੂਰੀ ਵਿਵਹਾਰ ਅਤੇ ਗੱਲ ਨੂੰ ਗੰਭੀਰਤਾ ਨਾਲ ਨਾ ਸੁਨਣ 'ਤੇ ਪ੍ਰਗਟਾਏ ਰੋਸ ਦਾ ਹਿੱਸਾ ਬਣੇ। **-ਸੁਮੀਤ ਸਿੰਘ**

ਇਕਾਈ ਲੁਧਿਆਣਾ : 'ਤਰਕਸ਼ੀਲ' ਪਾਠਕ ਮਿਲਣੀ ਵਿੱਚ ਪਾਠਕਾਂ ਨੇ ਦਿੱਤੇ ਅਹਿਮ ਸੁਝਾਅ : ਸਥਾਨਕ ਗ਼ਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ ਵਿਖੇ ਮੈਗਜ਼ੀਨ 'ਤਰਕਸ਼ੀਲ' ਦੀ ਪਾਠਕ ਮਿਲਣੀ ਕਰਵਾਈ ਗਈ। ਇਸ ਵਿੱਚ ਮੁੱਖ ਬੁਲਾਰੇ ਦੇ ਤੌਰ ਤੇ 'ਤਰਕਸ਼ੀਲ' ਮੈਗਜੀਨ ਦੇ ਮੁੱਖ ਸੰਪਾਦਕ ਬਲਬੀਰ ਲੌਂਗੋਵਾਲ ਪੁੱਜੇ। ਇਸ ਪ੍ਰੋਗਰਾਮ ਦੇ ਪ੍ਰਧਾਨਗੀ ਮੰਡਲ ਵਿੱਚ ਉੱਘੇ ਖੇਤੀ ਅਰਥ ਵਿਗਿਆਨੀ ਡਾ. ਸੁਖਪਾਲ ਅਤੇ ਲੁਧਿਆਣਾ ਇਕਾਈ ਦੇ ਜਥੇਬੰਦਕ ਮੁਖੀ ਬਲਵਿੰਦਰ ਸਿੰਘ ਸ਼ਾਮਲ ਸਨ। ਬਲਬੀਰ ਲੌਂਗੋਵਾਲ ਨੇ ਸੰਬੋਧਨ ਕਰਦਿਆਂ ਪਾਠਕ ਮਿਲਣੀਆਂ ਦੇ ਪ੍ਰੋਗਰਾਮਾਂ ਵਿੱਚ ਪਾਠਕਾਂ ਦੇ ਰੂ-ਬ-ਰੂ ਹੋਕੇ, ਉਹਨਾਂ ਵੱਲੋਂ ਦਿੱਤੇ ਸੁਝਾਵਾਂ ਨੂੰ ਮਹੱਤਵਪੂਰਣ ਸਮਝਦਿਆਂ ਤਰਕਸ਼ੀਲ ਸੁਸਾਇਟੀ ਦੇ ਬੁਲਾਰੇ ਮੈਗਜ਼ੀਨ 'ਤਰਕਸ਼ੀਲ' ਦੀ ਸਮਾਜ ਪ੍ਰਤੀ ਭੂਮਿਕਾ ਬਾਰੇ ਵਿਸਥਾਰਿਤ ਜਾਣਕਾਰੀ ਦਿੱਤੀ। ਪਾਠਕਾਂ ਦੇ ਸੁਝਾਵਾਂ ਵਿੱਚੋਂ ਮੁੱਖ ਤੌਰ ਤੇ ਸਾਹਮਣੇ ਆਇਆ ਕਿ ਮੈਗਜ਼ੀਨ ਵਿੱਚ ਸੌਖੇ ਸ਼ਬਦਾਂ ਰਾਹੀਂ ਪਦਾਰਥਵਾਦੀ ਨਜ਼ਰੀਏ ਨੂੰ ਉਤਸਾਹਿਤ ਕਰਨ ਲਈ ਵੱਧ ਯਤਨ ਜੁਟਾਏ ਜਾਣ। ਔਰਤਾਂ, ਨੌਜਵਾਨਾਂ ਤੇ ਬੱਚਿਆਂ ਦੀ ਪੜ੍ਹਨ ਰੁਚੀ ਵਧਾਉਣ ਲਈ ਵਿਸ਼ੇਸ਼ ਯਤਨ ਕੀਤੇ ਜਾਣ, ਆਦਿ ਸੁਝਾਅ ਪਾਠਕਾਂ ਵੱਲੋਂ ਪੇਸ਼ ਕੀਤੇ ਗਏ।

ਉੱਘੇ ਖੇਤੀ ਅਰਥ ਵਿਗਿਆਨੀ ਡਾ. ਸੁਖਪਾਲ ਸਿੰਘ ਨੇ ਰੌਚਕ ਤੱਥਾਂ ਦੇ ਹਵਾਲੇ ਨਾਲ ਕਿਹਾ ਕਿ ਵੱਧ ਆਬਾਦੀ ਨੂੰ ਗਰੀਬੀ ਦਾ ਕਾਰਣ ਕਹਿਣਾ ਗੈਰ ਵਿਗਿਆਨਿਕ ਸਮਝ ਹੈ ਜਿਸ ਨੂੰ ਤਰਕਸ਼ੀਲ ਨਜ਼ਰੀਏ ਨਾਲ ਪੇਸ਼ ਕਰਨਾ ਵੀ ਸਾਡੀ ਜ਼ਿੰਮੇਵਾਰੀ ਹੈ। ਉਹਨਾਂ ਕਾਰਪੋਰੇਟ ਸੈਕਟਰ ਵੱਲੋਂ ਸਰਕਾਰ ਰਾਹੀਂ ਆਪਣੇ ਪੱਖੀ ਨੀਤੀਆਂ ਬਣਵਾਉਣ ਲਈ ਨਿਭਾਏ ਜਾ ਰਹੇ ਕੋਝੇ ਯਤਨਾਂ ਦੇ ਟਾਕਰੇ ਲਈ ਤਰਕਸ਼ੀਲ ਨਜਰੀਏ ਤੋਂ ਜਵਾਬ ਦੇਣ ਨੂੰ ਮਹੱਤਵਪੂਰਣ ਕਿਹਾ। ਪਾਠਕਾਂ ਵਿੱਚੋਂ ਮਾ. ਟੇਕ ਚੰਦ ਕਾਲੀਆ, ਅਜਾਇਬ ਸਿੰਘ, ਹਰਸਾ ਸਿੰਘ, ਪ੍ਰਿੰਸੀਪਲ ਹਰਭਜਨ ਸਿੰਘ, ਐਡਵੋਕੇਟ ਹਰਪ੍ਰੀਤ ਜੀਰਖ, ਰਾਕੇਸ ਆਜਾਦ , ਕਰਤਾਰ ਸਿੰਘ ਪੀ ਏ ਯੂ, ਸਤੀਸ ਸੱਚਦੇਵਾ, ਡਾ ਹਰਬੰਸ ਗਰੇਵਾਲ , ਨਰਿੰਦਰ ਐਡਵੋਕੇਟ, ਮਾ. ਜਰਨੈਲ ਸਿੰਘ, ਮੁੱਖ ਅਧਿਆਪਕਾ ਕਿਰਨ ਜੀ , ਪ੍ਰਮਜੀਤ ਕੌਰ ਕਿਲਾ ਰਾਏਪੁਰ ਨੇ ਸੁਝਾਅ ਦਿੰਦਿਆਂ ਤਰਕਸੀਲ ਸੁਸਾਇਟੀ ਵੱਲੋਂ ਅਜਿਹੇ ਸਮਾਗਮ ਛੇਤੀ ਅਤੇ ਪੇਂਡੂ ਇਲਾਕਿਆਂ ਵਿੱਚ ਕਰਨ ਦੀ ਇੱਛਾ ਪ੍ਰਗਟਾਈ। ਸਟੇਜ ਸੰਚਾਲਨ ਸੁਸਾਇਟੀ ਦੇ ਜੋਨ ਮੁਖੀ ਜਸਵੰਤ ਜੀਰਖ ਨੇ ਕੀਤਾ। ਅੰਤ ਵਿੱਚ ਬਲਵਿੰਦਰ ਸਿੰਘ ਨੇ ਆਏ ਪਾਠਕਾਂ ਦਾ ਧੰਨਵਾਦ ਕੀਤਾ ਅਤੇ ਕਿਸਾਨੀ ਸੰਘਰਸ਼ ਦੇ ਸੱਦਿਆਂ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ। **-ਜਸਵੰਤ ਜੀਰਖ**

ਇਕਾਈ ਰੋਪੜ :

1. 26/6/21 ਨੂੰ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਰਾਜਪਾਲ ਨੂੰ ਮੰਗ ਪੱਤਰ ਦਿੱਤਾ ਗਿਆ ਜਿਸ ਵਿਚ ਰੋਪੜ ਇਕਾਈ ਨੇ ਵੱਧ ਚੜ੍ਹ ਕੇ ਸ਼ਮੂਲੀਅਤ ਕੀਤੀ ਅਤੇ ਇਸ ਧਰਨੇ ਵਿੱਚ ਤਿੰਨ ਸੌ ਤਰਕਸ਼ੀਲ ਮੈਗਜ਼ੀਨ ਵੰਡਿਆ ਗਿਆ।

2. ਮਿਤੀ 6/7/21 ਨੂੰ ਪਾਦਰੀ ਸਟੈਨ ਸਵਾਮੀ ਦੀ ਹੋਈ ਮੌਤ ਲਈ ਜ਼ਿੰਮੇਵਾਰ ਗ੍ਰਹਿ ਮੰਤਰਾਲੇ ਅਤੇ ਸੈਂਟਰ ਸਰਕਾਰ ਵਿਰੁੱਧ ਰੋਸ ਪ੍ਰਗਟ ਕਰਨ ਲਈ ਮਹਾਰਾਜਾ ਰਣਜੀਤ ਸਿੰਘ ਪਾਰਕ ਰੋਪੜ ਵਿਖੇ ਇਕੱਤਰ ਹੋਈਆਂ ਭਰਾਤਰੀ ਜਥੇਬੰਦੀਆਂ ਨਾਲ ਮਿਲ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਇਨਸਾਫ਼ ਲਈ ਡੀ.ਸੀ. ਰੂਪਨਗਰ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਅਜੀਤ ਪ੍ਰਦੇਸੀ, ਅਸ਼ੋਕ ਕੁਮਾਰ, ਪਵਨ ਰੱਤੋ, ਹਰਵਿੰਦਰ ਸੁਖਰਾਮ ਪੁਰੀ, ਅਮਰਨਾਥ ਅਤੇ ਕਰਮਜੀਤ ਆਦਿ ਹਾਜ਼ਰ ਸਨ।

3. ਮਿਤੀ 8/7/21 ਨੂੰ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕਿਸਾਨ ਜਥੇਬੰਦੀਆਂ ਦੇ ਨਾਲ ਮਿਲ ਕੇ ਡੀਜ਼ਲ ਪੈਟਰੋਲ ਦੇ ਵਧੇ ਰੇਟਾਂ ਦੇ ਖ਼ਿਲਾਫ਼ ਬਹਿਰਾਮਪੁਰ ਟੋਲ ਪਲਾਜੇ ਵਿਖੇ ਖਾਲੀ ਸਿਲੰਡਰ ਰੱਖ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਅਜੀਤ ਪਰਦੇਸੀ, ਅਸ਼ੋਕ ਕੁਮਾਰ, ਪਵਨ ਰੱਤੋਂ, ਜਸਪਾਲ ਮਜਾਰੀ ਆਦਿ ਹਾਜ਼ਰ ਸਨ।


4. ਮਿਤੀ 31/7/21 ਨੂੰ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਇਕਾਈ ਰੋਪੜ ਵੱਲੋਂ ਪੈਂਫਲੈਟ ਵੰਡ ਕੇ ਮਨਾਇਆ ਗਿਆ। ਇਸ ਮੌਕੇ ਅਜੀਤ ਪ੍ਰਦੇਸੀ, ਅਸ਼ੋਕ ਕੁਮਾਰ, ਪਵਨ ਰੱਤੋ, ਹਰਵਿੰਦਰ ਸੁਖਰਾਮ ਪੁਰੀ, ਬਲਵੀਰ ਖੈਰਾਬਾਦ ਹਾਜ਼ਰ ਸਨ।

5. ਮਿਤੀ 20/8/21 ਨੂੰ ਸੂਬਾ ਕਮੇਟੀ ਦੇ ਸੱਦੇ ਤੇ ਡਾ. ਦਾਭੋਲਕਰ ਦੇ ਸ਼ਹੀਦੀ ਦਿਵਸ ਮਨਾਉਣ ਲਈ ਦਿੱਲੀ ਦੇ ਸਿੰਘੂ ਬਾਰਡਰ 'ਤੇ ਧਰਨੇ ਦੇ ਵਿਚ ਅਜੀਤ ਪ੍ਰਦੇਸੀ, ਦਵਿੰਦਰ ਸਰਥਲੀ, ਹਰਵਿੰਦਰ ਸੁਖਰਾਮ ਪੁਰੀ, ਅਮਰ ਨਾਥ, ਅਸ਼ੋਕ ਰੋਪੜ ਨੇ ਸ਼ਮੂਲੀਅਤ ਕੀਤੀ।

6. ਮਿਤੀ 25/8/21 ਨੂੰ ਕਿਰਤੀ ਕਿਸਾਨ ਮੋਰਚਾ ਰੋਪੜ ਦੇ ਸੱਦੇ 'ਤੇ ਰਣਜੀਤ ਬਾਗ ਵਿਖੇ ਮੱਕੀ ਦੀ ਸੁੰਡੀ ਨਾਲ ਨੁਕਸਾਨੀ ਫ਼ਸਲ ਦੇ ਮੁਆਵਜ਼ੇ ਦੇ ਸਬੰਧੀ ਲਗਾਏ ਗਏ ਰੋਸ ਧਰਨੇ ਵਿੱਚ ਰੋਪੜ ਇਕਾਈ ਵੱਲੋਂ ਸ਼ਮੂਲੀਅਤ ਕੀਤੀ ਗਈ। ਤਰਕਸ਼ੀਲ ਮੈਗਜ਼ੀਨ ਅਤੇ ਕਿਤਾਬਾਂ ਵੀ ਵੰਡੀਆਂ ਗਈਆਂ।

-ਅਸ਼ੋਕ ਰੋਪੜ

ਸਿਰੜੀ ਮਾਤਾ ਅਮਰਜੀਤ ਕੌਰ ਦਾ ਸਤਿਕਾਰ ਸਮਾਗਮ



ਤਰਕਸ਼ੀਲ ਆਗੂ ਸੁਮੀਤ ਸਿੰਘ ਅੰਮ੍ਰਿਤਸਰ ਦੇ ਮਾਤਾ ਅਮਰਜੀਤ ਕੌਰ ਜੀ (ਪਤਨੀ ਮਰਹੂਮ ਜੋਗਿੰਦਰ ਸਿੰਘ ਜੀ) 88 ਸਾਲ ਦੀ ਉਮਰ ਬਾਅਦ 18 ਸਤੰਬਰ 2021 ਨੂੰ ਸਦੀਵੀਂ ਵਿਛੋੜਾ ਦੇ ਗਏ। ਪਿਛਲੇ ਕੁੱਝ ਸਾਲਾਂ ਤੋਂ ਭਿਆਨਕ ਬਿਮਾਰੀਆਂ ਦੇ ਬਾਵਜੂਦ ਉਹ ਘਰੇਲੂ ਜ਼ਿੰਮੇਵਾਰੀਆਂ ਬਹੁਤ ਸਿਰੜ ਨਾਲ ਨਿਭਾਉਂਦੇ ਰਹੇ। ਬਿਹਤਰ ਇਲਾਜ ਨੇ ਉਹਨਾਂ ਦੀਆਂ ਬਿਮਾਰੀਆਂ ਨੂੰ ਕਾਬੂ ਕਰਨ ਅਤੇ ਉਹਨਾਂ ਦੇ 'ਸਵਾਸ ਵਧਾਉਣ' ਵਿੱਚ ਕਾਫੀ ਹੱਦ ਤੱਕ ਸਫਲਤਾ ਵੀ ਹਾਸਲ ਕੀਤੀ ਪਰ 13 ਜਨਵਰੀ 2019 ਨੂੰ ਆਪਣੇ ਸਭ ਤੋਂ ਵੱਡੇ ਬੇਟੇ ਨਵਤੇਜ ਸਿੰਘ ਦੀ ਅਚਾਨਕ ਮੌਤ ਦੇ ਡੂੰਘੇ ਸਦਮੇ ਨੇ ਉਨ੍ਹਾਂ ਦੇ ਦਿਲ, ਦਿਮਾਗ ਅਤੇ ਸਰੀਰ 'ਤੇ ਗੰਭੀਰ ਅਸਰ ਕੀਤਾ।

ਮਾਤਾ ਅਮਰਜੀਤ ਕੌਰ ਜੀ ਦੀ ਇੱਛਾ ਅਨੁਸਾਰ ਪਰਿਵਾਰ ਵੱਲੋਂ ਉਨ੍ਹਾਂ ਦਾ ਅੰਤਿਮ ਸੰਸਕਾਰ ਬਿਨਾਂ ਕਿਸੇ ਧਾਰਮਿਕ, ਰੂੜੀਵਾਦੀ ਰਸਮਾਂ ਤੋਂ ਲੱਕੜਾਂ ਦੀ ਥਾਂ ਐੱਲ.ਪੀ.ਜੀ. ਰਾਹੀਂ ਕੀਤਾ ਗਿਆ ਅਤੇ ਉਹਨਾਂ ਦੀ ਅਰਥੀ ਨੂੰ ਮੋਢਾ ਉਹਨਾਂ ਦੀ ਸੇਵਾ ਸੰਭਾਲ ਕਰਨ ਵਾਲੇ ਪੁੱਤਰਾਂ, ਨੂੰਹਾਂ, ਪੋਤੇ, ਪੋਤਰੀਆਂ ਆਦਿ ਵੱਲੋਂ ਦਿੱਤਾ ਗਿਆ।

29 ਸਤੰਬਰ ਨੂੰ ਮਾਤਾ ਜੀ ਦਾ ਸਤਿਕਾਰ ਸਮਾਗਮ ਬਿਨ੍ਹਾਂ ਕਿਸੇ ਧਾਰਮਿਕ ਰਸਮ ਤੋਂ ਪਸ਼ੌਰੀਆ ਹਾਲ, ਅੰਮ੍ਰਿਤਸਰ ਵਿਖੇ ਹੋਇਆ। ਜਿਸ ਵਿੱਚ ਮਾਝਾ ਜੋਨ ਦੀਆਂ ਇਕਾਈਆਂ ਦੇ ਆਗੂਆਂ, ਕਾਰਕੁੰਨਾਂ ਤੋਂ ਬਿਨ੍ਹਾਂ ਵੱਖ ਵੱਖ ਜਮਹੂਰੀ ਅਤੇ ਜਨਤਕ ਜਥੇਬੰਦੀਆਂ ਦੇ ਆਗੂਆਂ, ਕਾਰਕੁਨਾਂ, ਰੇਲਵੇ ਮੁਲਾਜ਼ਮਾਂ ਅਤੇ ਰਿਸ਼ਤੇਦਾਰਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।ਮਾਤਾ ਜੀ ਦੀ ਫੋਟੋ ਉੱਤੇ ਫੁੱਲ ਭੇਂਟ ਕਰਕੇ ਸਿਜਦਾ ਕੀਤਾ ਗਿਆ। ਮੰਚ ਦਾ ਸੰਚਾਲਨ ਕਰਦਿਆਂ ਐਡਵੋਕੇਟ ਅਮਰਜੀਤ ਬਾਈ ਨੇ ਮਾਤਾ ਜੀ ਦੇ ਜੀਵਨ ਸਫ਼ਰ ਤੋਂ ਬਿਨ੍ਹਾਂ ਪਰਿਵਾਰ ਦੇ ਸਮਾਜ ਵਿੱਚ ਵਡਮੁੱਲੇ ਯੋਗਦਾਨ 'ਤੇ ਗੱਲ ਕੀਤੀ।ਸੂਬਾ ਆਗੂ ਰਜਿੰਦਰ ਭਦੌੜ ਜੀ ਨੇ ਸੰਬੋਧਨ ਕਰਦਿਆਂ ਜਿੱਥੇ ਪਰਿਵਾਰ ਵੱਲੋਂ ਬੇਲੋੜੀਆਂ, ਰੂੜੀਵਾਦੀ ਰਸਮਾਂ ਨੂੰ ਤਿਲਾਂਜਲੀ ਦਿੱਤੇ ਜਾਣ ਦੀ ਪ੍ਰਸ਼ੰਸਾ ਕੀਤੀ, ਉੱਥੇ ਸੁਮੀਤ ਸਿੰਘ, ਉਸਦੀ ਹਮਸਫ਼ਰ ਦਮਨਜੀਤ ਕੌਰ ਅਤੇ ਸਮੁੱਚੇ ਪਰਿਵਾਰ ਵੱਲੋਂ ਜਨਤਕ, ਜਮਹੂਰੀ ਲਹਿਰ ਵਿੱਚ ਪਾਏ ਜਾ ਰਹੇ ਯੋਗਦਾਨ ਦੇ ਮਹੱਤਵ ਬਾਰੇ ਵੀ ਵਿਚਾਰ ਸਾਂਝੇ ਕੀਤੇ, ਹਾਜ਼ਰੀਨ ਲੋਕਾਂ ਨੂੰ ਵਿਗਿਆਨਕ ਸੋਚ ਅਪਨਾਉਣ ਦਾ ਸੱਦਾ ਦਿੱਤਾ।

ਇਸ ਮੌਕੇ ਉੱਘੇ ਸਿਹਤ ਮਾਹਰ ਡਾ ਸ਼ਿਆਮ ਸੁੰਦਰ ਦੀਪਤੀ ਜੀ ਨੇ ਖ਼ੋਜ ਕਾਰਜਾਂ ਲਈ ਮੈਡੀਕਲ ਕਾਲਜਾਂ ਨੂੰ ਅੰਗ ਪ੍ਰਦਾਨ ਕੀਤੇ ਜਾਣ ਦੀ ਲੋੜ 'ਤੇ ਗੱਲ ਕੀਤੀ। ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਜਲੰਧਰ ਦੇ ਸਕੱਤਰ ਅਤੇ ਨਾਮਵਰ ਚਿੰਤਕ ਡਾ. ਪਰਮਿੰਦਰ ਨੇ ਕਿਹਾ ਕਿ ਮਾਤਾ ਅਮਰਜੀਤ ਕੌਰ ਨੇ ਸੰਨ 1947 ਵਿੱਚ ਹਿੰਦੁਸਤਾਨ ਦੀ ਧਰਮ ਦੇ ਨਾਮ ਹੇਠ ਕੀਤੀ ਫਿਰਕੂ ਵੰਡ ਅਧੀਨ ਹੋਏ ਕਤਲੇਆਮ ਅਤੇ 1984 ਵਿੱਚ ਆਪਣੇ ਪਤੀ ਦੇ ਵੱਡੇ ਦੁਖਾਂਤ ਨੂੰ ਆਪਣੇ ਪਿੰਡੇ 'ਤੇ ਹੰਢਾਉਣ ਦੇ ਬਾਵਜੂਦ ਹਿੰਮਤ ਅਤੇ ਦ੍ਰਿੜ ਹੌਂਸਲੇ ਨਾਲ ਸਾਰੀ ਉਮਰ ਸੰਘਰਸ਼ ਕੀਤਾ।

ਕੇਂਦਰ ਪੰਜਾਬੀ ਲੇਖਕ ਸਭਾ ਦੇ ਸਕੱਤਰ ਅਤੇ ਕਹਾਣੀਕਾਰ ਦੀਪ ਦੇਵਿੰਦਰ ਸਿੰਘ, ਮਾਝਾ ਜੋਨ ਦੇ ਜਥੇਬੰਦਕ ਮੁਖੀ ਰਜਵੰਤ ਬਾਗੜੀਆ, ਤਰਕਸ਼ੀਲ ਆਗੂ ਸੁਖਦੇਵ ਫਗਵਾੜਾ, ਕਿਸਾਨ ਆਗੂ ਕਾਮਰੇਡ ਬਲਵਿੰਦਰ ਦੁਧਾਲਾ, ਪ੍ਰਸਿੱਧ ਅਦਾਕਾਰ ਅਤੇ ਅਜੀਤ ਅਖਬਾਰ ਦੇ ਸਥਾਨਕ ਇੰਚਾਰਜ ਜਸਵੰਤ ਜੱਸ, ਨੌਰਦਰਨ ਰੇਲਵੇ ਮੈਨਜ ਯੂਨੀਅਨ ਦੇ ਬਰਾਂਚ ਸਕੱਤਰ ਕਾ. ਰਾਜੀਵ ਨੇ ਵੀ ਮਾਤਾ ਨਾਲ ਸਬੰਧਤ ਯਾਦਾਂ ਨੂੰ ਸਾਂਝਾ ਕੀਤਾ। ਸੁਮੀਤ ਸਿੰਘ ਜੀ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ।


ਸਮਾਗਮ ਦੀ ਸਮਾਪਤੀ 'ਤੇ ਸਭ ਨੂੰ ਇੱਕ ਇੱਕ 'ਤਰਕਸ਼ੀਲ' ਮੈਗਜ਼ੀਨ ਅਤੇ ਮਾਤਾ ਅਮਰਜੀਤ ਕੌਰ ਨੂੰ ਸਮਰਪਤ ਪੰਜਾਬੀ ਟ੍ਰਿਬਿਊਨ, ਨਵਾਂ ਜ਼ਮਾਨਾ ਅਤੇ ਪੰਜਾਬੀ ਜਾਗਰਣ ਵਿੱਚ ਪ੍ਰਕਾਸ਼ਿਤ ਲੇਖ ਦੀਆਂ 300 ਕਾਪੀਆਂ ਵੰਡੀਆਂ ਗਈਆਂ।

ਸਤਿਕਾਰ ਸਮਾਗਮ ਦੇ ਸਮੁੱਚੇ ਪ੍ਰਬੰਧਾਂ ਵਿੱਚ ਜ਼ੋਨ ਆਗੂ ਮੁਖਤਿਆਰ ਗੋਪਾਲਪੁਰਾ, ਅੰਮ੍ਰਿਤਸਰ ਇਕਾਈ ਆਗੂ ਜਸਪਾਲ ਬਾਸਰਕਾ, ਅਸ਼ਵਨੀ ਕੁਮਾਰ, ਕਰਨ ਕੁਮਾਰ, ਨਵਰੀਤ, ਐਸ. ਪੀ. ਸਿੰਘ, ਪ੍ਰੀਤ ਕੰਵਲ ਕੌਰ, ਦਾਨਿਸ਼ਵੀਰ ਸਿੰਘ, ਕੁਲਦੀਪ ਸਿੰਘ ਅਤੇ ਲਾਲ ਚੰਦ ਨੇ ਅਹਿਮ ਭੂਮਿਕਾ ਨਿਭਾਈ।

ਜਸਪਾਲ ਬਾਸਰਕਾ

ਤਰਕਸ਼ੀਲ ਉਜਾਗਰ ਸਿੰਘ ਜੀ ਦਾ ਸਤਿਕਾਰ ਸਮਾਗਮ

ਤਰਕਸ਼ੀਲ ਉਜਾਗਰ ਸਿੰਘ ਦਾ ਸਤਿਕਾਰ ਸਮਾਗਮ ਲੁਧਿਆਣਾ ਵਿਖੇ ਬਿਨ੍ਹਾਂ ਕਿਸੇ ਧਾਰਮਿਕ ਰਸਮ ਤੋਂ ਬਹੁਤ ਹੀ ਵਿਲੱਖਣ ਢੰਗ ਨਾਲ ਪ੍ਰਵਾਰ ਵਲੋਂ ਤਰਕਸ਼ੀਲ ਸੁਸਾਇਟੀ ਪੰਜਾਬ (ਇਕਾਈ ਲੁਧਿਆਣਾ) ਦੇ ਵਿਸ਼ੇਸ਼ ਸਹਿਯੋਗ ਨਾਲ



ਕੀਤਾ ਗਿਆ। ਉਜਾਗਰ ਸਿੰਘ ਜੀ, ਜੋ 100 ਸਾਲ ਦੋ ਮਹੀਨੇ ਦੀ ਉਮਰ ਬਾਅਦ 16 ਜੁਲਾਈ ਨੂੰ ਸਦੀਵੀ ਵਿਛੋੜਾ ਦੇ ਗਏ ਸਨ, ਦਾ ਸੰਸਕਾਰ ਵੀ ਉਹਨਾਂ ਦੀ ਇੱਛਾ ਅਨੁਸਾਰ ਬਿਨ੍ਹਾਂ ਕਿਸੇ ਰੂੜੀਵਾਦੀ ਰਸਮ ਤੋਂ ਕੀਤਾ ਗਿਆ ਸੀ। ਉਹਨਾਂ ਨੇ ਜਿਉਂਦਿਆਂ ਹੀ ਆਪਣਾ ਮ੍ਰਿਤਕ ਸਰੀਰ ਸੀ.ਐਮ.ਸੀ. ਹਸਪਤਾਲ ਨੂੰ ਖੋਜ ਕਾਰਜਾਂ ਲਈ ਦੇਣ ਦਾ ਹਲਫ਼ੀਆ ਬਿਆਨ ਦਿੱਤਾ ਹੋਇਆ ਸੀ, ਪਰ ਕਰੋਨਾ ਦੇ ਦੌਰ ਕਾਰਣ ਹਸਪਤਾਲਾਂ ਨੇ ਮ੍ਰਿਤਕ ਸਰੀਰ ਲੈਣੇ ਬੰਦ ਕਰਨ ਕਰਕੇ ਉਹਨਾਂ ਦਾ ਸੰਸਕਾਰ ਕਰਨਾ ਪਿਆ ਸੀ। ਉਹਨਾਂ ਦੇ ਸਤਿਕਾਰ ਸਮਾਗਮ ਦੌਰਾਨ ਸੂਬਾ ਮੁਖੀ ਰਜਿੰਦਰ ਭਦੌੜ ਅਤੇ ਜ਼ੋਨ ਲੁਧਿਆਣਾ ਮੁਖੀ ਜਸਵੰਤ ਜੀਰਖ ਨੇ ਉਜਾਗਰ ਸਿੰਘ ਜੀ ਦੇ ਤਰਕਸ਼ੀਲ ਜੀਵਨ ਬਾਰੇ ਬੋਲਦਿਆਂ ਸਮਾਜ ਵਿਚ ਜਨਮ-ਮਰਨ ਮੌਕੇ ਕੀਤੀਆਂ ਜਾਂਦੀਆਂ ਬੇਲੋੜੀਆਂ ਧਾਰਮਿਕ ਰਸਮਾਂ ਵਿਚੋਂ ਨਿੱਕਲ ਕੇ ਵਿਗਿਆਨਕ ਸਮਝ ਅਪਨਾਉਣ 'ਤੇ ਜ਼ੋਰ ਦਿੱਤਾ। ਸਟੇਜ ਸੰਚਾਲਨ ਉਹਨਾਂ ਦੀ ਐਡਵੋਕੇਟ ਪੋਤੀ ਵੱਲੋਂ ਕੀਤਾ ਗਿਆ। ਅੰਤ ਵਿਚ ਉਹਨਾਂ ਦੇ ਪੋਤੇ ਐਡਵੋਕੇਟ ਅਮਨਪ੍ਰੀਤ ਸਿੰਘ ਨੇ ਆਏ ਲੋਕਾਂ, ਰਿਸ਼ਤੇਦਾਰਾਂ ਅਤੇ ਤਰਕਸ਼ੀਲ ਸੁਸਾਇਟੀ ਦਾ ਧੰਨਵਾਦ ਕੀਤਾ। ਇਸ ਸਮੇਂ ਤਰਕਸ਼ੀਲ ਸੁਸਾਇਟੀ ਦੀਆਂ ਇਕਾਈਆਂ ਦੇ ਆਗੂਆਂ ਨੇ ਹਾਜ਼ਰੀ ਲਵਾਈ ਜਿਹਨਾਂ ਵਿੱਚ ਜਗਰਾਓਂ ਤੋਂ ਸੁਰਜੀਤ ਦੌਧਰ, ਕਰਤਾਰ ਸਿੰਘ ਵੀਰਾਨ, ਸੁਖਦੇਵ ਸਿੰਘ, ਗੁਰਦੀਪ ਸਿੰਘ ਮਾਛੀਵਾੜਾ, ਆਤਮਾ ਸਿੰਘ, ਦਲਬੀਰ ਕਟਾਣੀ, ਰਜਿੰਦਰ ਜੰਡਿਆਲੀ, ਸੁਖਵਿੰਦਰ ਲੀਲ, ਰਾਕੇਸ਼ ਆਜ਼ਾਦ, ਸ਼ਮਸ਼ੇਰ ਨੂਰਪੁਰੀ, ਮਾ. ਕਰਨੈਲ ਸਿੰਘ ਸੁਧਾਰ, ਸਤੀਸ਼ ਸੱਚਦੇਵਾ, ਬਲਵਿੰਦਰ ਸਿੰਘ ਲਾਲ ਬਾਗ, ਮਾਂ ਜਰਨੈਲ ਸਿੰਘ ਆਦਿ ਸਮੇਤ ਵੱਡੀ ਗਿਣਤੀ ਵਿੱਚ ਹਮਦਰਦ ਦੇ ਰਿਸ਼ਤੇਦਾਰ ਹਾਜ਼ਰ ਸਨ।

ਜਸਵੰਤ ਜੀਰਖ

ਵਿਛੜੇ ਤਰਕਸ਼ੀਲ ਆਗੂਆਂ ਦੀ ਯਾਦ ਵਿਚ ਸਤਿਕਾਰ ਸਮਾਰੋਹ

ਮਾਝਾ ਜੋਨ ਵੱਲੋਂ ਤਰਕਸ਼ੀਲ ਲਹਿਰ ਵਿਚ ਸ਼ਾਨਦਾਰ ਸੇਵਾਵਾਂ ਦੇਣ ਵਾਲੇ ਵਿਛੜੇ ਤਰਕਸ਼ੀਲਾਂ ਦੀ ਯਾਦ ਨੂੰ ਸਮਰਪਿਤ ਸਤਿਕਾਰ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਸਮਾਰੋਹ ਦੀ ਪ੍ਰਧਾਨਗੀ ਸੂਬਾ ਆਗੂ ਮਾ. ਰਜਿੰਦਰ ਭਦੌੜ ਜੀ, ਰਜਵੰਤ ਬਾਗੜੀਆਂ, ਸੰਦੀਪ ਧਾਰੀਵਾਲ ਭੋਜਾ, ਮਨਜੀਤ ਬਾਸਰਕੇ ਤੇ ਹਰਭਜਨ ਸਿੰਘ ਗੁਰਦਾਸਪੁਰ ਨੇ ਕੀਤੀ। ਸਭ ਤੋਂ ਪਹਿਲਾਂ 2 ਮਿੰਟ ਦਾ ਮੋਨ ਰੱਖ ਕੇ ਵਿਛੜੇ ਤਰਕਸ਼ੀਲਾਂ ਨੂੰ ਸਤਿਕਾਰ ਭੇਂਟ ਕੀਤਾ। ਇਸ ਮੌਕੇ ਭਦੌੜ ਜੀ ਨੇ ਬੋਲਦਿਆਂ ਕਿਹਾ ਕਿ ਇਨ੍ਹਾਂ ਸਾਥੀਆਂ ਨੇ ਸਮਾਜ ਦੀ ਬੇਹਤਰੀ ਲਈ ਤਰਕਸ਼ੀਲ ਲਹਿਰ ਵਿਚ ਅਹਿਮ ਯੋਗਦਾਨ ਪਾਇਆ ਹੈ ਤੇ ਇਨ੍ਹਾਂ ਦੇ ਕੰਮਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

ਇਸ ਮੌਕੇ ਮੁਖਤਾਰ ਗੋਪਾਲਪੁਰ, ਰਜਵੰਤ ਬਾਗੜੀਆਂ, ਸੰਦੀਪ ਧਾਰੀਵਾਲ ਭੋਜਾ, ਸੁਮੀਤ ਸਿੰਘ, ਰਣਜੀਤ ਕੌਰ ਗੱਗੋਮਾਹਲ, ਤਰਲੋਚਨ ਸਿੰਘ ਗੁਰਦਾਸਪੁਰ, ਜਸਪਾਲ ਬਾਸਰਕੇ, ਸੁਖਵਿੰਦਰ ਖਾਰਾ, ਕਿਸਾਨ ਆਗੂ ਬਲਵਿੰਦਰ ਦੁਧਾਲਾ, ਹਰਪ੍ਰੀਤ ਮੀਆਂਵਿੰਡ, ਮੋਹਨਜੀਤ ਸਿੰਘ ਨੇ ਵਿਛੜੇ ਤਰਕਸ਼ੀਲਾਂ ਦੀ ਜੀਵਨ ਸ਼ੈਲੀ ਬਾਰੇ ਤੇ ਤਰਕਸ਼ੀਲ ਲਹਿਰ ਵਿਚ ਕੀਤੇ ਕੰਮਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਤੇ ਇਨ੍ਹਾਂ ਦੇ ਅਧੂਰੇ ਕੰਮਾਂ ਨੂੰ ਪੂਰਾ ਕਰਨ ਦਾ ਪ੍ਰਣ ਲਿਆ। ਵਿਛੜੇ ਸਾਥੀਆਂ ਮੁਖਵਿੰਦਰ ਚੋਹਲਾ, ਗੁਰਦਰਸ਼ਨ ਸਿੰਘ ਚੋਹਲਾ, ਸਵਿੰਦਰ ਧਾਰੀਵਾਲ, ਭੋਜਾ, ਪਰਮਜੀਤ ਸਿੰਘ ਖਲਚੀਆਂ ਤੇ ਬਲਵੰਤ ਸਿੰਘ ਝੰਗੀ ਦੇ ਪਰਿਵਾਰਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਅਮਰਜੀਤ ਬਾਈ, ਜਸਬੀਰ ਫਾਜਲਪੁਰਾ, ਅਸ਼ਵਨੀ ਕੁਮਾਰ, ਸੇਵਾ ਸਿੰਘ, ਅਵਤਾਰ ਸਿੰਘ ਚੋਹਲਾ, ਡਾ. ਸਤਨਾਮ ਸਿੰਘ ਫੇਰੋਚੇਚੀ, ਜਸਵਿੰਦਰ ਤਲਵੰਡੀ, ਹਰਨੰਦ ਸਿੰਘ ਬੱਲਿਆਂਵਾਲਾ, ਮਾ. ਸੁਰਜੀਤ ਖਲਚੀਆਂ, ਹਰਦੀਪ ਸਿੰਘ, ਸੁੱਚਾ ਸਿੰਘ ਗੁਰਦਾਸਪੁਰ, ਕਾਮਰੇਡ ਬਲਕਾਰ ਦੁਧਾਲਾ, ਮਾ. ਬਲਬੀਰ ਚੋਹਲਾ, ਬਲਵਿੰਦਰ ਬਿੱਟੂ, ਗੁਰਪ੍ਰੀਤ ਲੁਧੜ, ਕੈਪਟਨ ਜੰਡਿਆਲਾ, ਸ਼ਕਤੀ ਅੰਮ੍ਰਿਤਸਰ, ਨਿਸ਼ਾ ਬਾਵਾ, ਅਜੇਪਾਲ ਮਜਵਿੰਡ, ਰਾਜ ਮਜਵਿੰਡ ਆਦਿ ਹਾਜ਼ਰ ਸਨ।

ਰਜਵੰਤ ਬਾਗੜੀਆਂ

ਪੰਨਾ 31 ਦਾ ਬਾਕੀ...

ਇਸ ਲਈ ਜਲਿਆਂ ਵਾਲਾ ਬਾਗ ਦੀ ਦਿੱਖ ਦਾ ਬਦਲਣਾ ਕੋਈ ਮਹਿਜ ਤਕਨੀਕੀ ਮਸਲਾ ਨਹੀਂ, ਸਗੋਂ ਕ੍ਰਾਂਤੀਕਾਰੀ ਲਹਿਰ ਦੇ ਇਤਿਹਾਸ ਨਾਲ ਵੱਡੀ ਛੇੜਛਾੜ ਹੈ। ਜਲਿਆਂ ਵਾਲਾ ਬਾਗ ਦੀ ਯਾਦਗਾਰ ਹੱਕ-ਸੱਚ ਤੇ ਨਿਆ ਲਈ ਜੂਝਣ, ਫਿਰਕੂ ਪਾਟਕਾਂ ਪਾਉਣ ਦੀ ਕੋਝੀ ਸਿਆਸਤ ਦੇ ਦੌਰ ਵਿੱਚ ਫਿਰਕੂ ਏਕੇ, ਕੁਰਬਾਨੀ, ਲੋਕ-ਪੁੱਗਤ ਵਾਲ਼ੇ ਸਮਾਜ ਦੀ ਉਸਾਰੀ ਲਈ ਭਾਰਤ ਦੇ ਸਰਮਾਏਦਾਰਾਂ ਅਤੇ ਸਾਮਰਾਜੀਆਂ ਨਾਲ ਜਾਰੀ ਘੋਲ ਦਾ ਪ੍ਰਤੀਕ ਹੈ, ਇਹ ਪ੍ਰਤੀਕ ਹੈ ਕਿ ਲੋਕਾਂ ਦੀ ਤਾਕਤ ਨੂੰ ਕਾਲ਼ੇ ਕਾਨੂੰਨਾਂ ਜਾਂ ਗੋਲੀਆਂ ਨਾਲ ਨਹੀਂ ਡੱਕਿਆ ਜਾ ਸਕਦਾ। ਜਲਿਆਂ ਵਾਲਾ ਬਾਗ ਦੀ ਯਾਦਗਾਰ ਦੇ ਅਸਲੀ ਰੂਪ ਦੀ ਬਹਾਲੀ ਲਈ ਸੰਘਰਸ਼, ਸਾਡੇ ਕ੍ਰਾਂਤੀਕਾਰੀ ਇਤਿਹਾਸ ਨੂੰ ਬਚਾਉਣ ਦਾ ਸੰਘਰਸ਼ ਹੈ-ਇਹਦੇ ਲਈ ਡਟਣਾ ਸਾਡਾ ਫਰਜ਼ ਬਣਦਾ ਹੈ। **98884 01288**

ਨਵੀਂ ਚੁਣੀ ਸੂਬਾ ਕਮੇਟੀ (2021-2023)

ਵੱਖ ਵੱਖ ਵਿਭਾਗਾਂ ਦੇ ਸੂਬਾ ਆਗੂ

1. **ਜਥੇਬੰਦਕ :**
ਹੇਮ ਰਾਜ ਸਟੈਨੋ (98769-53561)
2. **ਵਿਤ :**
ਰਾਜੇਸ਼ ਅਕਲੀਆ (98156-70725)
3. **ਮੀਡੀਆ :**
ਰਾਮ ਸਵਰਨ ਲੱਖੇਵਾਲੀ (95010-06626)
4. **ਮਾਨਸਿਕ ਸਿਹਤ ਚੇਤਨਾ :**
ਜੁਝਾਰ ਲੌਂਗੋਵਾਲ (94654-30016)
5. **ਕਾਨੂੰਨ :**
ਹਰਿੰਦਰ ਲਾਲੀ (97792-11000)
6. **ਕੌਮੀ ਅਤੇ ਕੌਮਾਂਤਰੀ ਤਾਲਮੇਲ :**
ਜਸਵੰਤ ਮੋਹਾਲੀ (98555-30721)
7. **ਸਾਹਿਤ :**
ਰਾਜ ਪਾਲ ਸਿੰਘ (98767-10809)
8. **ਸਭਿਆਚਾਰਕ :**
ਮਜ਼ੀਦ ਆਜ਼ਾਦ (98152-54200)
9. **ਪ੍ਰਿੰਟਿੰਗ :**
ਸੁਖਵਿੰਦਰ ਬਾਗਪੁਰ (94174-27538)
10. **ਸਾਹਿਤ ਵੈਨ :**
ਗੁਰਪ੍ਰੀਤ ਸਹਿਣਾ (98150-14532)
11. **ਸ਼ੋਸ਼ਲ ਮੀਡੀਆ :**
ਅਜਾਇਬ ਜਲਾਲਆਣਾ (94167-24331)
12. **ਵਿਦਿਆਰਥੀ ਚੇਤਨਾ :**
ਰਜਿੰਦਰ ਭਦੌੜ (98728-74620)
13. **ਮੈਗਜ਼ੀਨ :**
ਬਲਬੀਰ ਲੌਂਗੋਵਾਲ (98153-17028)

ਜ਼ੋਨ ਜਥੇਬੰਦਕ/ਵਿਤ ਵਿਭਾਗ ਮੁਖੀ

1. **ਮਾਨਸਾ**
ਅੰਮ੍ਰਿਤ ਰਿਸ਼ੀ (94630-23216)
ਵਧਾਵਾ ਸਿੰਘ ਕੁਲਰੀਆ (94173-21173)
2. **ਲੁਧਿਆਣਾ**
ਜਸਵੰਤ ਜੀਰਖ (98151-69825)
ਆਤਮਾ ਸਿੰਘ (93172-91426)
3. **ਅੰਮ੍ਰਿਤਸਰ**
ਰਜਵੰਤ ਬਾਗੜੀਆਂ (98154-68377)
ਮੁਖਤਾਰ ਗੋਪਾਲਪੁਰ (94179-49818)
4. **ਜਲੰਧਰ**
ਸੁਰਜੀਤ ਟਿੱਬਾ (99140-52555)
ਬਿੱਟੂ ਰੂਪੇਵਾਲੀ (94177-11161)
5. **ਬਰਨਾਲਾ**
ਪਰਮਵੇਦ (94174-22349)
ਸੋਹਣ ਸਿੰਘ ਮਾਝੀ (94170-01432)
6. **ਬਠਿੰਡਾ**
ਬਲਰਾਜ ਮੌੜ (98722-70362)
ਗੁਰਜੰਟ ਰਾਮਪੁਰਾ (94173-40253)
7. **ਫਾਜ਼ਿਲਕਾ**
ਕੁਲਜੀਤ ਡੰਗਰ ਖੇੜਾ (97819-25566)
ਪ੍ਰਵੀਨ ਜੰਡਵਾਲਾ (98157-30432)
8. **ਚੰਡੀਗੜ੍ਹ**
ਗੁਰਮੀਤ ਖਰੜ (94634-10877)
ਸ਼ੈਲਿੰਦਰ ਸੁਹਾਲੀ (94631-05944)
9. **ਨਵਾਂ ਸ਼ਹਿਰ**
ਸੱਤਪਾਲ ਸਲੋਹ (94641-23321)
ਸੁਖਵਿੰਦਰ ਗੋਗਾ (94171-87510)

ਦਿਨ...ਜੋ ਇਤਿਹਾਸ ਬਣੇ

7 ਨਵੰਬਰ	: ਮਹਾਨ ਰੂਸੀ ਇਨਕਲਾਬ (1917)
8 ਨਵੰਬਰ	: ਐਕਸਰੇ ਦੀ ਖੋਜ (1896)
14 ਨਵੰਬਰ	: ਬਾਲ ਦਿਵਸ
1 ਦਸੰਬਰ	: ਵਿਸ਼ਵ ਏਡਜ਼ ਦਿਵਸ
2 ਦਸੰਬਰ	: ਕੌਮੀ ਪ੍ਰਦੂਸ਼ਣ ਰੋਕੂ ਦਿਵਸ
3 ਦਸੰਬਰ	: ਵਿਸ਼ਵ ਅਪਾਹਜ ਦਿਵਸ
3 ਦਸੰਬਰ	: ਭੋਪਾਲ ਗੈਸ ਦੁਖਾਂਤ (3000 ਲੋਕ ਮਰੇ) (1984)
9 ਦਸੰਬਰ	: ਭ੍ਰਿਸ਼ਟਾਚਾਰ ਵਿਰੋਧੀ ਦਿਵਸ
10 ਦਸੰਬਰ	: ਮਨੁੱਖੀ ਅਧਿਕਾਰ ਦਿਵਸ
14 ਦਸੰਬਰ	: ਕੌਮੀ ਊਰਜਾ ਬਚਾਉ ਦਿਵਸ
17 ਦਸੰਬਰ	: ਭਗਤ ਸਿੰਘ ਅਤੇ ਰਾਜਗੁਰੂ ਵੱਲੋਂ ਸਾਂਡਰਸ ਦਾ ਕਤਲ (1929)
26 ਦਸੰਬਰ	: ਜਨਮ (ਸ਼ਹੀਦ ਊਧਮ ਸਿੰਘ) (1899)
26 ਦਸੰਬਰ	: ਜਨਮ (ਮਾਓ ਜ਼ੇ ਤੁੰਗ) (1893)

ਇੱਕ ਰਿਪੋਰਟ

ਤਰਕਸ਼ੀਲ ਸਾਹਿਤ ਵੈਨ ਨਾਲ ਤੁਰਦਿਆਂ

ਤਰਕਸ਼ੀਲ ਸਾਹਿਤ ਵੈਨ ਵਿਭਾਗ ਦੀ ਸ਼ੁਰੂਆਤ ਖੁਸ਼ਆਮਦੀਦ ਵਾਲੀ ਹੈ। ਵੈਨ ਦਾ ਆਪਣਾ ਵਿਭਾਗ ਤੇ ਨਵੀਂ ਜ਼ਿੰਮੇਵਾਰੀ ਨਾਲ ਤਰਕਸ਼ੀਲ/ਵਿਗਿਆਨਕ ਚੇਤਨਾ ਦੇ ਪਾਸਾਰ ਦਾ ਉਦੇਸ਼ ਹੈ। ਇਸ ਉਦੇਸ਼ ਦੀ ਪੂਰਤੀ ਲਈ ਸਾਹਿਤ ਵੈਨ ਨੇ 4 ਸਤੰਬਰ ਨੂੰ ਸੰਯੁਕਤ ਕਿਸਾਨ ਮੋਰਚੇ ਦੀ ਉੱਤਰ ਪ੍ਰਦੇਸ ਰੈਲੀ ਵੱਲ ਕੂਚ ਕੀਤਾ।

ਮੁਜੱਫਰਨਗਰ ਕਿਸਾਨ ਰੈਲੀ:

5 ਸਤੰਬਰ ਨੂੰ ਸਵੇਰ ਸਾਰ ਤਰਕਸ਼ੀਲ ਸਾਹਿਤ ਵੈਨ ਰੈਲੀ ਦੇ ਇੱਕ ਗੇਟ ’ਤੇ ਮੌਜੂਦ ਸੀ। ਸੂਬਾਈ ਤਰਕਸ਼ੀਲ ਆਗੂ ਰਾਜਿੰਦਰ ਭਦੌੜ, ਹਰਿੰਦਰ ਲਾਲੀ ਕਿਸਾਨ ਪੰਚਾਇਤ ਵਿੱਚ ਸ਼ਾਮਲ ਹੋਏ ਖੇਤਾਂ ਦੇ ਪੁੱਤਰਾਂ ਨੂੰ ਸੰਬੋਧਤ ਸਨ। ਉਨ੍ਹਾਂ ਦੇਸ਼ ਵਿਦੇਸ਼ ਤੋਂ ਆਏ ਸਾਂਝ ਸੁਨੇਹਿਆਂ ਦਾ ਜਿਕਰ ਛੇੜਿਆ। ਦੱਸਿਆ ਕਿ ਦੇਸ਼ ਤੇ ਹੋਰਨਾਂ ਦੇਸ਼ਾਂ ਵਿੱਚ ਵਸਦੇ ਕਿਸਾਨ ਲਹਿਰ ਦੇ ਸਨੇਹੀਆਂ ਨੇ ਪੁਸਤਕਾਂ ਦੇ ਰੂਪ ਵਿੱਚ ਚੇਤਨਾ ਵੰਡਣ ਲਈ ਸਹਿਯੋਗ ਦਿੱਤਾ ਹੈ। ਤੁਹਾਡੇ ਹੱਥਾਂ ਤੱਕ ਆਪਣੇ ਨਾਇਕ ਸ਼ਹੀਦ ਏ ਆਜਮ ਦੇ ਬੋਲ ਸ਼ਬਦਾਂ ਦੇ ਰੂਪ ’ਚ ਭੇਜਣ ਦਾ ਉੱਦਮ ਕੀਤਾ ਹੈ। ਅਸੀਂ ਚਾਨਣ ਵੰਡਦੀਆਂ ਪੁਸਤਕਾਂ ਤੁਹਾਡੇ ਲਈ ਲੈ ਕੇ ਆਏ ਹਾਂ। ਇਸ ਆਸ, ਵਿਸਵਾਸ ਨਾਲ ਕਿ ਆਪਣੇ ਖੇਤਾਂ, ਭਵਿੱਖ ਤੇ ਰੁਜਗਾਰ ਨੂੰ ਕਾਰਪੋਰੇਟ ਘਰਾਣਿਆਂ ਤੇ ਭਾਜਪਾ ਸਰਕਾਰ ਦੀਆਂ ਖੇਤ ਵਿਰੋਧੀ ਨੀਤੀਆਂ ਨੂੰ ਮਾਤ ਦੇਣ ਲਈ ਚੱਲ ਰਿਹਾ ਕਿਸਾਨ ਸੰਘਰਸ਼ ਜਿੱਤ ਤੱਕ ਪਹੁੰਚੇ।

ਕਾਲੇ ਖੇਤੀ ਕਾਨੂੰਨਾਂ ਬਾਰੇ ਸੁਸਾਇਟੀ ਵੱਲੋਂ ਪੰਜਾਬੀ ਤੇ ਹਿੰਦੀ ਵਿੱਚ ਪ੍ਰਕਾਸ਼ਿਤ ਪੁਸਤਕ ‘ਖੇਤੀ ਕਾਨੂੰਨ, ਸੰਘਰਸ਼ ਤੇ ‘ਵਿਗਿਆਨਕ ਚੇਤਨਾ’ ਨੂੰ ਕਿਸਾਨਾਂ ਨੇ ਵੱਡੀ ਗਿਣਤੀ ਵਿੱਚ ਖਰੀਦਿਆ। ਉੱਤਰ ਪ੍ਰਦੇਸ ਦੇ ਕਿਸਾਨਾਂ ਦੇ ਹੱਥ ਹਿੰਦੀ ਪੁਸਤਕ ਵੱਲ ਅਹੁਲਦੇ ਰਹੇ। ਵੈਨ ਨਾਲ ਗਏ ਤਰਕਸ਼ੀਲ ਆਗੂਆਂ ਅਵਤਾਰ ਬਰਨਾਲਾ,ਬਿੰਦਰ ਧਨੌਲਾ, ਕੁਲਦੀਪ ਨੈਣੇਵਾਲ, ਹਰਬੰਸ ਸੰਧੂ ਕਲਾਂ, ਹਰਿੰਦਰ ਲਾਲੀ ਤੇ ਬਲਵਿੰਦਰ ਮਨਿਆਣਾ ਦਾ ਉਤਸਾਹ ਵੇਖਿਆਂ ਹੀ ਬਣਦਾ ਸੀ, ਜਿਹੜੇ ਚੇਤਨਾ ਦਾ ਚਾਨਣ ਕਿਰਤੀ ਹੱਥਾਂ ਵਿੱਚ ਪਹੁੰਚਾ ਰਹੇ ਸਨ। ਕਿਸਾਨਾਂ ਦੀ ਭੀੜ ਵੈਨ ਕੋਲ ਸ਼ੰਕੇ ਨਵਿਰਤ ਕਰਨ ਤੇ ਪੁਸਤਕਾਂ ਪ੍ਰਾਪਤ ਕਰਨ ਲਈ ਜੁਟੀ ਰਹੀ। ਲੱਖਾਂ ਕਿਸਾਨਾਂ ਦੇ ਇਕੱਠ ਵਿੱਚ ਵੈਨ ਦਾ ਇਹ ਨਵਾਂ, ਸੁਖਦ ਤਜਰਬਾ ਸੀ।

ਸਿਰਸਾ ਕਿਸਾਨ ਪੰਚਾਇਤ:

3 ਅਕਤੂਬਰ 21 ਨੂੰ ਸਿਰਸਾ ਵਿਖੇ ਹੋਈ ਕਿਸਾਨ ਮਹਾਂ ਪੰਚਾਇਤ ਵਿੱਚ ਸਾਹਿਤ ਵੈਨ ਹਾਜਰ ਸਨ। ਬੇਅੰਤ ਭਦੌੜ, ਲੈਕ. ਲੱਖਾ ਸਿੰਘ ਮਾਨਸਾ ਮਾਸਟਰ ਸਮਸੇਰ ਚੋਰਮਾਰ ਦੀ ਅਗਵਾਈ ਵਿੱਚ ਕਾਲਿਆਂਵਾਲੀ ਤੇ ਡੱਬਵਾਲੀ ਇਕਾਈਆਂ ਦੇ ਤਰਕਸ਼ੀਲ ਕਾਮਿਆਂ ਨੇ ਪੁਸਤਕਾਂ ਕਿਸਾਨਾਂ ਤੱਕ ਪੁੱਜਦਾ ਕਰਨ ਲਈ ਸੁਹਿਰਦਤਾ ਨਾਲ ਡਿਊਟੀ ਨਿਭਾਈ। ਕਿਸਾਨਾਂ ਦਾ ਪੁਸਤਕਾਂ ਖਰੀਦਣ ਵਿੱਚ ਏਨਾ ਉਤਸਾਹ ਸੀ ਕਿ ਖੇਤੀ ਕਾਨੂੰਨਾਂ ਵਾਲੀ ਪੰਜਾਬੀ ਪੁਸਤਕ ਹੱਥੋਂ ਹੱਥੀਂ ਵਿਕ ਗਈ। ਕਿਸਾਨਾਂ ਦੇ ਉਤਸਾਹ ਨੂੰ ਵੇਖਦਿਆਂ ਪੁਸਤਕਾਂ ਵੈਨ ਦੇ ਨਾਲ ਨਾਲ ਸਟਾਲ ’ਤੇ ਵੀ ਰੱਖਣੀਆਂ ਪਈਆਂ।



ਪ੍ਰਚਾਰ ਦਾ ਨਿਵੇਕਲਾ ਰੰਗ:

ਕਿਸਾਨਾਂ ਨੂੰ ਪੁਸਤਕਾਂ ਨਾਲ ਜੋੜਦਿਆਂ ਤਰਕਸ਼ੀਲ ਆਗੂ ਸੰਵਾਦ ਵੀ ਕਰਦੇ ਰਹੇ। ਸਾਡੀਆਂ ਮਾੜੀਆਂ ਜਿਉਣ ਹਾਲਤਾਂ ਲਈ ਕੋਈ ਕਿਸਮਤ ਕਰਮ ਜ਼ਿੰਮੇਵਾਰ ਨਹੀਂ ਹਨ ਸਗੋਂ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਹਨ। ਕਾਰਪੋਰੇਟ ਘਰਾਣਿਆਂ ਨੂੰ ਦੇਸ ਲੁਟਾਉਣ ਦੀ ਬਦਨੀਤੀ ਹੈ। ਮੁੱਢ ਕਦੀਮ ਤੋਂ ਹੀ ਕਿਸਮਤ ਕਰਮਾਂ ਦਾ ਕੂੜ ਪ੍ਰਚਾਰ ਕਿਰਤ ਨੂੰ ਲੁੱਟਣ ਦੇ ਮਨਸਿਆਂ ਤਹਿਤ ਕੀਤਾ ਜਾ ਰਿਹਾ ਹੈ। ਚੇਤਨਾ ਤੇ ਸੰਘਰਸ ਹੀ ਚੰਗੇਰੇ ਸਮਾਜ/ਜ਼ਿੰਦਗੀ ਦਾ ਰਾਹ ਹੈ। ਕਿਸਾਨ ਤਰਕਸ਼ੀਲ ਆਗੂਆਂ ਦੀਆਂ ਦਲੀਲਾਂ ਦਾ ਸਾਰਥਕ ਹੁੰਗਾਰਾ ਭਰਦੇ।

ਬਾਬਾ ਫਰੀਦ ਪੁਸਤਕ ਮੇਲਾ :

ਫਰੀਦਕੋਟ ਦੇ ਇਸ ਚਾਰ ਰੋਜਾ ਮੇਲੇ ਵਿੱਚ ਵੈਨ ਨੇ ਹਾਜਰੀ ਭਰੀ। ਪਹਿਲੇ ਦਿਨ ਰਾਜਿੰਦਰ ਭਦੌੜ ਪਾਠਕਾਂ ਤੇ ਪੁਸਤਕ ਪ੍ਰੇਮੀਆਂ ਦੇ ਸ਼ੰਕੇ ਨਵਿਰਤ ਕਰਦੇ ਰਹੇ। ਸਾਹਿਤ ਵੈਨ ਨਾਲ ਜਸਵੰਤ ਬੋਪਾਰਾਏ, ਜਸਵੰਤ ਜੱਸ ਫਰੀਦਕੋਟ ਅਤੇ ਫਰੀਦਕੋਟ ਇਕਾਈ ਨੇ ਭਰਵਾਂ ਸਹਿਯੋਗ ਦਿੱਤਾ। ਫਰੀਦਕੋਟ ਇਕਾਈ ਵੱਲੋਂ ਵੈਨ ਨੂੰ 1500 ਰੁਪਏ ਆਰਥਿਕ ਸਹਾਇਤਾ ਵੀ ਦਿੱਤੀ ਗਈ।

ਮੋਗਾ ਪੁਸਤਕ ਮੇਲਾ:

15 ਅਕਤੂਬਰ 21 ਨੂੰ ਮੋਗਾ ਵਿਖੇ ਲੱਗੇ ਪੁਸਤਕ ਮੇਲੇ ਵਿੱਚ ਤਰਕਸੀਲ ਸਾਹਿਤ ਵੈਨ ਪਹਿਲੇ ਦਿਨ ਹਾਜਰ ਰਹੀ।

ਗੁਰਪ੍ਰੀਤ ਸਹਿਣਾ
ਮੁਖੀ, ਸਾਹਿਤ ਵੈਨ ਵਿਭਾਗ
98150 14532

ਭਾਜਪਾ ਦਾ ਸਾਵਰਕਰ ਪ੍ਰੇਮ

ਜਸਵੰਤ ਮੋਹਾਲੀ

ਸਾਧਾਰਨ ਗਿਆਨ (Common Sense) ਦੀਆਂ ਗੱਲਾਂ ਆਮ ਲੋਕਾਂ ਨੂੰ ਸਮਝ ਆਉਣ ਇਹ ਇੱਕ ਅਹਿਮ ਕਾਰਜ ਹੈ ਤੇ ਇਸ ਨੂੰ ਜਾਗਰੂਕਤਾ ਕਹਿੰਦੇ ਹਨ। ਗੱਲ ਤਾਂ ਇਹ ਵੀ ਸਾਧਾਰਨ ਜਿਹੀ ਹੈ ਕਿ ਸਰਕਾਰ ਚੁਣੀ ਲੋਕਾਂ ਰਾਹੀਂ ਜਾਂਦੀ ਹੈ ਪਰ ਖੜ੍ਹਦੀ ਖਰਬਾਂਪਤੀਆਂ ਦੇ ਹੱਕ ਵਿੱਚ ਤੇ ਲੋਕਾਂ ਦੇ ਵਿਰੋਧ ਵਿੱਚ ਹੈ। ਅਤੇ ਇਹ ਗੱਲ ਵੀ ਕਿ ਮਹਿੰਗਾਈ, ਬੇਰੁਜ਼ਗਾਰੀ, ਅਤੇ ਮਾੜੀ ਤੇ ਮਹਿੰਗੀ ਸਿਹਤ ਤੇ ਸਿੱਖਿਆ ਯਾਨਿ ਲੋਕਾਂ ਦੀ ਕੁੱਲ ਦੁਰਦਸ਼ਾ ਦਾ ਜ਼ਿੰਮੇਵਾਰ ਇਹ ਕਾਰਪੋਰੇਟਾਂ ਦਾ ਲਾਣਾ ਹੈ। ਅਤੇ ਇਹ ਦੁਰਦਸ਼ਾ ਧਰਮ ਨਹੀਂ ਵੇਖਦੀ, ਇਹ ਸਾਰੇ ਧਰਮਾਂ ਵਿਚ ਵਿਆਪਕ ਹੈ। ਅਤੇ ਜੇ ਇਹ ਗੱਲ ਸਮਝ ਆ ਜਾਵੇ ਤਾਂ ਲੋਕ ਧਰਮਾਂ ਤੋਂ ਉੱਪਰ ਉਠ ਜਾਂਦੇ ਹਨ, ਲੋਕ-ਏਕਤਾ ਵਿਸ਼ਾਲ ਹੁੰਦੀ ਹੈ, ਲੋਕ ਸੰਘਰਸ਼ ਮਜ਼ਬੂਤ ਹੁੰਦਾ ਹੈ ਅਤੇ ਹਾਲਾਤ ਕਾਰਪੋਰੇਟਾਂ ਦੇ ਲਈ ਖਤਰੇ ਵੱਲ ਵਧਦੇ ਹਨ। ਪਰ ਗੱਲ ਏਨੀ ਸਧਾਰਨ ਹੁੰਦੀ ਤਾਂ 'ਉਦਾਸੀ' ਦੀ ਕਵਿਤਾ ਹੀ ਕਾਫੀ ਹੋਣੀ ਸੀ ਤੇ ਹੁਣ ਤੱਕ ਕੰਮੀਆਂ ਦੇ ਵਿਹੜੇ ਸੂਰਜ ਚੜ੍ਹ ਚੁੱਕਾ ਹੋਣਾ ਸੀ।

ਕਾਰਪੋਰੇਟਾਂ ਨੂੰ ਬਚਾਉਣ ਲਈ ਲੋਕਾਂ ਦੇ ਏਕੇ ਨੂੰ ਤੋੜਨਾ ਕਿੰਨਾ ਕੁ ਔਖਾ ਹੈ ਭਲਾ? ਬੱਸ ਦੇਸ਼ ਦੇ ਮੁਖੀ ਨੇ ਬਿਆਨ ਦੇਣਾ ਹੈ, "ਅਗਰ ਗਾਂਵ ਮੇਂ ਕਬਰਸਤਾਨ ਬਨਤਾ ਹੈ ਤੋ ਸ਼ਮਸ਼ਾਨ ਭੀ ਬਨਨਾ ਚਾਹੀਏ। ਅਗਰ ਰਮਜ਼ਾਨ ਪੇ ਬਿਜਲੀ ਮਿਲਤੀ ਹੈ ਤੋ ਦਿਵਾਲੀ ਪੇ ਭੀ ਬਿਜਲੀ ਮਿਲਣੀ ਚਾਹੀਏ।" ਬਾਕੀ ਦਾ ਕੰਮ ਸਟੂਡੀਓ ਤੱਕ ਸੀਮਤ ਖਬਰਾਂ ਵਾਲੇ ਤੇ ਆਈ ਟੀ ਸੈੱਲ ਵਾਲੇ ਸੰਭਾਲ ਲੈਂਦੇ ਹਨ। ਇਸ ਤੋਂ ਬਿਨ੍ਹਾਂ ਇਤਿਹਾਸ ਦੀ ਗਲਤ ਪੇਸ਼ਕਾਰੀ ਕਰਨਾ ਤੇ ਫਿਰ ਮੀਡੀਆ ਰਾਹੀਂ ਉਸਦਾ ਵਾਰ-ਵਾਰ ਪ੍ਰਚਾਰ ਕਰਕੇ ਝੂਠ ਨੂੰ ਸੱਚ ਬਣਾਉਣਾ ਮੋਦੀ ਸਰਕਾਰ ਦਾ ਉੱਘੜਵਾਂ ਲੱਛਣ ਹੈ।

ਇਸ ਵਾਰ ਇਨ੍ਹਾਂ ਨੇ ਆਪਣੇ ਇਤਿਹਾਸਕ ਕਲੰਕ ਨੂੰ ਧੋਣ ਲਈ ਗਾਂਧੀ ਨੂੰ ਵਰਤਿਆ ਹੈ। ਇਸਦੀ ਤਾਜ਼ਾ ਮਿਸਾਲ ਰਾਜਨਾਥ ਸਿੰਘ ਦਾ ਭਾਸ਼ਣ ਹੈ ਜੋ ਉਸਨੇ ਸਾਵਰਕਰ ਬਾਰੇ ਕਿਤਾਬ ਦੇ ਰਿਲੀਜ਼ ਸਮਾਰੋਹ ਵਿੱਚ ਦਿੱਤਾ। ਉਸਨੇ ਕਿਹਾ ਕਿ ਹਿੰਦੂ ਮਹਾਂਸਭਾ ਦੇ ਆਗੂ ਵਿਨਾਇਕ ਦਮੋਦਰ ਸਾਵਰਕਰ ਨੇ ਮਹਾਤਮਾ ਗਾਂਧੀ ਦੀ ਸਲਾਹ 'ਤੇ ਅੰਗਰੇਜ਼ ਸਰਕਾਰ ਨੂੰ ਮੁਆਫੀ ਦੀ ਅਰਜ਼ੀ ਦਿੱਤੀ ਸੀ। ਅਨਿਲ ਜੈਨ ਨੇ ਕਾਲਮ "ਬੀਚ ਬਹਿਸ" ਵਿੱਚ ਲਿਖਿਆ ਹੈ, "ਜਦੋਂ ਸਾਵਰਕਰ ਨੂੰ ਜੇਲ੍ਹ ਭੇਜਿਆ ਗਿਆ ਉਸ ਸਮੇਂ ਗਾਂਧੀ ਦੱਖਣੀ ਅਫਰੀਕਾ ਵਿੱਚ ਸਨ। 1915 ਵਿੱਚ ਉਹ ਭਾਰਤ ਪਰਤੇ, ਉਸ ਸਮੇਂ ਤੱਕ ਸਾਵਰਕਰ ਤਿੰਨ ਵਾਰ ਦਯਾ-ਯਾਚਨਾ (ਮੁਆਫੀ ਲਈ ਅਪੀਲ) ਕਰ ਚੁੱਕਾ ਸੀ। ਸੁਆਲ ਉੱਠਦਾ ਹੈ ਕਿ ਗਾਂਧੀ ਨੇ ਸਾਵਰਕਰ ਨੂੰ ਮਾਫੀ ਮੰਗਣ ਲਈ ਕਦੋਂ ਤੇ ਕਿਵੇਂ ਕਿਹਾ? ਇਹ ਇਤਿਹਾਸਕ ਤੱਥ ਹੈ ਕਿ ਸਾਵਰਕਰ ਨੇ ਮੁਆਫੀ ਮੰਗੀ, ਜੇਲ੍ਹ ਚੋਂ ਛੁੱਟਿਆ ਤੇ ਮਹੀਨਾਵਾਰ ਪੈਂਸ਼ਨ ਪਾਈ। ਆਪਣੇ ਮਾਫੀਨਾਮੇ ਵਿੱਚ ਸਾਵਰਕਰ ਨੇ ਅੰਗਰੇਜ਼ ਸਰਕਾਰ ਪ੍ਰਤੀ ਵਫਾਦਾਰ ਰਹਿਣ ਦਾ ਵਾਅਦਾ ਵੀ ਕੀਤਾ। ਰਿਹਾਅ ਹੋਣ ਤੋਂ ਬਾਅਦ ਉਸਨੇ "ਭਾਰਤ ਛੱਡੋ ਅੰਦੋਲਨ" ਦਾ ਵਿਰੋਧ ਕੀਤਾ ਤੇ ਹਿੰਦੂਆਂ ਨੂੰ ਸੈਨਾ ਬਣਾਕੇ ਅੰਗਰੇਜ਼ਾਂ ਦਾ ਸਾਥ ਦੇਣ ਦੀ ਸਲਾਹ ਦਿੱਤੀ। ਦਿਲਚਸਪ ਤੱਥ ਇਹ ਹੈ ਕਿ ਸਾਵਰਕਰ ਤਾਂ ਖ਼ੁਦ ਮਹਾਤਮਾ ਗਾਂਧੀ ਦੀ ਹੱਤਿਆ ਦਾ ਮੁਲਜ਼ਮ ਸੀ ਪਰ ਸਬੂਤਾਂ ਦੀ ਅਣਹੋਂਦ ਕਾਰਣ ਬਰੀ ਹੋ ਗਿਆ ਸੀ। ਆਜ਼ਾਦੀ ਤੋਂ ਬਾਅਦ ਉਸਦੇ ਜਿਉਂਦੇ ਜੀ ਰ ਸ ਸ ਤੇ ਭਾਜਪਾ ਨੇ ਉਸ ਤੋਂ ਦੂਰੀ ਬਣਾ ਕੇ ਰੱਖੀ। ਹੁਣ ਤੱਕ ਉਹ ਇਸ ਗੱਲ ਤੋਂ ਇਨਕਾਰ ਕਰਦੇ ਰਹੇ ਸਨ ਕਿ ਸਾਵਰਕਰ ਨੇ ਅੰਗਰੇਜ਼ ਹਕੂਮਤ ਤੋਂ ਮਾਫੀ ਮੰਗੀ ਸੀ। ਹੁਣ ਘੱਟੋ-ਘੱਟ ਭਾਜਪਾ ਭਵਿੱਖ ਵਿੱਚ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦੀ ਕਿ ਸਾਵਰਕਰ ਨੇ ਜੇਲ੍ਹ ਵਿੱਚੋਂ ਛੁੱਟਣ ਲਈ ਮਾਫੀ ਮੰਗੀ ਸੀ। ਭਾਜਪਾ ਨੂੰ ਇਹ ਲਗਦਾ ਹੈ ਕਿ ਇਸ ਸੋਚੇ ਸਮਝੇ ਬਿਆਨ ਨਾਲ ਜਾਂ ਸਾਵਰਕਰ ਥੋੜ੍ਹਾ 'ਕਲੀਨ' ਹੋ ਜਾਏਗਾ ਜਾਂ ਗਾਂਧੀ ਥੋੜ੍ਹਾ 'ਮਲੀਨ' ਹੋ ਜਾਏਗਾ। ਉਸਨੂੰ ਦੋਵੇਂ ਪਾਸੇ ਫਾਇਦਾ ਜਾਪਦਾ ਹੈ। ਭਾਜਪਾ ਦਾ ਪਹਿਲੀਆਂ ਸਰਕਾਰਾਂ ਨਾਲੋਂ ਸਪਸ਼ਟ ਫਰਕ ਹੈ ਕਿ ਇਹ ਆਪਣੇ ਆਪ ਨੂੰ ' ਹਿੰਦੂ ਗੌਰਵ ਦੀ ਰਾਖੀ' ਦੀ ਠੇਕੇਦਾਰ ਮੰਨਦੀ ਹੈ। ਸਮਾਜਵਾਦ, ਧਰਮ-ਨਿਰਪੱਖਤਾ, ਇਤਿਹਾਸ, ਮਿਥਿਹਾਸ ਤੇ ਵਿਗਿਆਨ ਬਾਰੇ ਇਸਦੀ ਪ੍ਰਚਾਰਕ ਮਸ਼ੀਨਰੀ ਦੇ ਫੈਲਾਏ ਸ਼ੋਰਦਾਰ ਝੂਠ ਨੇ ਵਿਚਾਰਧਾਰਕ ਲੜਾਈ ਦਾ ਮੈਦਾਨ ਵੀ ਖੋਲ੍ਹ ਦਿੱਤਾ ਹੈ। ਸੜਕੀ ਸੰਘਰਸ਼ ਦੇ ਨਾਲ-ਨਾਲ ਹੁਣ ਅਧਿਐਨ ਕਰਨ ਵਾਲੇ ਸਿਰਾਂ ਦੀ ਵੀ ਅਣਸਰਦੀ ਲੋੜ ਹੈ।

ਪਤੇ ਦੀ ਗੱਲ – "ਦੇਸ਼ ਦੀ ਬਰਬਾਦੀ ਦਾ ਹਰ ਉਹ ਸਖਸ਼ ਜਿੰਮੇਵਾਰ ਹੈ ਜੋ ਸਮਝਦਾ ਹੈ ਕਿ ਸਿੱਖਿਆ, ਸਿਹਤ ਤੇ ਰੁਜ਼ਗਾਰ ਤੋਂ ਵੱਧ ਉਸਦਾ ਧਰਮ ਮਹੱਤਵਪੂਰਣ ਹੈ।"

ਡਾ. ਸੁਧਾ ਰਣਜੀਤ ਦੀ ਜੀਵਨ ਘਾਲਣਾ ਨੂੰ ਸਲਾਮ




ਪ੍ਰਗਤੀਸ਼ੀਲ ਸਾਹਿਤਕਾਰ ਡਾ. ਰਣਜੀਤ ਦੀ ਜੀਵਨ-ਸਾਥਣ ਤੇ ਪ੍ਰਸਿੱਧ ਲੇਖਿਕਾ ਡਾ. ਸੁਧਾ ਰਣਜੀਤ 23 ਅਗਸਤ 2021 ਨੂੰ ਆਪਣਾ ਜੀਵਨ ਪੰਧ ਮੁਕਾ ਗਏ। ਡਾ. ਸੁਧਾ ਨੇ 'ਸੱਤਵੇਂ ਦਹਾਕੇ ਦੀ ਕਵਿਤਾ ਦਾ ਸ਼ਬਦ-ਵਿਧਾਨ', 'ਸਮਕਾਲੀ ਕਵਿਤਾ ਦੇ ਬਦਲਦੇ ਸਰੋਕਾਰ', 'ਲਲਿਤ ਉਤਸਵ' ਆਦਿ ਪੁਸਤਕਾਂ ਲਿਖ ਹਿੰਦੀ ਸਾਹਿਤ ਦੀ ਝੋਲੀ ਵਿੱਚ ਗਿਆਨ, ਆਲੋਚਨਾ ਤੇ ਚੇਤਨਾ ਦਾ ਸੀਰ ਪਾਇਆ।

ਉਹ ਭਾਰਤ ਦੇ 'ਨਾਸਤਿਕ-ਮਾਨਵਤਾਵਾਦੀ ਅੰਦੋਲਨ' ਦੇ ਇੱਕ ਸਰਗਰਮ/ਸੁਹਿਰਦ ਕਾਰਕੁੰਨ ਸਨ। ਉਨ੍ਹਾਂ ਅਕਤੂਬਰ 2019 ਵਿੱਚ ਬੀਕਾਨੇਰ ਵਿੱਚ ਹੋਏ ਉੱਤਰ-ਭਾਰਤ ਨਾਸਤਿਕ ਸੰਮੇਲਨ ਦੇ ਆਯੋਜਨ ਵਿੱਚ ਸਰਗਰਮ ਭੂਮਿਕਾ ਨਿਭਾਈ ਸੀ।

ਹਿੰਦੂ ਗਰਲਜ਼ ਕਾਲਜ, ਸੀਤਾਪੁਰ (ਉੱਤਰ-ਪ੍ਰਦੇਸ਼) ਤੋਂ ਹਿੰਦੀ ਦੇ ਰੀਡਰ, ਵਿਭਾਗ ਮੁਖੀ ਪਦ ਤੋਂ ਸੇਵਾ ਮੁਕਤ ਹੋਣ ਉਪਰੰਤ ਬੈਂਗਲੋਰ ਵਿੱਚ 2007 ਤੋਂ ਆਪਣੀ ਬੇਟੀ ਏਂਜਿਲਾ ਰਣਜੀਤ ਅਤੇ ਬੇਟੇ ਅਨੁਰਾਗ ਰਣਜੀਤ (ਦੋਵੇਂ ਆਈ.ਟੀ. ਪ੍ਰੋਫੈਸ਼ਨਲਜ਼) ਦਾ ਸੁਖਾਵਾਂ ਸਾਥ ਮਾਣ ਰਹੇ ਸਨ। ਡਾ. ਸੁਧਾ ਰਣਜੀਤ ਦੀ ਮਾਨਵਤਾ ਪ੍ਰਤੀ ਏਨੀ ਲਗਨ ਸੀ ਕਿ ਉਨ੍ਹਾਂ ਆਪਣੀਆਂ ਅੱਖਾਂ ਅਤੇ ਸਰੀਰ ਖੋਜ ਕਾਰਜਾਂ ਲਈ ਪ੍ਰਦਾਨ ਕੀਤਾ ਹੋਇਆ ਸੀ। ਉਹਨਾਂ ਦੇ ਇਸ ਫੈਸਲੇ ਅਨੁਸਾਰ ਪਰਿਵਾਰ ਵੱਲੋਂ ਉਹਨਾਂ ਦੀਆਂ ਅੱਖਾਂ ਬੈਂਗਲੋਰ ਦੇ ਡਾ. ਰਾਜ ਕੁਮਾਰ ਆਈ ਬੈਂਕ ਨੂੰ ਅਤੇ ਸਰੀਰ ਰਮੈਯਾ ਮੈਮੋਰੀਅਲ ਹਸਪਤਾਲ ਨੂੰ ਸੌਂਪ ਦਿੱਤਾ ਗਿਆ। ਵਿਗਿਆਨਕ ਚੇਤਨਾ ਦੇ ਪ੍ਰਚਾਰ ਪਾਸਾਰ ਲਈ ਪ੍ਰਤੀਬੱਧ ਡਾ. ਸੁਧਾ ਰਣਜੀਤ ਜਿਉਂਦੇ ਜੀਅ ਪੰਜਾਬ ਅਤੇ ਹਰਿਆਣਾ ਦੀਆਂ ਤਰਕਸ਼ੀਲ ਸੁਸਾਇਟੀਆਂ ਅਤੇ ਵਿਜੈਵਾੜਾ ਦੇ ਨਾਸਤਿਕ ਕੇਂਦਰ ਨੂੰ ਇੱਕ-ਇੱਕ ਲੱਖ ਦੀ ਆਰਥਿਕ ਸਹਾਇਤਾ ਦੇਣ ਦਾ ਫੈਸਲਾ ਵੀ ਕਰ ਗਏ ਸਨ। ਜਿਸਨੂੰ ਨੂੰ ਉਨ੍ਹਾਂ ਦਾ ਜੀਵਨ ਪੰਧ ਮੁੱਕਣ 'ਤੇ ਪਰਿਵਾਰ ਨੇ ਲਾਗੂ ਕੀਤਾ।

ਵਿਗਿਆਨਕ ਸੋਚ ਨੂੰ ਪ੍ਰਣਾਏ ਲੇਖਕ, ਆਲੋਚਕ ਤੇ ਪ੍ਰਤੀਬੱਧ ਚੇਤੰਨ/ਅਜੀਮ ਸਖਸੀਅਤ ਦੇ ਸਦਾ ਲਈ ਵਿਛੜ ਜਾਣ 'ਤੇ ਪਰਿਵਾਰ ਦੇ ਗਮ ਵਿੱਚ ਸ਼ਾਮਲ ਹੁੰਦੇ ਹੋਏ, **ਡਾ. ਸੁਧਾ ਰਣਜੀਤ ਜੀ ਦੀ ਜੀਵਨ ਘਾਲਣਾ ਨੂੰ ਸਲਾਮ ਕਰਦੇ ਹਾਂ।**

ਜਾਗਣ ਦਾ ਵੇਲਾ



ਸ਼ਹੀਦ ਊਧਮ ਸਿੰਘ

ਮੈਂ ਇੱਕ ਭਾਰਤੀ ਪੁੱਤਰ ਦੇ ਤੌਰ 'ਤੇ ਅਤੇ ਆਪਣੇ ਪਿੰਡ ਦੀ ਜ਼ਮੀਨ ਦੇ ਵਾਹਕ ਦੇ ਤੌਰ 'ਤੇ ਬ੍ਰਿਟਿਸ਼ ਰਾਜ ਨੂੰ ਇਉਂ ਦੇਖਦਾ ਹਾਂ, ਜਿਹੜਾ ਜਾਲਮਾਨਾ ਹੈ ਤੇ ਭਾਰਤੀ ਲੋਕਾਂ ਦੀ ਜ਼ਿੰਦਗੀ ਲਈ ਹਾਨੀਕਾਰਕ ਹੈ। ਵੱਡੇ ਜਿਮੀਂਦਾਰ ਜੋ ਭਾਰਤ ਦੇ ਅਸਲ ਮਾਲਕ ਹਨ, ਮੇਰੇ ਦੇਸ਼ ਦੇ ਜਰੂਰੀ ਉਦਯੋਗਾਂ ਦੇ ਮਾਲਕ ਹਨ। ਉਹਨਾਂ ਦਾ ਹੀ ਉਦਯੋਗਾਂ 'ਤੇ ਕਬਜਾ ਹੈ। ਇਹ ਆਪਣੀ ਲਾਲਸਾ ਤੇ ਲਾਲਚ ਲਈ ਮੇਰੇ ਦੇਸ਼ ਦੀ ਉੱਪਜ ਲੁੱਟ ਜਾਂਦੇ ਹਨ। ਸਾਡੇ ਕਾਮਿਆਂ ਨੂੰ ਜਿਉਣ ਦੇ ਹੱਕ ਤੋਂ ਵਾਂਝਾ ਕਰ ਦਿੰਦੇ ਹਨ। ਇਹ ਉਹਨਾਂ ਦੀ ਜਮੀਨੀ ਜਾਇਦਾਦ ਦਾ ਆਨੰਦ ਮਾਣਦੇ ਹਨ। ਇਹ ਮੇਰੇ ਤੇ ਮੇਰੇ ਦੇਸ਼ ਵਾਸੀਆਂ ਲਈ ਨਫ਼ਰਤ ਯੋਗ ਹੈ। ਇਹੀ ਭਾਰਤੀ ਹਾਕਮ ਭਾਰਤੀ ਲੋਕਾਂ ਦੀ ਲੁੱਟ ਖਸੁੱਟ ਦੇ ਨਤੀਜੇ ਵਜੋਂ ਆਪ ਸ਼ਾਹੀ ਠਾਠ ਦੀ ਜ਼ਿੰਦਗੀ ਜਿਉਂਦੇ ਹਨ। ਮੁਲਕ ਦੀ ਕਿਸੇ ਵੀ ਤਰੀਕੇ ਸਹਾਇਤਾ ਨਹੀਂ ਕਰਦੇ। ਉਦਾਹਰਣ ਵਜੋਂ ਸਕੂਲ ਬਣਾਉਣ ਜਾਂ ਮੇਰੇ ਲੋਕਾਂ ਵਿੱਚ ਵਿੱਦਿਆ ਦਾ ਪ੍ਰਸਾਰ ਕਰਨ 'ਚ। ਭਾਰਤੀ ਲੋਕਾਂ ਵੱਲੋਂ ਭਾਰਤ ਦੇ ਬਾਦਸ਼ਾਹ ਨੂੰ ਭੇਜੀਆਂ ਅਪੀਲਾਂ ਦਾ ਉਨ੍ਹਾਂ ਉੱਪਰ ਕੋਈ ਅਸਰ ਨਹੀਂ ਹੋਇਆ। ਹੁਣ ਸਮਾਂ ਆ ਗਿਆ ਹੈ ਕਿ ਭਾਰਤ ਦੇ ਲੋਕ ਇੱਕ ਜੁੱਟ ਹੋ ਕੇ ਉੱਠਣ ਤੇ ਇਨ੍ਹਾਂ ਅੰਗਰੇਜੀ ਸਾਮਰਾਜੀ ਗਿਰਝਾਂ ਨੂੰ ਨੋਚਣ ਕਿ ਹੁਣ ਉਹ ਲੰਬਾ ਸਮਾਂ ਸਾਡੇ ਲੋਕਾਂ ਦਾ ਖੂਨ ਨਹੀਂ ਚੂਸ ਸਕਣਗੇ ਅਤੇ ਨਾ ਹੀ ਮੇਰੀ ਪਿਆਰੀ ਭੂਮੀ ਦੇ ਲੋਕਾਂ ਨੂੰ ਉਸ ਤੋਂ ਵਾਂਝਾ ਕਰ ਸਕਣਗੇ। ਲੋਕ ਉਪਜ ਅਤੇ ਮੁਨਾਫ਼ੇ ਨੂੰ ਦੇਸ਼ ਦੇ ਲੋਕਾਂ ਦੀ ਭਲਾਈ ਲਈ ਬਿਨ੍ਹਾਂ ਜਮਾਤੀ ਜਾਂ ਨਸਲੀ ਵਿਤਕਰੇ ਤੋਂ ਵਰਤ ਸਕਣਗੇ।

ਜਨਮ 26 ਦਸੰਬਰ, 1899

ਮੌਜੂਦਾ ਕਿਸਾਨੀ ਸੰਘਰਸ਼ ਨੂੰ ਸਮਰਪਿਤ

ਚੌਥੀ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ 2021

ਆਰਥਿਕ ਸਹਿਯੋਗ ਲਈ ਸਨਿਮਰ ਅਪੀਲ

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਪਿਛਲੇ ਕੁੱਝ ਸਾਲਾਂ ਤੋਂ ਪੰਜਾਬ ਪੱਧਰ 'ਤੇ ਇਕ ਨਿਸਚਤ ਪਾਠਕ੍ਰਮ ਅਧੀਨ ਮਿਡਲ ਅਤੇ ਸੈਕੰਡਰੀ ਪੱਧਰ ਦੇ ਵਿਦਿਆਰਥੀਆਂ ਦੀ ਚੇਤਨਾ ਪਰਖ ਪ੍ਰੀਖਿਆ ਕਰਵਾਉਣ ਦਾ ਉੱਦਮ ਸ਼ੁਰੂ ਕੀਤਾ ਹੋਇਆ ਹੈ। ਪਿਛਲੇ ਸਾਲ ਭਾਵੇਂ ਸਕੂਲ ਬੰਦ ਹੋਣ ਕਾਰਨ ਇਹ ਪ੍ਰੀਖਿਆ ਨਹੀਂ ਕਰਵਾਈ ਜਾ ਸਕੀ, ਪਰ ਉਸ ਤੋਂ ਪਹਿਲੀ ਭਾਵ 2019 ਦੀ ਪ੍ਰੀਖਿਆ ਵਿਚ ਲਗਭਗ 22000 ਵਿਦਿਆਰਥੀਆਂ ਨੇ ਭਾਗ ਲਿਆ ਸੀ। ਇਸ ਵਰ੍ਹੇ ਦੀ ਪ੍ਰੀਖਿਆ 19/20 ਦਸੰਬਰ 2021 ਨੂੰ ਕਰਵਾਈ ਜਾ ਰਹੀ ਹੈ।

ਇਸ ਲਈ ਭਾਵੇਂ ਨਿਰਧਾਰਤ ਕਿਤਾਬਾਂ ਅਸੀਂ ਘੱਟ ਤੋਂ ਘੱਟ ਕੀਮਤ 'ਤੇ ਵਿਦਿਆਰਥੀਆਂ ਵਿਚ ਪਹੁੰਚਾਉਣ ਦਾ ਯਤਨ ਕਰ ਰਹੇ ਹਾਂ, ਪਰ ਇਸ ਬਾਰ ਵੀ ਅਤੇ ਭਵਿੱਖ ਵਿਚ ਵੀ ਇਹਨਾਂ ਕਿਤਾਬਾਂ ਨੂੰ ਕੀਮਤ-ਰਹਿਤ ਭਾਵ ਮੁਫ਼ਤ ਕਰਨ ਲਈ ਸਾਨੂੰ ਸਮਾਜ ਦੇ ਉਹਨਾਂ ਸੁਹਿਰਦ ਹਿੱਸਿਆਂ / ਵਿਅਕਤੀਆਂ, ਵਿਦੇਸ਼ਾਂ 'ਚ ਬੈਠੇ ਹਮਦਰਦਾਂ, ਸਮਾਜਿਕ ਸੰਸਥਾਵਾਂ, ਜਥੇਬੰਦੀਆਂ ਆਦਿ, ਜੋ ਸਮਾਜ ਵਿਚ ਵਿਗਿਆਨਕ ਸੋਚ ਦਾ ਪ੍ਰਚਾਰ/ਪ੍ਰਸਾਰ ਹੋਰ ਵਿਕਸਤ ਹੁੰਦਾ ਵੇਖਣਾ ਚਾਹੁੰਦੇ ਹਨ, ਦੇ ਖੁੱਲ-ਮਨੇ ਆਰਥਿਕ ਸਹਿਯੋਗ ਦੀ ਲੋੜ ਹੈ ਤਾਂ ਜੋ ਪ੍ਰੀਖਿਆ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਹਜ਼ਾਰਾਂ 'ਚੋਂ ਕੱਢ ਕੇ ਲੱਖਾਂ 'ਚ ਲਿਜਾਈ ਜਾ ਸਕੇ।

ਵਿਗਿਆਨਕ ਚੇਤਨਾ ਦੇ ਇਸ ਵੱਡੇ/ਅਹਿਮ ਕਾਰਜ ਨੂੰ ਪੂਰਾ ਕਰਨ, ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਵਿਗਿਆਨਕ ਵਿਚਾਰਾਂ ਦੇ ਰੂ-ਬ-ਰੂ ਕਰਨ, ਉਹਨਾਂ ਦੀ ਹੌਸਲਾ ਅਫ਼ਜਾਈ ਕਰਨ ਲਈ ਵੱਧ ਤੋਂ ਵੱਧ ਆਰਥਿਕ ਸਹਿਯੋਗ ਦੇਣ ਦੀ ਸਨਿਮਰ ਅਪੀਲ ਹੈ। ਸੂਬਾ ਪੱਧਰ 'ਤੇ ਵਿਲੱਖਣ ਵਿਦਿਆਰਥੀ ਸਨਮਾਨ ਸਮਾਰੋਹ ਵਿੱਚ ਜਿੱਥੇ ਅਗਲੇ ਸਥਾਨਾਂ ਵਾਲੇ ਵਿਦਿਆਰਥੀਆਂ ਨੂੰ ਨਕਦ ਰਾਸ਼ੀ, ਕਿਤਾਬਾਂ ਦੇ ਸੈੱਟਾਂ, ਸਨਮਾਨ-ਪੱਤਰਾਂ ਨਾਲ ਸਨਮਾਨਤ ਕੀਤਾ ਜਾਂਦਾ ਹੈ, ਉੱਥੇ ਜ਼ੋਨ, ਇਕਾਈ ਪੱਧਰ 'ਤੇ ਵੀ ਅਜਿਹੇ ਆਯੋਜਨ ਕਰਕੇ ਹਜ਼ਾਰਾਂ ਵਿਦਿਆਰਥੀਆਂ ਨੂੰ ਹੱਲਾ-ਸ਼ੇਰੀ ਦਿੱਤੀ ਜਾਂਦੀ ਹੈ। ਇਸ ਲਈ ਸੂਬਾ ਕਮੇਟੀ ਵੱਲੋਂ ਵੱਧ ਤੋਂ ਵੱਧ ਆਰਥਿਕ ਸਹਿਯੋਗ ਕਰਨ ਦੀ ਪੁਰਜ਼ੋਰ ਅਪੀਲ ਕੀਤੀ ਜਾਂਦੀ ਹੈ।

ਨੋਟ : ਇਹ ਸਹਾਇਤਾ ਜਿੱਥੇ ਸੁਸਾਇਟੀ ਦੀ ਸੂਬਾ ਕਮੇਟੀ ਤੱਕ ਨਕਦ ਪਹੁੰਚਾਈ ਜਾ ਸਕਦੀ ਹੈ, ਉੱਥੇ ਨਾਲ ਹੀ ਆਨ ਲਾਈਨ ਵੀ ਭੇਜੀ ਜਾ ਸਕਦੀ ਹੈ। ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ). ਦਾ ਬੈਂਕ ਖਾਤਾ ਨੰ. 0044000 10028 2234 (IFSC : PUNB 0004400) ਹੈ। ਬੈਂਕ ਖਾਤੇ 'ਚ ਸਹਾਇਤਾ ਪਾਉਣ ਉਪਰੰਤ ਉਸਦਾ ਸਕਰੀਨ ਸ਼ਾਟ ਇਸ ਨੰਬਰ 'ਤੇ ਜ਼ਰੂਰ ਭੇਜਿਆ ਜਾਵੇ ਜਾਂ ਫੋਨ ਕਰਕੇ ਸੂਚਿਤ ਕੀਤਾ ਜਾਵੇ :

ਰਾਜੇਸ਼ ਕੁਮਾਰ (ਸੂਬਾ ਵਿਤ ਮੁਖੀ) ਫੋਨ ਨੰਬਰ. 98156-70725

ਪ੍ਰੀਖਿਆ ਸਬੰਧੀ ਕਿਸੇ ਵੀ ਤਰ੍ਹਾਂ ਦੇ ਹੋਰ ਸੰਪਰਕ ਲਈ ਫ਼ੋਨ ਨੰਬਰ :

ਹੇਮ ਰਾਜ ਸਟੈਨੋ (ਸੂਬਾ ਜਥੇਬੰਦਕ ਮੁਖੀ)
98769-53561

ਰਜਿੰਦਰ ਭਦੌੜ (ਸੂਬਾ ਮੁਖੀ ਵਿਦਿਆਰਥੀ ਚੇਤਨਾ ਵਿਭਾਗ)
98728-74620

ਵੱਲੋਂ : ਸੂਬਾ ਕਮੇਟੀ, ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)

If undelivered please return to :
Tarksheel
Tarksheel Bhawan, Tarksheel Chowk,
Sanghera By Pass, BARNALA-148101
Post Box No. 55
Ph. 01679-241466, Cell. 98769 53561
Web : www.tarksheel.org
e-mail : tarkshiloffice@gmail.com

BOOK POST
(Printed Matter)

To ....
....
....